

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 23

September 13, 2017

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





9/11 ਦੇ ਦੁਖਾਂਤ ਨੂੰ ਯਾਦ ਕਰਦਿਆਂ ਇਸ ਦਹਿਸ਼ਤਗਰਦ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਅਦਾਰਾ 'ਦੇਸ਼ ਦੁਆਬਾ' ਸ਼ਰਧਾਂਜਲੀ ਭੇਂਟ ਕਰਦਾ ਹੈ।

## ਗੁਰਦਾਸਪੁਰ ਉਪ ਚੋਣ 11 ਅਕਤੂਬਰ ਨੂੰ ਹੋਵੇਗੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ 11 ਅਕਤੂਬਰ ਨੂੰ ਪੈਣਗੀਆਂ। ਫ਼ਿਲਮ ਅਦਾਕਾਰ ਵਿਨੋਦ ਖੰਨਾ ਦੀ ਮੌਤ ਕਾਰਨ ਇਸ ਹਲਕੇ ਦੀ ਚੋਣ ਕਰਾਈ ਜਾ ਰਹੀ ਹੈ। ਚੋਣ ਕਮਿਸ਼ਨ ਨੇ ਅੱਜ ਇਸ ਹਲਕੇ ਲਈ ਵੋਟਾਂ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਭਾਵੇਂ ਉਮੀਦਵਾਰਾਂ ਦੇ ਨਾਮ ਅਜੇ ਤੈਅ ਨਹੀਂ ਕੀਤੇ, ਪਰ ਨਾਮਜ਼ਦਗੀ ਦਾਖਲ ਕਰਨ ਦਾ ਅਮਲ 15 ਸਤੰਬਰ ਤੋਂ ਆਰੰਭ ਹੋ ਜਾਵੇਗਾ। 22 ਸਤੰਬਰ ਤੱਕ ਕਾਗਜ਼ ਦਾਖਲ ਕੀਤੇ ਜਾ ਸਕਣਗੇ ਅਤੇ ਨਤੀਜਾ 15 ਅਕਤੂਬਰ ਨੂੰ ਐਲਾਨਿਆ ਆਵੇਗਾ। ਚੋਣ ਦਾ ਐਲਾਨ ਹੁੰਦਿਆਂ ਹੀ ਗੁਰਦਾਸਪੁਰ ਜ਼ਿਲ੍ਹੇ 'ਚ ਚੋਣ ਜ਼ਾਬਤਾ ਲੱਗ ਗਿਆ ਹੈ। ਇਸ ਸੰਸਦੀ ਹਲਕੇ ਤੋਂ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦਰਮਿਆਨ ਤਿਕੋਣੀ ਟੱਕਰ ਹੋਣ ਦੇ ਆਸਾਰ ਹਨ। ਭਾਜਪਾ ਵੱਲੋਂ ਮਰਹੂਮ ਵਿਨੋਦ ਖੰਨਾ ਦੀ ਪਤਨੀ ਸ੍ਰੀਮਤੀ ਕਵਿਤਾ ਖੰਨਾ, ਸੀਨੀਅਰ ਆਗੂ ਅਵਿਨਾਸ਼ ਖੰਨਾ, ਸਾਬਕਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਸਵਰਨ ਸਲਾਰੀਆ ਦਾਅਵੇਦਾਰਾਂ ਵਿੱਚ ਸ਼ਾਮਲ ਹਨ। ਕਾਂਗਰਸ ਦੇ ਸਥਾਨਕ ਆਗੂਆਂ ਅਤੇ ਵਿਧਾਇਕਾਂ ਵੱਲੋਂ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਟਿਕਟ ਦੇਣ 'ਤੇ ਜ਼ੋਰ ਪਾਇਆ ਜਾ ਰਿਹਾ ਹੈ। ਜਦੋਂ ਕਿ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਪਤਨੀ ਸ੍ਰੀਮਤੀ ਚਰਨਜੀਤ ਕੌਰ ਬਾਜਵਾ ਸਮੇਤ ਅੱਧੀ ਦਰਜਨ ਤੋਂ ਵੱਧ ਸਥਾਨਕ ਆਗੂ ਟਿਕਟ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕਰ ਰਹੇ ਹਨ। ਉਧਰ ਆਮ ਆਦਮੀ ਪਾਰਟੀ ਨੇ ਅਜੇ ਤੱਕ ਪੱਤੇ ਨਹੀਂ ਖੋਲ੍ਹੇ, ਪਰ ਪਾਰਟੀ ਨੇ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ।




ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਗੂਆਂ ਨੇ ਵੀ ਸਰਗਮੀਆਂ ਵਿੱਢੀਆਂ ਹੋਈਆਂ ਹਨ।

**(ਬਾਕੀ ਸਫਾ 3 ਤੇ)**

## ਅਮਰੀਕਾ ਨੂੰ ਡਰਾਇਆ ਨਹੀ ਜਾ ਸਕਦਾ- ਟਰੰਪ



**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ 9/11 ਅੱਤਵਾਦੀ ਹਮਲੇ ਦੀ ਬਰਸੀ 'ਤੇ ਸੰਕਲਪ ਲੈਂਦੇ ਹੋਏ ਕਿਹਾ ਕਿ ਅਮਰੀਕਾ ਨੂੰ ਡਰਾਇਆ ਨਹੀਂ ਜਾ ਸਕਦਾ। ਇਸ ਮੌਕੇ ਉਨ੍ਹਾਂ ਨੇ ਦੁਨੀਆ ਦੇ ਹਰ ਹਿੱਸੇ 'ਚ ਮੌਜੂਦ ਅੱਤਵਾਦੀਆਂ ਦੀ ਪਨਾਹਗਾਹਾਂ ਨੂੰ ਤਬਾਹ ਕਰਨ ਦਾ ਸੰਕਲਪ ਲਿਆ। 16 ਸਾਲ ਪਹਿਲਾਂ ਅਮਰੀਕਾ 'ਚ ਹੋਏ ਹੁਣ ਤੱਕ ਦੇ ਸਭ ਤੋਂ ਭਿਆਨਕ ਹਮਲੇ 'ਚ ਤਕਰੀਬਨ 3,000 ਲੋਕਾਂ ਦੀ ਮੌਤ

**(ਬਾਕੀ ਸਫਾ 10 ਤੇ)**

## ਉਤਰੀ ਕੋਰੀਆ ਸ਼ਾਂਤੀ ਨਾਲ ਰਹੇਗਾ ਤਾਂ ਜੰਗ ਤੋਂ ਬਚਿਆ ਰਹੇਗਾ



**ਸੰਯੁਕਤ ਰਾਸ਼ਟਰ–** ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਨਿੱਕੀ ਹੈਲੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਉੱਤਰੀ ਕੋਰੀਆ ਵਿਰੁੱਧ ਜੰਗ ਛੇੜਨ ਦੀ ਯੋਜਨਾ ਨਹੀਂ ਬਣਾ ਰਿਹਾ ਹੈ। ਇਸ ਦੇ ਪਿੱਛੇ ਦਾ ਕਾਰਨ ਹੈਲੀ ਨੇ ਦੱਸਿਆ ਕਿ ਉੱਤਰੀ ਕੋ-ਰੀਆ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਅਜੇ ਤੱਕ ਅਜਿਹੇ ਮੋੜ 'ਤੇ ਨਹੀਂ ਪਹੁੰਚਿਆ ਹੈ, ਜਿੱਥੋਂ ਵਾਪਸੀ ਸੰਭਵ ਨਾ ਹੋ ਸਕੇ। ਹੈਲੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ 'ਚ ਉੱਤਰੀ ਕੋਰੀਆ ਵਿਰੁੱਧ ਨਵੀਂਆਂ ਪਾਬੰਦੀਆਂ ਲਾਉਣ ਦੀ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਕਿਹਾ ਕਿ ਜੇਕਰ ਉੱਤਰੀ ਕੋਰੀਆ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਬੰਦ ਕਰਨ ਲਈ ਤਿਆਰ ਹੋ ਜਾਂਦਾ ਹੈ ਤਾਂ ਉਹ ਆਪਣਾ

**(ਬਾਕੀ ਸਫਾ 10 ਤੇ)**

## ਭਾਰਤੀ ਮੂਲ ਦੀ ਅਮਰੀਕੀ ਵਕੀਲ ਮਨੀਸ਼ਾ ਸਿੰਘ ਨੂੰ ਅਹਿਮ ਅਹੁਦਾ ਮਿਲਿਆ



**ਵਾਸ਼ਿੰਗਟਨ–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੀ ਅਮਰੀਕੀ ਵਕੀਲ ਮਨੀਸ਼ਾ ਸਿੰਘ ਨੂੰ ਆਰਥਿਕ ਕੂਟਨੀਤੀ ਦਾ ਮੁਖੀ ਬਣਾਉਂਦੇ ਹੋਏ ਵਿਦੇਸ਼ ਮੰਤਰਾਲੇ ਵਿਚ ਇਕ ਮਹੱਤਵਪੂਰਨ ਪ੍ਰਸ਼ਾਸਨਕ ਅਹੁਦੇ ਲਈ ਨਾਮਜ਼ਦ ਕੀਤਾ ਹੈ। ਫਲੋਰੀਡਾ ਦੀ ਮਨੀਸ਼ਾ ਸਿੰਘ ਅਜੇ ਮੁੱਖ ਕੌਂਸਲ ਅਤੇ ਸੈਨੇਟਰ ਡੈਨ ਸੁਲੀਵਨ ਦੀ ਸੀਨੀਅਰ ਨੀਤੀ ਸਲਾਹਕਾਰ ਹੈ। ਜੇਕਰ ਸੈਨੇਟ ਵਿਚ ਉਨ੍ਹਾਂ ਦੇ ਨਾਂ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਉਹ ਆਰਥਿਕ ਮਾਮਲਿਆਂ ਦੀ ਸਹਾਇਕ ਵਿਦੇਸ਼ ਮੰਤਰੀ ਦੇ ਤੌਰ 'ਤੇ ਚਾਲਰਸ ਰਿਵਕਿਨ ਦੀ ਥਾਂ ਲਵੇਗੀ। ਉਨ੍ਹਾਂ ਦੀ ਨਾਮਜ਼ਦਗੀ ਕੱਲ ਸੈਨੇਟ ਨੂੰ ਭੇਜੀ ਗਈ। ਰਿਵਕਿਨ ਨੇ ਜਨਵਰੀ ਵਿਚ ਟਰੰਪ ਦੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਦੇ ਤੌਰ 'ਤੇ ਸਹੁੰ ਚੁੱਕਣ ਤੋਂ ਬਾਅਦ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਇਹ ਅਹੁਦਾ ਖਾਲੀ ਸੀ। ਮਨੀਸ਼ਾ ਬਿਊਰੋ ਆਫ ਇਕੋਨਾਮਿਕ, ਐਨਰਜ਼ੀ ਐਂਡ ਬਿਜ਼ਨੈੱਸ ਅਫੇਅਰਸ ਵਿਚ ਸਾਬਕਾ ਸਹਾਇਕ ਵਿਦੇਸ਼ ਮੰਤਰੀ ਰਹਿ ਚੁੱਕੀ ਹੈ ਅਤੇ ਸੈਨੇਟ ਦੇ ਵਿਦੇਸ਼ ਸੰਬੰਧਾਂ ਦੀ ਕਮੇਟੀ ਵਿਚ ਸੀਨੀਅਰ ਸਹਾਇਕ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਦੇ ਚੁੱਕੀ ਹੈ। ਮਨੀਸ਼ਾ ਸਿੰਘ ਨੇ ਕਈ ਬਹੁ-ਰਾਸ਼ਟਰੀ ਕਾਨੂੰਨੀ ਕੰਪਨੀਆਂ ਵਿਚ ਵੀ ਕੰਮ ਕੀਤਾ ਹੈ। ਉਨ੍ਹਾਂ ਨੇ ਅਮਰੀਕਨ ਯੂਨੀਵਰਸਿਟੀ ਵਾਸ਼ਿੰਗਟਨ ਕਾਲਜ ਆਫ ਲਾਅ ਤੋਂ ਕੌਮਾਂਤਰੀ ਕਾਨੂੰਨ ਅਧਿਐਨ ਵਿਚ ਐੱਲ. ਐੱਲ. ਐੱਮ. ਦੀ ਡਿਗਰੀ ਹਾਸਲ ਕੀਤੀ, ਯੂਨੀਵਰਸਿਟੀ ਆਫ ਫਲੋਰੀਡਾ ਕਾਲਜ ਆਫ ਲਾਅ ਤੋਂ ਜੇ. ਡੀ. ਅਤੇ 19 ਸਾਲ ਦੀ ਉਮਰ 'ਚ ਯੂਨੀਵਰਸਿਟੀ ਆਫ ਮਿਆਮੀ ਤੋਂ ਬੀ. ਏ. ਕੀਤੀ। ਉਨ੍ਹਾਂ ਨੇ ਨੀਂਦਰਲੈਂਡ ਵਿਚ ਯੂਨੀਵਰਸਿਟੀ ਆਫ ਲੀਡੇਨ ਲਾਅ ਸਕੂਲ ਤੋਂ ਵੀ ਪੜ੍ਹਾਈ ਕੀਤੀ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)





BERKSHIRE HATHAWAY Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com

7412 Elsie Ave., Sacramento, CA 95828



SINCE 1996

BAGGA JEWELERS

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823

Sandeep Jony Bagga



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RE/MAX

Shaan Nijjar

(916) 751-8852 Realtor® CalBRE 01980198

Shaan.Realtor@gmail.com www.SellSacValley.com

Office : (916) 681-5112 Fax : (916) 721-2373

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



Buy/ Sell Real Estate Residential or Commercial



Amrik Chand (CPA)

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

# ਇੰਟਰਨੈਸ਼ਨਲ ਕਬੱਡੀ ਕੱਪ 2017



## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

**Sikh Temple, 7676 Bradshaw Road, Sacramento, 95829**

**ਦੀਆਂ ਖੇਡ ਗਰਾਊਂਡਾਂ ਵਿਚ**

## 1 ਅਕਤੂਬਰ ਦਿਨ ਐਤਵਾਰ



**ਵਾਲੀਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਹੈਪੀ ਔਲਖ - 510-377-8306, ਪਰਮਜੀਤ ਲਾਡਾ -916-919-2769 ਅਤੇ ਗੁਰਨਾਮ ਸਿੰਘ ਗਰੇਵਾਲ - 916-275-8936 ਨੂੰ ਕਾਲ ਕਰੋ।



**ਬਾਸਕਟਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਪਾਲ ਵਰਿਆਨਾ -916-606-0142, ਹਰਦੀਪ ਢੀਂਡਸਾ-916-612-9262, ਮੱਖਣ ਵਿਰਕ - 916-996-5573 ਨੂੰ ਕਾਲ ਕਰੋ।



**ਟੂਰਨਾਮੈਂਟ ਲਈ ਰੈਫਰੀ ਟੋਰਾਂਟੋ 'ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਹਨ।**

**ਪਹਿਲਾ ਇਨਾਮ :$15000**

ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ



**ਦੂਸਰਾ ਇਨਾਮ :$14000**

ਸੈਂਟਰ ਵੈਲੀ ਸਪੋਰਟਸ ਕਲੱਬ, ਮੋਡੇਸਟੋ।

ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

» ਸਕਿਓਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।

ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।

**ਕੁਮੈਂਟਰੀ**



ਆਸ਼ਾ ਸ਼ਰਮਾ | ਰਾਜਵਿੰਦਰ ਸਿੰਘ ਰੰਡਿਆਲਾ | ਇਕਬਾਲ ਗਾਲਿਬ | ਸੁਖਵਿੰਦਰ ਸੰਘੇੜਾ

**Live Kabaddi.com ਅਤੇ ALFA ETC Dish Channel 735 'ਤੇ ਕਬੱਡੀ ਦਾ ਸਿੱਧਾ ਪ੍ਰਸਾਰਨ ਹੋਵੇਗਾ।**

ਇਹ ਟੂਰਨਾਮੈਂਟ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੇ ਸਹਿਯੋਗ ਨਾਲ ਹੋਵੇਗਾ ਅਤੇ ਫੈਡਰੇਸ਼ਨ ਦੇ ਸਾਰੇ ਰੂਲ ਲਾਗੂ ਹੋਣਗੇ।

ਜਾਰੀ ਕਰਤਾ

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

**Sikh Temple, 7676 Bradshaw Road, Sacramento, 95829**

ਪ੍ਰਗਟ ਸਿੰਘ ਸੰਧੂ : 209-810-5667, ਗੁਰਮੀਤ ਸਿੰਘ ਵੜੈਚ : 916-240-0369, ਨਿੰਦੀ ਬਾਂਸੀ : 916-813-1442, ਧੀਰਾ ਨਿੱਝਰ : 916-416-9527

# ਅੰਤਰਰਾਸ਼ਟਰੀ ਕਬੱਡੀ ਖਿਡਾਰੀ ਪਹੁੰਚੇ ਕੈਲੇਫੋਰਨੀਆਂ

## 13ਵੇਂ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧ ਮੁਕੰਮਲ, ਦਰਸ਼ਕਾਂ ਹੁੰਮ ਹੁਮਾ ਕੇ ਪਹੁੰਚਣ, ਅਮੋਲਕ ਸਿੰਘ ਗਾਖਲ

**ਸਾਨ ਫਰਾਂਸਿਸਕੋ (ਬਿਓਰੋ)–** ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ 17 ਸਤੰਬਰ ਦਿਨ ਐਤਵਾਰ ਨੂੰ 1800 H Logan 8igh School Union city ਵਿਖੇ ਹੋਣ ਵਾਲੇ 13ਵੇਂ ਵਿਸ਼ਵ ਕਬੱਡੀ ਕੱਪ ਵਿਚ ਕਬੱਡੀ ਦੇ ਜੌਹਰ ਦਿਖਾਉਣ ਲਈ ਵਿਸ਼ਵ ਦੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕੈਲੇਫੋਰਨੀਆਂ ਪਹੁੰਚ ਗਏ ਹਨ। ਕਲੱਬ ਦੇ ਸਰਪ੍ਰਸਤ ਸ੍ਰ. ਅਮੋਲਕ ਸਿੰਘ ਗਾਖਲ ਨੇ ਇਸ ਕਬੱਡੀ ਕੱਪ 'ਚ ਸਹਿਯੋਗ ਦੇਣ ਲਈ ਆਪਣੇ ਸਪਾਂਸਰਾਂ ਅਤੇ ਕਬੱਡੀ ਦੇ ਹਮਦਰਦ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਤਿਹਾਸ ਰਚਣ ਜਾ ਰਿਹਾ ਇਹ ਵਿਸ਼ਵ ਕਬੱਡੀ ਕੱਪ ਉਹਨਾਂ ਦੇ ਸਹਿਯੋਗ ਨਾਲ ਹੀ ਕਬੱਡੀ ਖੇਤਰ ਦਾ ਇਕ ਅਹਿਮ ਹਿੱਸਾ ਬਣੇਗਾ। ਸ੍ਰ. ਗਾਖਲ ਨੇ ਹੋਰ ਕਿਹਾ ਇਸ ਖੇਡ ਮੇਲੇ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਇਸ ਵਾਰ ਦਰਸ਼ਕਾਂ ਸਮੇਤ ਕਿਸੇ ਨੂੰ ਵੀ ਕੋਈ ਅਸੁਵਿਧਾ ਨਾ ਹੋਵੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ, ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਰਹੇਗਾ। ਉਹਨਾਂ ਦੱਸਿਆ ਕਿ ਇਸ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਉੱਘੇ ਕਬੱਡੀ ਪ੍ਰੋਮੋਟਰ ਸ੍ਰ. ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਜਦੋਂ ਕਿ ਮੁੱਖ ਮਹਿਮਾਨ ਵਜੋਂ ਸਾਬਕਾ ਕਬੱਡੀ ਖਿਡਾਰੀ ਮੱਖਣ ਸਿੰਘ ਧਾਲੀਵਾਲ ਸ਼ਿਰਕਤ ਕਰਨਗੇ। ਇਹ ਸਮੁੱਚਾ ਖੇਡ ਮੇਲਾ ਯੂਨਾਈਟਡ ਸਪੋਰਟਸ ਕਲੱਬ ਦੇ ਕੋਚ ਮਰਹੂਮ ਪਰਮਜੀਤ ਸਿੰਘ ਪੰਮੀ ਨੂੰ ਸਮਰਪਿਤ ਹੋਵੇਗਾ। ਜਿੱਥੇ ਇਸ ਖੇਡ ਮੇਲੇ ਵਿਚ ਵੱਡੀਆਂ ਕਲੱਬਾਂ ਫਸਵੇਂ ਤੇ ਦਿਲਕਸ਼ ਮੈਚਾਂ ਨੂੰ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣਾਉਣਗੀਆਂ ਉੱਥੇ ਪਹਿਲੀ ਵਾਰ ਹੈ ਕਿ ਅੰਡਰ-25 ਵਰਗ ਵਿਚ ਕਬੱਡੀ ਪ੍ਰਤੀ ਉਤਸ਼ਾਹਿਤ ਹੋਏ ਨਵੇਂ ਨੌਜਵਾਨਾਂ ਨੂੰ ਵੀ ਆਪਣੇ ਜੋਰ ਅਤੇ ਜੁੱਸੇ ਦਾ ਪ੍ਰਦਰਸ਼ਨ ਕਰਨ ਦਾ ਖੁੱਲਾ ਮੌਕਾ ਮਿਲੇਗਾ। ਉਹਨਾਂ ਇਸ ਵਰਗ ਦੇ ਕੋਚ ਅਤੇ ਮੈਨੇਜਰਾਂ ਨੂੰ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕਲੱਬ ਦੇ ਫੈਸਲੇ ਅਨੁਸਾਰ ਅੰਤਰਰਾਸ਼ਟਰੀ ਜਾਂ ਆਲ ਓਪਨ ਵਰਗ ਵਿਚ ਖੇਡਣ ਵਾਲੇ ਖਿਡਾਰੀਆਂ ਨੂੰ ਅੰਡਰ-25 ਵਰਗ ਵਿਚ ਖੇਡਣ ਦੀ ਮਨਾਹੀ ਹੋਵੇਗੀ, ਇਸ ਲਈ ਉਹ ਇਸ ਨਿਯਮ ਦਾ ਖਾਸ ਖਿਆਲ ਰੱਖਣ। ਕਬੱਡੀ ਦੇ ਅੰਤਰਰਾਸ਼ਟਰੀ ਨਿਯਮਾਂ ਨੂੰ ਲਾਗੂ ਕਰਨ ਲਈ ਕਲੱਬ ਵਚਨਬੱਧ ਹੈ ਫਿਰ ਵੀ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਯੂਨਾਈਟਡ ਸਪੋਰਟਸ ਕਲੱਬ ਨੂੰ ਹੀ ਹੋਵੇਗਾ।


ਅਮੋਲਕ ਸਿੰਘ ਗਾਖਲ


ਮੱਖਣ ਸਿੰਘ ਬੈਂਸ

ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਖੇ ਹੋਈ ਚੇਅਰਮੈਨ ਸ੍ਰ. ਮੱਖਣ ਸਿੰਘ ਬੈਂਸ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖ਼ਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਹਨਾ ਸਾਰੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਅਤੇ ਸਮੂਹ ਕਲੱਬਾਂ ਅਤੇ ਖਿਡਾਰੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਹਾਜ਼ਰੀ ਸਵੇਰੇ 9 ਵਜੇ ਯਕੀਨੀ ਬਣਾਉਣ ਤਾਂ ਕਿ ਉਹਨਾਂ ਦੀ ਟੀਮਾਂ ਮਾਰਚ ਪਾਸਟ ਵਿਚ ਹਿੱਸਾ ਲੈ ਸਕਣ।

ਸ੍ਰ. ਇਕਬਾਲ ਸਿੰਘ ਗਾਖਲ ਨੇ ਦੱਸਿਆ ਕਿ ਬਾਹਰੋਂ ਆਉਣ ਵਾਲੇ ਵਿਸ਼ੇਸ਼ ਮਹਿਮਾਨਾਂ ਅਤੇ ਇਸ ਖੇਡ ਮੇਲੇ ਦੇ ਸਮਰੱਥਕਾਂ ਅਤੇ ਸਹਿਯੋਗੀਆਂ ਦੇ ਸਵਾਗਤ ਲਈ ਇਕ ਵੱਖਰੀ ਕਮੇਟੀ ਦਾ ਵੀ ਗਠਨ ਕਰ ਦਿੱਤਾ ਗਿਆ ਹੈ। ਇਸ ਮੀਟਿੰਗ ਵਿਚ ਜੁਗਰਾਜ ਸਿੰਘ ਸਹੋਤਾ, ਬਲਵੀਰ ਸਿੰਘ ਭਾਟੀਆ, ਸਾਧੂ ਸਿੰਘ ਖਲੌਰ, ਨੱਥਾ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਐਸ ਅਸ਼ੋਕ ਭੌਰਾ, ਨਰਿੰਦਰ ਸਿੰਘ ਸਹੋਤਾ ਅਤੇ ਬਲਵੀਰ ਭਾਟੀਆ ਸ਼ਾਮਿਲ ਹੋਏ। ਸ੍ਰ. ਗਾਖਲ ਨੇ ਇਕ ਵਾਰ ਫਿਰ ਦਰਸ਼ਕਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਹ ਆਪਣੇ ਰੁਝੇਵਿਆਂ ਭਰੇ ਜੀਵਨ ਵਿਚੋਂ ਇਹ 17 ਸਤੰਬਰ ਦਾ ਦਿਨ ਮਾਂ ਖੇਡ ਕਬੱਡੀ ਦੇ ਲੇਖੇ ਲਾਉਣ ਤਾਂ ਕਿ ਪੰਜਾਬੀਆਂ ਦੀ ਪਛਾਣ ਵਾਲੀ ਇਸ ਖੇਡ ਨੂੰ ਦੁਨੀਆਂ ਭਰ ਵਿਚ ਹੋਰ ਮਾਣ ਸਤਿਕਾਰ ਦੁਆਇਆ ਜਾ ਸਕੇ। ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ, ਮੱਖਣ ਅਲੀ, ਸੁਰਜੀਤ ਕਕਰਾਲਾ, ਯੋਧਵੀਰ ਸਿੰਘ ਅਤੇ ਆਸ਼ਾ ਸ਼ਰਮਾ ਕੁਮੈਂਟਰੀ ਦੀ ਸੇਵਾ ਨਿਭਾਉਣਗੇ। ਵਿਸ਼ਵ ਕੱਪ ਦਾ ਸਮੁੱਚਾ ਸੰਚਾਲਨ ਮੀਡੀਆ ਇੰਚਾਰਜ ਐਸ ਅਸ਼ੋਕ ਭੌਰਾ ਕਰਨਗੇ। ਵਿਸ਼ਵ ਕਬੱਡੀ ਕੱਪ ਸਬੰਧੀ ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਚੇਅਰਮੈਨ ਸ੍ਰ. ਮੱਖਣ ਸਿੰਘ ਬੈਂਸ ਨਾਲ ਫੋਨ ਨੰਬਰ 510-715-1619 ਜਾਂ ਮੀਡੀਆ ਇੰਚਾਰਜ ਐਸ ਅਸ਼ੋਕ ਭੌਰਾ ਨਾਲ 510-415-3315 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਫਰਿਜ਼ਨੋ ਨਜ਼ਦੀਕ ਸੜਕ ਹਾਦਸੇ ਵਿੱਚ ਮਾਰੇ ਗਏ ਪ੍ਰਸਿੱਧ ਜੋਤਸ਼ੀ ਮਾਸਟਰ ਦੀਪਕ ਅਤੇ ਉਨ੍ਹਾਂ ਦੇ ਚਾਰ ਹੋਰ ਸਾਥੀ

**ਫਰਿਜਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਫਰਿਜਨੋ ਲਾਗੇ ਹਾਈਵੇ 33 'ਤੇ ਹੋਏ ਸੜਕੀ ਹਾਦਸੇ ਵਿੱਚ ਜੋਤਿਸ਼ ਵਿਗਿਆਨੀ ਮਾਸਟਰ ਦੀਪਕ (49 ਸਾਲ) ਅਤੇ ਨਾਲ ਹੋਰ ਗੱਡੀ ਵਿੱਚ ਸਵਾਰ ਮਾਰੇ ਗਏ ਚਾਰ ਵਿਆਕਤੀਆਂ ਦੀ ਪਹਿਚਾਣ ਸੁਰਿੰਦਰ ਕੁਮਾਰ (63 ਸਾਲ) ਕੁਲਦੀਪ (50 ਸਾਲ), ਨਰਿੰਦਰ ਕੁਮਾਰ (48 ਸਾਲ) ਅਤੇ ਵਿਨੋਦ ਕੁਮਾਰ (52 ਸਾਲ) ਦੀ ਮੌਤ ਹੋ ਗਈ ਸੀ। ਇਹ ਹਾਦਸਾ ਗੱਡੀ ਦੇ ਨਾ ਰੁਕਣ ਕਰਕੇ ਚੁਰਸਤੇ ਵਿੱਚ ਜਾ ਰਹੇ ਬਜ਼ਰੀ ਨਾਲ ਭਰੇ ਹੋਏ ਟਰੱਕ ਨਾਲ ਟਕਰਾਣ ਨਾਲ ਵਾਪਰਿਆ। ਗੱਡੀ ਨੂੰ ਅੱਗ ਲੱਗਣ ਕਰਕੇ ਸਾਰੇ ਸਰੀਰ ਇਸ ਹੱਦ ਤੱਕ ਝੁਲਸੇ ਗਏ ਕਿ ਇੰਨ੍ਹਾਂ ਦੀ ਪਹਿਚਾਣ ਵੀ ਮੁਸ਼ਕਲ ਸੀ। ਅਮਰੀਕਾ ਦੇ ਸਮੁੱਚੇ ਪੰਜਾਬੀ ਭਾਈਚਾਰੇ ਅੰਦਰ ਸੋਗ ਹੈ। ਭਾਰਤੀ ਭਾਈਚਾਰੇ ਵਿੱਚ ਮਾਸਟਰ ਨੂੰ ਵਧੀਆ ਸ਼ੋਅ ਪ੍ਰਬੰਧਕ ਵਜੋਂ ਵੀ ਜਾਣਿਆਂ ਜਾਂਦਾ ਸੀ। ਇੰਨ੍ਹਾਂ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਬਹੁਤ ਸਾਰੇ ਸੱਭਿਆਚਾਰਕ, ਬੌਲੀਵੁੱਡ ਸ਼ੋਅ ਕਰਵਾਉਣ ਵਿੱਚ ਮਾਣ ਪ੍ਰਾਪਤ ਕੀਤਾ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਅਨੇਕਾਂ ਸਨਮਾਨ ਪ੍ਰਾਪਤ ਕੀਤੇ ਸਨ। ਇਸੇ ਤਰ੍ਹਾਂ ਜੋਤਿਸ਼ ਵਿਦਿਆ ਅਤੇ ਗ੍ਰਹਿਆ ਬਾਰੇ ਟੀ. ਵੀ. ਰਾਹੀਂ ਸ਼ੋਅ ਅਤੇ ਰੇਡੀਉ ਤੋਂ ਆਪਣਾ 'ਟਾਕ ਸ਼ੋਅ' ਵੀ ਪੇਸ਼ ਕਰਦੇ ਸਨ। ਇਸੇ ਬਹੁਤ ਸਾਰੇ ਬਾਲੀਵੁੱਡ ਕਲਾਕਾਰਾਂ ਨਾਲ ਵੀ ਇੰਨ੍ਹਾਂ ਦੇ ਸੰਬੰਧ ਬਹੁਤ ਚੰਗੇ ਸਨ। ਮਾਸਟਰ ਦੀਪਕ ਦੇ ਪਿਤਾ ਜੀ ਭਾਰਤ ਤੋਂ ਇਸ ਦੁੱਖ ਦੀ ਘੜੀ ਵਿੱਚ ਸਾਮਲ ਹੋਣ ਲਈ ਅਮਰੀਕਾ ਪਹੁੰਚ ਗਏ ਹਨ। ਮਾਸਟਰ ਦੀਪਕ ਦੇ ਸਰੀਰ ਦਾ ਅੰਤਿਮ ਸੰਸਕਾਰ 16 ਸਤੰਬਰ, 2017 ਦਿਨ ਸ਼ਨੀਵਾਰ ਨੂੰ ਸਵੇਰੇ 9 ਵਜ਼ੇ ਤੋਂ 12 ਵਜ਼ੇ ਤੱਕ 'ਚੈਪਲ ਆਫ ਦਾ ਚਾਈਮਜ਼' ਹੇਵਰਡ ਵਿਖੇ ਹੋਵੇਗਾ। ਜਿਸ ਦਾ ਪਤਾ: 32992 Mission Blvd, Hayward, CA 94544. ਇਸ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਹੋਵੇਗੀ। ਜਿਸ ਦਾ ਪਤਾ: 1805 Hill Ave, Hayward, CA 94541. ਮਾਸਟਰ ਦੀਪਕ ਪ੍ਰਸਿੱਧ ਜੋਤਿਸੀ ਹੋਣ ਦੇ ਨਾਲ-ਨਾਲ ਚੰਗੇ ਦੋਸ਼ਤ ਵੀ ਸਨ। ਜਿੰਨ੍ਹਾਂ ਦਾ ਘਾਟਾ ਪਰਿਵਾਰ ਤੋਂ ਇਲਾਵਾ ਦੋਸ਼ਤਾ ਲਈ ਵੀ ਅਸਹਿ ਹੈ। ਅੰਤ ਉਹ ਇਨਸਾਨ ਜੋ ਕਲ ਤੱਕ ਜੋਤਿਸ ਵਿੱਦਿਆ ਦੇ ਜਰੀਏ ਲੋਕਾਂ ਨੂੰ ਸਹੀ ਦਿਸ਼ਾ ਅਤੇ ਮਾਰਗ ਦੱਸਦਾ ਆ ਰਿਹਾ ਸੀ, ਉਹ ਵੀ ਪਰਮ-ਾਤਮਾ ਦੀ ਲਿਖਤ ਮੁਤਾਬਕ ਉਸ ਪਾਸੇ ਚਲਾ ਗਿਆ ਜਿੱਥੋਂ ਫਿਰ ਕੋਈ ਵਾਪਸ ਨਹੀਂ ਆਉਦਾ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਵਤਾਰ ਲਾਖਾ ਨਾਲ ਫੋਨ ਨੰਬਰ (209) 200-0818 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਵਿਚ ਵਿਛੜ ਗਏ ਭਰਾਵਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਾ ਹੈ।



## ਵਰਤੀ ਸਮਝਦਾਰੀ-ਬਚਾਈ ਜਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਬੀਤੀ ਸਵੇਰੇ 7.05 ਮਿੰਟ ਉਤੇ ਸ. ਦਿਲਬਾਗ ਸਿੰਘ ਬਾਗਾ ਦੀ ਮੈਂਗਰੀ ਸਥਿਤ ਡੇਅਰੀ ਸ਼ਾਪ ਉਤੇ ਚਾਰ ਲੁਟੇਰਿਆਂ, ਜੋ ਕਿ ਤੇਜ਼ਧਾਰ ਹਥਿਆਰਾਂ ਅਤੇ ਚਾਕੂਆਂ ਨਾਲ ਲੈਸ ਸਨ, ਨੇ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ। ਘਟਨਾ ਵੇਲੇ ਸ. ਦਿਲਬਾਗ ਸਿੰਘ ਕਾਊਂਟਰ ਉਤੇ ਸਨ ਉਨ੍ਹਾਂ ਆ ਕੇ ਪੈਸੇ, ਸਿਗਰਟਾਂ ਦੀ ਮੰਗ ਕੀਤੀ। ਟਿੱਲ ਖੋਲ੍ਹਣ ਵਾਸਤੇ ਕਿਹਾ। ਕਿਸੀ ਤਰ੍ਹਾਂ ਦਿਲਬਾਗ ਸਿੰਘ ਅੱਖ ਬਚਾ ਕੇ ਪਿਛਲੇ ਦਰਵਾਜ਼ੇ ਰਾਹੀਂ ਬਚਾਅ ਕਰਨ ਭੱਜਿਆ ਤਾਂ ਉਨ੍ਹਾਂ ਨੇ ਪਿੱਛੋਂ ਆ ਕੇ ਦਬੋਚਣ ਦੀ ਕੋਸ਼ਿਸ਼ ਕੀਤੀ। ਸ. ਦਿਲਬਾਗ ਸਿੰਘ ਨੇ ਕਿਸੀ ਤਰ੍ਹਾਂ ਇਥੋਂ ਵੀ



ਬਚਾਅ ਕਰਕੇ ਆਪਣੇ ਆਪ ਨੂੰ ਸ਼ਾਪ ਤੋਂ ਬਾਹਰ ਪਿਛਲੇ ਪਾਸੇ ਪਹੁੰਚਾ ਲਿਆ ਅਤੇ ਦਰਵਾਜ਼ਾ ਬੰਦ ਕਰ ਲਿਆ। ਸ. ਦਿਲਬਾਗ ਸਿੰਘ ਦੀ ਪਤਨੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਲੁਟੇਰਿਆਂ ਨੇ ਦਹਿਸ਼ਤ ਪਾਉਂਦਿਆਂ ਇਕ ਕਾਉਂਟਰ ਨੂੰ ਚਾਕੂ ਦੇ ਨਾਲ ਨੁਕਸਾਨ ਵੀ ਪਹੁੰਚਾਇਆ। ਦੁਕਾਨ ਵਿਚ ਉਸ ਵੇਲੇ ਕੋਈ ਹੋਰ ਗਾਹਕ ਜਾਂ ਵਰਕਰ ਨਹੀਂ ਸੀ। ਲੁਟੇਰੇ ਕਾਹਲੀ ਦੇ ਵਿਚ ਕਾਊਂਟਰ ਟੱਪ ਕੇ ਸਿਗਰਟਾਂ, ਕੁਝ ਬਾਹਰ ਪਏ ਸਿੱਕੇ ਅਤੇ ਫੋਨ ਲੈ ਕੇ ਭੱਜਣ ਵਿਚ ਕਾਮਯਾਬ ਹੋ ਗਏ। ਦੁਕਾਨ ਅੰਦਰ ਉਹ ਪੈਦਲ ਹੀ ਆਏ ਸਨ ਅਤੇ ਕਾਰ ਕਿਤੇ ਹੋਰ ਖੜੀ ਕੀਤੀ ਹੋਈ ਸੀ। ਬਾਅਦ ਵਿਚ ਫੋਨ ਲਾਗੇ ਇਕ ਗਰਾਉਂਡ ਵਿਚੋਂ ਪੁਲਿਸ ਨੂੰ ਮਿਲ ਗਿਆ ਸੀ। ਪੁਲਿਸ ਸੂਚਨਾ ਮਿਲਣ ਉਪਰੰਤ 10 ਕੁ ਮਿੰਟ ਵਿਚ ਆ ਗਈ ਸੀ। ਪੁਲਿਸ ਨੇ ਆਪਣੀ ਕਾਰਵਾਈ ਕਾਫੀ ਵਧੀਆ ਢੰਗ ਨਾਲ ਕੀਤੀ ਅਤੇ ਲੁਟੇਰਿਆਂ ਦੀ ਕੁੱਤਿਆਂ ਦੇ ਨਾਲ ਭਾਲ ਵੀ ਕੀਤੀ ਗਈ। ਲੁਟੇਰਿਆਂ ਨੇ ਮੂੰਹ ਢਕੇ ਹੋਏ ਸੀ, ਜਿਸ ਕਰਕੇ ਉਨ੍ਹਾਂ ਦੀ ਨਸਲੀ ਪਹਿਚਾਣ ਨਹੀਂ ਹੋਈ। ਇਸ ਦੁਕਾਨ ਉਤੇ ਪਹਿਲੀ ਵਾਰ ਇਹ ਘਟਨਾ ਹੋਈ ਹੈ। ਕ੍ਰਾਈਮ ਪ੍ਰੋਟੈਕਸ਼ਨ ਗਰੁੱਪ ਨੇ ਵੀ ਇਸ ਮੌਕੇ ਪਹੁੰਚ ਕਰਕੇ ਸ. ਦਿਲਬਾਗ ਸਿੰਘ ਦੇ ਨਾਲ ਗੱਲਬਾਤ ਕੀਤੀ। ਇਸ ਤਰ੍ਹਾਂ ਅੱਜ ਦਿਲਬਾਗ ਸਿੰਘ ਨੇ ਸਮਝਦਾਰੀ ਵਰਤ ਕੇ ਆਪਣੀ ਜਾਨ ਬਚਾ ਲਈ, ਪਰ ਮੰਗ ਕੀਤੀ ਹੈ ਕਿ ਸਰਕਾਰ ਅਜਿਹੇ ਲੁਟੇਰਿਆਂ ਦੀ ਰੋਕਥਾਮ ਲਈ ਸਖਤ ਸਜ਼ਾ ਦਾ ਐਲਾਨ ਕਰੇ ਜਾਂ ਫਿਰ ਸਵੈ ਸੁਰੱਖਿਆ ਲਈ ਜਿਆਦਾ ਅਧਿਕਾਰ ਦੇਵੇ।

## ਚੋਣ ਫੰਡਿੰਗ ਘਪਲੇ ਕਾਰਨ ਭਾਰਤੀ ਅਮਰੀਕੀ ਸਿਆਸੀ ਸਲਾਹਕਾਰ ਨੂੰ 15 ਮਹੀਨੇ ਜੇਲ੍ਹ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਸੈਨ ਡਿਆਗੋ ਦੀ 2012 ਦੀ ਮੇਅਰ ਦੀ ਚੋਣ ਵਿਚ ਉਮੀਦਵਾਰਾਂ ਲਈ ਗੈਰ ਕਾਨੂੰਨੀ ਤਰੀਕੇ ਨਾਲ 600,000 ਡਾਲਰ ਦਾ ਫੰਡ ਇਕੱਠਾ ਕਰਨ ਲਈ ਚਲਾਈ ਗਈ ਇਕ ਸਕੀ? ਵਿਚ ਸ਼ਾਮਿਲ ਹੋਣ ਵਾਲੇ ਭਾਰਤੀ ਅਮਰੀਕੀ ਸਿਆਸੀ ਸਲਾਹਕਾਰ ਨੂੰ 15 ਮਹੀਨੇ ਦੀ ਜੇਲ੍ਹ ਅਤੇ 10,000 ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ। ਨੈਪਰਵਿਲੇ ਇਲੀਨੋਇਸ ਦੇ ਰਹਿਣ ਵਾਲੇ ਇਲੈਕਸ਼ਨਮਾਲ ਟੈਕਨਾਲੋਜੀਸ ਦੀ ਸਾਬਕਾ ਸੀ ਈ ਏ ਰਵਨੀਤ ਸਿੰਘ ਨੂੰ 12 ਅਕਤੂਬਰ ਨੂੰ ਜੇਲ੍ਹ ਵਿਚ ਪਹੁੰਚਣ ਦਾ ਹੁਕਮ ਦਿੱਤਾ ਗਿਆ ਹੈ।

ਪਿਛਲੇ ਸਾਲ ਇਕ ਜਿਊਰੀ ਨੇ ਰਵਨੀਤ ਅਤੇ ਮੈਕਸੀਕਨ ਨਾਗਰਿਕ ਜੋਸ ਸੁਸੁਮੋ ਅਜਾਨੋ ਸਟਸੂਰਾ ਅਤੇ ਅਜਾਨੋ ਦੇ ਪੁੱਤਰ ਐਡਵਰਡ ਸੁਸੁਮੋ ਨੂੰ ਮੇਅਰ ਦੀ ਚੋਣ ਵਿਚ ਗੈਰ ਕਾਨੂੰਨੀ ਤਰੀਕੇ ਨਾਲ ਫੰਡ ਇਕੱਠਾ ਕਰਨ ਦਾ ਦੋਸ਼ੀ ਠਹਿਰਾਇਆ ਸੀ। ਦਸਣਯੋਗ ਹੈ ਕਿ 2012 ਦੀ ਸੈਨ ਡਿਆਗੋ ਦੀ ਮੇਅਰ ਦੀ ਚੋਣ ਵਿਚ ਉਦੋਂ ਦੇ ਜਿਲਾ ਅਟਾਰਨੀ ਬੋਨੀ ਡੁਮਾਨਿਸ ਰਿਪਬਲਿਕਨ ਅਤੇ ਡੈਮੋਕਰੈਟ ਬੋਬ ਫਿਲਨਰ ਮੇਅਰ ਦੀ ਦੌੜ ਵਿਚ ਸ਼ਾਮਿਲ ਸਨ।

ਇਸਤਗਾਸਾ ਧਿਰ ਦਾ ਕਹਿਣਾ ਸੀ ਕਿ ਅਜਾਨੋ ਨੇ ਸਿਆਸੀ ਪ੍ਰਭਾਵ ਖਰੀਦਣ ਦੀ ਕੋਸ਼ਿਸ਼ ਵਿਚ ਸੀ ਤੇ ਫਿਲਨਰ ਚੋਣ ਜਿਤ ਗਿਆ ਸੀ ਪਰ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਤਹਿਤ 9 ਮਹੀਨਿਆਂ ਵਿਚ ਅਸਤੀਫਾ ਦੇ ਗਿਆ ਸੀ। ਇਸ ਗੈਰ ਕਾਨੂੰਨੀ ਫੰਡਿੰਗ ਦੇ ਮਾਮਲੇ ਵਿਚ ਕਿਸੇ ਵੀ ਉਮੀਦਵਾਰ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ।

## ਗੁਰਦਾਸਪੁਰ ਉਪ ਚੋਣ 11 ਅਕਤੂਬਰ ਨੂੰ ਹੋਵੇਗੀ

(ਸਫਾ 1 ਦੀ ਬਾਕੀ)

ਭਾਜਪਾ ਵੱਲੋਂ ਸੰਸਦੀ ਸੀਟ 'ਤੇ ਕਬਜ਼ਾ ਕਾਇਮ ਰੱਖਣ ਲਈ ਜੱਦੋਜਹਿਦ ਕੀਤੀ ਜਾ ਰਹੀ ਹੈ। ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਸਮੇਤ ਹੋਰਨਾਂ ਆਗੂਆਂ ਨੇ ਗੁਰਦਾਸਪੁਰ ਸੰਸਦੀ ਹਲਕੇ ਵਿੱਚ ਪੈਂਦੇ ਵਿਧਾਨ ਸਭਾ ਹਲਕਿਆਂ ਵਿੱਚ ਸਰਗਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ ਤੇ ਸੀਨੀਅਰ ਭਾਜਪਾ ਆਗੂਆਂ ਦੀਆਂ ਵਿਧਾਨ ਸਭਾ ਹਲਕਾਵਾਰ ਡਿਊਟੀਆਂ ਵੀ ਲਗਾਈਆਂ ਗਈਆਂ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅੱਜਕੱਲ੍ਹ ਇੰਗਲੈਂਡ ਦੌਰੇ 'ਤੇ ਹਨ ਅਤੇ ਉਨ੍ਹਾਂ ਦੇ ਵਾਪਸ ਆਉਣ ਤੋਂ ਬਾਅਦ ਹੀ ਕਾਂਗਰਸ ਦੇ ਉਮੀਦਵਾਰ ਬਾਰੇ ਫੈਸਲਾ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੀ ਅਮਰੀਕਾ ਦੌਰੇ 'ਤੇ ਗਏ ਹੋਏ ਹਨ। ਮੁੱਖ ਮੰਤਰੀ ਨੇ ਆਜ਼ਾਦੀ ਦਿਹਾੜੇ ਦੇ ਸਮਾਗਮਾਂ ਦੇ ਬਹਾਨੇ ਭਾਵੇਂ ਚੋਣ ਮੁਹਿੰਮ ਦਾ ਆਗਾਜ਼ ਕਰ ਦਿੱਤਾ ਸੀ, ਪਰ ਅਮਲੀ ਰੂਪ ਵਿੱਚ ਅਜੇ ਹਾਕਮ ਧਿਰ ਦੇ ਆਗੂਆਂ ਦੀ ਸੰਸਦੀ ਹਲਕੇ 'ਚ ਕੋਈ ਖਾਸ ਸਰਗਰਮੀ ਦਿਖਾਈ ਨਹੀਂ ਦੇ ਰਹੀ।

## ਸ੍ਰੀ ਗੁਰੂ ਰਵਿਦਾਸ ਸੁਸਾਇਟੀ ਆਫ ਕੈਲਗਰੀ (ਕੈਨੇਡਾ) ਦੀ ਹੋਈ ਚੋਣ

### ਮਹੇ ਚੇਅਰਮੈਨ ਸੋਹਨ ਲਾਲ ਰੱਤੂ ਬਣੇ ਪ੍ਰਧਾਨ

**ਫਗਵਾੜਾ (ਬੀ.ਕੇ.ਰੱਤੂ )–** ਸ੍ਰੀ ਗੁਰੂ ਰਵਿਦਾਸ ਸੁਸਾਇਟੀ ਆਫ ਕੈਲਗਰੀ (ਕੈਨੇਡਾ) ਦੀ ਸਲਾਨਾ ਚੋਣ ਹੋਈ। ਵੋਟਿੰਗ ਦੌਰਾਨ ਹੋਈ ਚੋਣ ਵਿਚ ਮਥਰਾ ਪ੍ਰਸਾਦ ਮਹੇ ਚੇਅਰਮੈਨ, ਸੋਹਨ ਲਾਲ ਰੱਤੂ ਪ੍ਰਧਾਨ, ਹਰਬੰਸ ਮੱਲ ਵਾਇਸ ਪ੍ਰਧਾਨ ਅਨੀਸ਼ ਗਿੰਡਾ ਵਾਇਸ ਪ੍ਰਧਾਨ, ਅਮਰਜੀਤ ਸੰਧੂ ਜਨਰਲ ਸਕੱਤਰ, ਅਮਰਜੀਤ ਲਾਲ ਸਹਾਇਕ ਸਕੱਤਰ, ਹਰਬੰਸ ਮਹਿਮੀ ਖਜਾਨਚੀ, ਰਕੇਸ਼ ਮੱਲ ਸਹਾਇਕ ਖਜਾਨਚੀ ਤੋਂ ਇਲਾਵਾ ਸ੍ਰੀਮਤੀ ਜਸਵੀਰ ਕੌਰ ਜੱਸੀ, ਦਿਆਲ ਚੰਦ, ਕਰਿਸ਼ਨ ਮੱਲ, ਸੰਤੋਖ ਸੂੰਢ, ਰਾਜਵੀਰ ਮੱਲ, ਵਿਜੇ ਵੜਪੱਗਾ, ਅਮਰਜੀਤ ਸੁਮਨ, ਹਰਬੰਸ ਜਨਾਗਲ ਸੁਸਾਇਟੀ ਦੇ ਡਾਇਰੈਕਟਰ ਚੁਣੇ ਗਏ। ਨਵੇਂ ਚੁਣੇ ਗਏ ਚੇਅਰਮੈਨ ਮਥਰਾ ਪ੍ਰਸਾਦ ਮਹੇ ਅਤੇ ਪ੍ਰਧਾਨ ਸੋਹਨ ਲਾਲ ਰੱਤੂ ਨੇ ਕਿਹਾ ਕਿ ਜੋ ਜਿੰਮਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ ਸੁਸਾਇਟੀ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ, ਭਗਵਾਨ ਵਾਲਮੀਕਿ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ, ਸਾਹਿਬ ਕਾਂਸ਼ੀ ਰਾਮ ਜੀ ਤੋਂ ਇਲਾਵਾ ਆਪਣੇ ਮਹਾਪੁਰਸ਼ਾਂ ਦੇ ਪਵਿੱਤਰ ਦਿਹਾੜੇ ਸ਼ਰਧਾ ਨਾਲ ਮਨਾਏ ਜਾਣਗੇ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਹੋਰ ਵੀ ਅੱਗੇ ਲੈ ਕੇ ਜਾਇਆ ਜਾਵੇਗਾ। ਉਹਨਾਂ ਕੈਲਗਰੀ ਦੀ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰੂ ਘਰ ਦੀ ਸੇਵਾ ਲਈ ਆਪਣਾ ਵਢ-ਮੁੱਲਾ ਸਹਿਯੋਗ ਦਿੰਦੇ ਰਹਿਣ।




# ਯੂਨਾਈਟਡ ਸਪੋਰਟਸ ਕਲੱਬ ਦੇ 13ਵੇਂ ਵਿਸ਼ਵ ਕਬੱਡੀ ਕੱਪ ਦੀ ਗੱਲ ਕਰਦਿਆਂ...

ਕੈਲੇਫੋਰਨੀਆਂ ਦੇ ਕਬੱਡੀ ਪ੍ਰੇਮੀਆਂ ਨੇ ਯੂਨਾਈਟਡ ਸਪੋਰਟਸ ਕਲੱਬ ਦੇ ਪਹਿਲਾਂ ਵੀ 12 ਵੱਡੇ ਕਬੱਡੀ ਕੱਪ ਵੇਖੇ ਹਨ। ਪਰ ਇਸ ਵਾਰ ਮੇਲੇ ਵਿਚ ਗੁਰੂ ਕੇ ਲੰਗਰ ਚੱਲਣਗੇ, ਹਜ਼ਾਰਾਂ ਦੀ ਤਦਾਦ ਵਿਚ ਆਉਣ ਵਾਲੇ ਦਰਸ਼ਕਾਂ ਦੀ ਸੁਰੱਖਿਆ ਦਾ ਪ੍ਰਬੰਧ ਹੋਵੇਗਾ, ਸਾਰਾ ਦਿਨ 'ਫੜ ਲਿਆ ਉਏ.... ਭੱਜ ਗਿਆ ਓਏ....ਹੋ ਗਈ ਚੜ੍ਹਾਈ ਬੱਗੇ ਦੀ.... ਦੁੱਲਿਆ ਤੇਰਾ ਨਹੀਂ ਜਵਾਬ...... ਸੰਦੀਪ ਦੀਆਂ ਕੌਣ ਕਰੂ ਰੀਸਾਂ...... ਪੰਜਾ-ਬੀਆਂ ਨੇ ਲਾ'ਤੇ ਕਾਲੇ ਵੀ ਕਬੱਡੀ ਖੇਡਣ....ਬੱਲੇ ਓਏ ਗਾਖ਼ਲੋ...... ਪਾ'ਤੀਆਂ ਪੈੜਾਂ...... ਦੱਸ'ਤਾ ਗੋਰਿਆਂ ਨੂੰ ਐਨੂੰ ਕਹਿੰਦੇ ਨੇ ਪੰਜਾਬ ਦੀ ਜਵਾਨੀ...... ਪਹਿਲੀ ਰੇਡ ਤੇ ਦੋ ਸੌ ਡਾਲਰ ......ਦੂਜੀ ਤੇ ਤਿੰਨ ਸੌ ਹੋਜੂ ...... ਕਰ ਲਓ 'ਕੱਠੇ...... ਭਰ ਲਓ ਜੇਬਾਂ....... ਬਦਲ ਦਿਓ ਪੰਜਾਬ ਦੀਆਂ ਤਸਵੀਰਾਂ' ਇੰਜ ਮਾਈਕ ਥਾਣੀਂ ਲੱਛੇਦਾਰ ਕੁਮੈਂਟਰੀ ਅਤੇ ਸ਼ੇਅਰੋ ਸ਼ਾਇਰੀ ਦਾ ਰੰਗ ਤਾਂ ਚੜ੍ਹਿਆ ਰਹੇਗਾ ਸਗੋਂ ਨਾਲ ਆਪਣੀ ਅਮੀਰ ਵਿਰਾਸਤ ਨੂੰ ਕਾਇਮ ਰੱਖਿਆ ਹੈ। ਸ਼ਹਿਰ ਜਲੰਧਰ ਦੀ ਸੱਜੀ ਵੱਖੀ ਵਿਚ ਪੈਂਦਾ ਨਿੱਕਾ ਜਿਹਾ ਪਿੰਡ ਹੈ ਗਾਖ਼ਲਾਂ। ਇੱਥੋਂ ਦੇ ਤਿੰਨ ਭਰਾਵਾਂ ਅਮੋਲਕ ਸਿੰਘ ਗਾਖ਼ਲ, ਪਲਵਿੰਦਰ ਸਿੰਘ ਗਾਖ਼ਲ, ਇਕਬਾਲ ਸਿੰਘ ਗਾਖ਼ਲ ਨੇ ਅਮਰੀਕਾ ਦੇ ਸੂਬੇ ਕੈਲੇਫੋਰਨੀਆਂ ਵਿਚ ਵਸਦਿਆਂ ਨਾ ਸਿਰਫ ਟਰਾਂਸਪੋਰਟ ਕਾਰੋਬਾਰ ਵਿਚ ਸਫਲ ਪੰਜਾਬੀਆਂ ਦੀ ਇਕ ਮਿਸਾਲ ਪੈਦਾ ਕੀਤੀ ਹੈ ਸਗੋਂ ਗੋਲਡ ਜਿਮ ਅਤੇ ਹੋਟਲ, ਮੋਟਲ ਕਾਰੋਬਾਰ ਵਿਚ ਵੀ ਆਪਣੀ ਝੰਡੀ ਨੂੰ ਕਾਇਮ ਰੱਖਿਆ ਹੈ। ਲੜਕੀਆਂ ਦੇ ਸਮੂਹਿਕ ਵਿਆਹ, ਅੱਖਾਂ ਦੇ ਕੈਂਪ, ਪੰਜਾਬ ਦੀਆਂ ਵੱਡੀਆਂ ਤਿੰਨ ਜੇਲ੍ਹਾਂ ਵਿਚ ਕੈਦੀਆਂ ਲਈ ਜਿਮ ਲਗਾ ਕੇ ਦੇਣੇ, ਇਹ ਗਾਖ਼ਲ ਪਰਿਵਾਰ ਦਾ ਹੀ ਨੌਜਵਾਨਾਂ ਨੂੰ ਸਿੱਧੀ ਲੀਹੇ ਤੋਰਨ ਅਤੇ ਨਸ਼ਿਆਂ ਤੋਂ ਬਾਹਰ ਕੱਢਣ ਦਾ ਇਕ ਉਪਰਾਲਾ ਹੈ। ਉਨ੍ਹਾਂ ਦਾ ਅਗਲਾ ਮਿਸ਼ਨ ਪਿੰਡਾਂ ਨੂੰ ਸ਼ੁੱਧ ਪਾਣੀ ਦੇਣ ਦਾ ਹੋਵੇਗਾ। ਪਰ ਇਹ ਪਰਿਵਾਰ ਆਪਣੇ ਯਤਨਾਂ ਨਾਲ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਦੀ ਸਥਾਪਨਾ ਕਰਕੇ ਕਬੱਡੀ ਖੇਡ ਮੇਲਿਆਂ ਦਾ ਅਯੋਜਨ ਸ਼ੁਰੂ ਕੀਤਾ ਹੈ ਅਤੇ ਇਕ ਤਰ੍ਹਾਂ ਨਾਲ ਕਬੱਡੀ ਖਿਡਾਰੀਆਂ ਨੂੰ ਲੱਖਾਂ ਦੇ ਇਨਾਮ ਦੇਣ ਦੀ ਪਿਰਤ ਆਪਣੇ ਪਿੰਡ ਗਾਖ਼ਲਾਂ ਤੋਂ ਸ਼ੁਰੂ ਕੀਤੀ ਪਿਰਤ ਅਮਰੀਕਾ ਤੱਕ ਲੈ ਕੇ ਆਂਦੀ।

ਇਸ ਵਾਰ 17 ਸਤੰਬਰ ਦਿਨ ਐਤਵਾਰ ਨੂੰ ਸ੍ਰ. ਅਮੋਲਕ ਸਿੰਘ ਗਾਖ਼ਲ ਦੀ ਸਰਪ੍ਰਸਤੀ ਹੇਠ 13ਵਾਂ ਵਿਸ਼ਵ ਕਬੱਡੀ ਕੱਪ ਕੈਲੇਫੋਰਨੀਆਂ ਦੇ ਸ਼ਹਿਰ ਯੂਨੀਅਨ ਸਿਟੀ ਸਥਿਤ ਲੋਗਨ ਹਾਈ ਸਕੂਲ ਵਿਚ ਅਯੋਜਿਤ ਕੀਤਾ ਜਾ ਰਿਹਾ ਹੈ। ਇਸ ਕਬੱਡੀ ਕੱਪ ਵਿਚ ਸੰਦੀਪ ਲੁੱਧੜ, ਦੁੱਗਾ ਬੱਗਾ ਪਿੰਡ, ਪਾਲਾ ਜਲਾਲਪੁਰ, ਸੰਦੀਪ ਸੁਰਖਪੁਰ, ਜੂਨੀ ਗਿੱਲ, ਖੁਸ਼ੀ ਦੁੱਗਾਂ ਅਤੇ ਮੰਗੀ ਬੱਗਾ ਪਿੰਡ ਵਰਗੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀ ਪਹੁੰਚ ਰਹੇ ਹਨ ਅਤੇ ਮੇਲੇ ਦਾ ਉਦਘਾਟਨ ਕਨੇਡਾ ਤੋਂ ਸ੍ਰ. ਸੇਵਾ ਸਿੰਘ ਰੰਧਾਵਾ ਅਤੇ ਕਬੱਡੀ ਨਾਲ ਹੀ ਜੁੜੇ ਹੋਏ ਟੁੱਟ ਬ੍ਰਦਰਜ਼ 'ਚੋਂ ਸੁਰਜੀਤ ਸਿੰਘ ਟੁੱਟ ਕਰਨਗੇ ਜਦੋਂਕਿ ਮੁੱਖ ਮਹਿਮਾਨ ਵਜੋਂ ਉੱਘੇ ਕਾਰੋਬਾਰੀ ਮੱਖਣ ਸਿੰਘ ਧਾਲੀਵਾਲ ਸ਼ਾਮਿਲ ਹੋਣਗੇ।

ਇਸ ਵਾਰ ਚਾਰ ਵਿਸ਼ਵ ਪੱਧਰ ਦੀਆਂ ਵੱਡੀਆਂ ਕਬੱਡੀ ਕਲੱਬਾਂ ਬੇ-ਏਰੀਆ ਸਪੋਰਟਸ ਕਲੱਬ, ਯੂਨਾਈਟਡ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨੌਰਥ ਕੈਰੀਲੋਨਾ ਇਸ ਵਿਸ਼ਵ ਕਬੱਡੀ ਕੱਪ ਦਾ ਹਿੱਸਾ ਬਣਨਗੀਆਂ।

ਨਵੀਂ ਰਵਾਇਤ ਅਨੁਸਾਰ ਯੁਨਾਈਟਡਸ ਸਪੋਰਟਸ ਕਲੱਬ ਵਲੋਂ 'ਅੰਡਰ-25' ਨਵਾਂ ਉਮਰ ਵਰਗ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਵਿਚ ਚੜ੍ਹਦੀ ਕਲਾ ਸਪੋਰਟਸ ਕਲੱਬ ਯੁਬਾ ਸਿਟੀ, ਸੈਕਰਾਮੈਂਟੋ ਸਪੋਰਟਸ ਕਲੱਬ, ਸੈਨਹੋਜ਼ੇ ਗੁਰਦੁਆਰਾ ਸਪੋਰਟਸ ਕਲੱਬ, ਦਸ਼ਮੇਸ਼ ਸਪੋਰਟਸ ਕਲੱਬ ਟਰੇਸੀ ਦੀਆਂ ਟੀਮਾਂ ਸ਼ਾਮਿਲ ਹਨ। ਵੱਡਾ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਗਾਖ਼ਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ, ਦੂਜਾ ਵੱਡਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ ਜਾਵੇਗਾ।


ਸਵ. ਸ੍ਰ. ਨਸੀਬ ਸਿੰਘ ਗਾਖਲ


ਮੁੱਖ ਮਹਿਮਾਨ ਮੱਖਣ ਸਿੰਘ ਧਾਲੀਵਾਲ
ਸਾਬਕਾ ਕੌਮਾਂਤਰੀ ਕੱਬਡੀ ਖਿਡਾਰੀ


Amolak Singh Gakhal, Patron | Makhan Singh Bains, Chairman | Iqbal Singh Gakhal, V. Chairman | Palwinder Singh Gakhal, Director | Jugraj Singh Sahota, v. President | Narinder Singh Sahota, Treasurer

ਸਵ. ਸ੍ਰ. ਨਸੀਬ ਸਿੰਘ ਗਾਖਲ, ਅਮੋਲਕ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਜੁਗਰਾਜ ਸਹੋਤਾ, ਨਰਿੰਦਰ ਸਹੋਤਾ, ਉਦਘਾਟਨ ਕਰਨ ਵਾਲੇ ਸੁਰਜੀਤ ਸਿੰਘ ਟੁੱਟ ਤੇ ਸੇਵਾ ਸਿੰਘ ਰੰਧਾਵਾ।

ਪੰਜਾਬੀਆਂ ਦਾ ਇਸ ਦਿਨ ਦਾ ਸੂਰਜ ਵੀ ਨਵੇਂ ਢੰਗ 'ਚ ਚੜ੍ਹੇਗਾ। ਸ੍ਰ. ਅਮੋਲਕ ਸਿੰਘ ਗਾਖ਼ਲ ਨੇ ਵਿਅੰਗਮਈ ਲਹਿਜ਼ੇ 'ਚ ਪੰਜਾਬੀਆਂ ਨੂੰ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ 13ਵੇਂ ਵਿਸ਼ਵ ਕਬੱਡੀ ਕੱਪ 'ਚ ਉਹੀ ਬਦਕਿਸਮਤ ਨਹੀਂ ਆਏਗਾ ਜਿਹੜਾ ਜਾਂ ਤਾਂ ਬਿਮਾਰ ਹੈ ਜਿਹਦੇ ਅੰਦਰ ਕਬੱਡੀ ਪ੍ਰਤੀ ਕੋਈ ਹੇਜ਼ ਨਹੀਂ ਤੇ ਜਾਂ ਫਿਰ ਉਹ ਜਿਹਨੂੰ ਇਹ ਨਹੀਂ ਪਤਾ ਕਿ ਪੰਜਾਬੀ ਹੋਣ ਦਾ ਮਤਲਬ ਕੀ ਹੁੰਦਾ ਹੈ?

ਪਾ'ਤੀਆਂ ਨੇ ਪੈੜਾਂ ਜਿਨ੍ਹਾਂ ਰਾਹਾਂ ਵਿਚੋਂ ਲੰਘੇ ਆਂ ਦੀ ਕਹਾਵਤ ਅਨੁਸਾਰ ਪੰਜਾਬੀ ਦੁਨੀਆਂ ਦੇ ਜਿਸ ਵੀ ਕੋਨੇ ਵਿਚ ਵੀ ਗਏ ਨੇ ਸੱਚੀਂ ਹੀ ਆਪੋ ਆਪਣੇ ਕਾਰੋਬਾਰ ਵਿਚ ਕਾਮਯਾਬੀ ਹੀ ਨਹੀਂ ਹਾਸਲ ਕੀਤੀ ਸਗੋਂ ਆਪਣੇ ਸੱਭਿਆਚਾਰ, ਗੀਤ-ਸੰਗੀਤ ਅਤੇ ਖੇਡਾਂ ਦੇ ਖੇਤਰ ਵਿਚ ਦੁਨੀਆਂ ਦੇ ਇਤਿਹਾਸ ਵਿਚ ਆਪਣੀਆਂ ਨਿਵੇਕਲੀਆਂ ਪੈੜਾਂ ਕਿਉਂਕਿ ਵਿਰਸੇ ਤੋਂ ਹੀ ਖੇਡਾਂ ਖਾਸ ਤੌਰ ਤੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨਾਲ ਜੁੜਿਆ ਹੋਇਆ ਹੈ, ਇਸ ਲਈ ਨਾ ਸਿਰਫ ਉੱਤਰੀ ਅਮਰੀਕਾ'ਚ ਸਗੋਂ ਵਿਸ਼ਵ ਭਰ ਦੇ ਪੰਜਾ-ਬੀਆਂ ਅੰਦਰ ਕਬੱਡੀ ਕੱਪ ਅਯੋਜਿਤ ਕੀਤੇ ਜਾਣ ਕਰਕੇ ਗਾਖ਼ਲ ਭਰਾਵਾਂ ਨੂੰ ਦਿਲੋਂ ਸਤਿਕਾਰ ਮਿਲਦਾ ਆਇਆ ਹੈ।

ਇਨ੍ਹਾਂ ਦੇ ਪਿਤਾ ਸ੍ਰ. ਨਸੀਬ ਸਿੰਘ 1958 ਤੋਂ ਕਬੱਡੀ ਖੇਡ ਨਾਲ ਜੁੜੇ ਰਹੇ ਹਨ 'ਤੇ ਇਕ ਪਿੰਡ ਵਿਚ ਵਿਸ਼ਵ ਕਬੱਡੀ ਕੱਪ ਅਯੋਜਿਤ ਕਰਨਾ ਇਨ੍ਹਾਂ ਭਰਾਵਾਂ ਦਾ ਹੀ ਇਕ ਸਫਲ ਯਤਨ ਸੀ। ਹਜ਼ੂਰਾ ਸਿੰਘ, ਮੇਜਰ ਸਿੰਘ ਗਾਖ਼ਲ, ਮਾਨੀ ਗਾਖ਼ਲ, ਤੀਰਥ ਗਾਖ਼ਲ, ਪੱਪੂ ਅਤੇ ਲੱਖਾ ਗਾਜ਼ੀਪੁਰੀਆ ਅਸਲ ਵਿਚ ਗਾਖ਼ਲਾਂ ਦੇ ਕਬੱਡੀ ਕੱਪ ਦੀ ਹੀ ਦੇਣ ਹਨ।

ਸਾਲ 2000 ਦੇ ਕਰੀਬ ਗਾਖਲ ਭਰਾਵਾਂ ਨੇ ਦੁਨੀਆਂ ਭਰ ਵਿਚ ਇਸ ਮਾਂ ਖੇਡ ਕਬੱਡੀ ਨੂੰ ਨੌਜਵਾਨਾਂ ਅੰਦਰ ਹੋਰ ਵੀ ਹਰਮਨਪਿਆਰੀ ਬਣਾਉਣ ਲਈ ਲੱਖਾਂ ਰੁਪਏ ਦੇ ਇਨਾਮ ਤਕਸੀਮ ਕਰਨ ਦੀ ਆਪਣੀ ਪੁਰਾਣੀ ਰਵਾਇਤ ਨੂੰ ਵੀ ਕਾਇਮ ਰੱਖਿਆ ਜਾਵੇਗਾ। ਸ੍ਰ. ਅਮੋਲਕ ਸਿੰਘ ਗਾਖ਼ਲ ਅਨੁਸਾਰ ਉਨ੍ਹਾਂ ਦਾ ਅਜਿਹੇ ਖੇਡ ਮੇਲੇ ਕਰਵ-'ਉਣ ਦਾ ਮੁੱਖ ਮਕਸਦ ਪੰਜਾਬ ਤੋਂ ਹਜ਼ਾਰਾਂ ਕੋਹਾਂ ਦੂਰ ਬੈਠੇ ਪੰਜਾਬੀਆਂ ਨੂੰ ਆਪਣੀ ਮਿੱਟੀ ਨੂੰ ਯਾਦ ਕਰਵਾਉਣਾ, ਨੌ-ਜਵਾਨਾਂ ਨੂੰ ਜ਼ੋਰ ਅਜਮਾਇਸ਼ੀ ਦਾ ਪਲੇਟਫਾਰਮ ਦੇਣਾ ਅਤੇ ਜਵਾਨੀ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦਾ ਹੈ। ਉਨ੍ਹਾਂ ਇਸ ਗੱਲ ਦਾ ਦਾਅਵਾ ਕੀਤਾ ਕਿ ਉਹ ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਿਣਗੇ ਤੇ ਆਉਣ ਵਾਲੀਆਂ ਨਸਲਾਂ ਲਈ ਵਿਦੇਸ਼ਾਂ ਦੀ ਧਰਤੀ ਤੇ ਇਸ ਮਾਂ ਖੇਡ ਕਬੱਡੀ ਨੂੰ ਜਿਉਂਦਾ ਰੱਖਣ ਵਿਚ ਲੱਗੇ ਰਹਿਣਗੇ। ਇਸ ਵਾਰ ਦੇ ਖੇਡ

ਇਸ ਰੁੱਤ ਦੇ ਸਭ ਤੋਂ ਵੱਡੇ ਇਸ ਖੇਡ ਮੇਲੇ ਵਿਚ ਸ਼ਿਰਕਤ ਕਰਨ ਲਈ ਉੱਤਰੀ ਭਾਰਤ ਦੇ ਪੰਜਾਬੀਆਂ ਅੰਦਰ ਹੀ ਅੰਗੜਾਈ ਨਹੀਂ ਸਗੋਂ ਕਬੱਡੀ ਪ੍ਰੇਮੀ ਤਾਂ ਯੂਰਪ ਤੋਂ ਵੀ ਪਹੁੰਚ ਜਾਣਗੇ। ਕੁਲ ਮਿਲਾ ਕੇ ਯੂਨਾਈਟਡ ਸਪੋਰਟਸ ਕਲੱਬ ਕਬੱਡੀ ਇਤਿਹਾਸ ਦੀ ਨਵੀਂ ਸਿਰਜਣਾਤਮਕ ਪ੍ਰਕਿਰਿਆ ਵੱਲ ਵਧ ਰਿਹਾ ਹੈ।

**– ਐੱਸ ਅਸ਼ੋਕ ਭੌਰਾ**

# ਹੁਣ ਫਲੋਰੀਡਾ ਵਿਚ ਇਰਮਾ ਤੂਫਾਨ ਕਾਰਨ ਹਰ ਥਾਂ ਤਬਾਹੀ ਹੀ ਤਬਾਹੀ

**ਮਿਆਮੀ (ਬਿਊਰੋ)–** ਅਮਰੀਕਾ ਦੇ ਫਲੋਰੀਡਾ ਸੂਬੇ ਵਿਚ ਚੱਕਰਵਾਤੀ ਤੂਫਾਨ ਇਰਮਾ ਦੇ ਲੰਘਣ ਤੋਂ ਬਾਅਦ ਹੁਣ ਰਾਹਤ ਅਤੇ ਬਚਾਅ ਦੇ ਨਾਲ ਨੁਕਸਾਨ ਦਾ ਅੰਦਾਜ਼ਾ ਲਗਾਉਣਾ ਆਰੰਭ ਹੋ ਗਿਆ ਹੈ। ਤਟੀ ਇਲਾਕਿਆਂ ਵਿਚ ਹਰ ਪਾਸੇ ਤਬਾਹੀ ਹੀ ਤਬਾਹੀ ਹੈ। ਤੂਫਾਨ ਆਪਣੇ ਪਿੱਛੇ ਬਰਬਾਦੀ ਦੀਆਂ ਨਿਸ਼ਾਨੀਆਂ ਛੱਡ ਗਿਆ ਹੈ। ਕੈਰੇਬੀਆਈ ਖੇਤਰ ਵਿਚ ਤਬਾਹੀ ਮਚਾਉਣ ਤੋਂ ਬਾਅਦ ਇਰਮਾ ਐਤਵਾਰ ਸਵੇਰੇ ਸੂਬੇ ਦੇ ਦੀਪ



ਫਲੋਰੀਡਾ ਕੀਜ ਨਾਲ ਟਕਰਾਇਆ ਸੀ। ਮੌਸਮ ਮਾਹਿਰਾਂ ਨੇ ਇਹ ਸੰਕੇਤ ਪਹਿਲਾਂ ਹੀ ਦਿੱਤੇ ਸਨ ਕਿ ਤੂਫਾਨ ਤਬਾਹੀ ਕਰ ਸਕਦਾ ਹੈ। ਇਹ ਤੂਫਾਨ ਜਦੋਂ ਕੀਜ ਨਾਲ ਟਕਰਾਇਆ ਤਾਂ ਉਸ ਵਕਤ ਇਸਨੂੰ ਸ਼੍ਰੇਣੀ ਚਾਹਰ ਵਿਚ ਰੱਖਿਆ ਗਿਆ ਸੀ। 210 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲ ਰਹੀਆਂ ਸਨ। ਕੀਜ ਦੀਪ ਤੇ ਪਾਣੀ ਅਤੇ ਤੇਲ ਦੀ ਸਪਲਾਈ ਠੱਪ ਹੈ। ਤਿੰਨ ਵੱਡੇ ਹਸਪਤਾਲ ਬੰਦ ਹਨ। ਇਸ ਇਲਾਕੇ ਦਾ ਸੋਮਵਾਰ ਨੂੰ ਹਵਾਈ ਸਰਵੇਖਣ ਕਰਨ ਤੋਂ ਬਾਅਦ ਫਲੋਰੀਡਾ ਦੇ ਗਵਰਨਰ ਰਿਕ ਸਕਾਟ ਨੇ ਕਿਹਾ ਕਿ ਇਹ ਵਿਨਾਸ਼ਕਾਰੀ ਹੈ।

# ਰਾਜ ਪੱਧਰੀ ਸਮਾਗਮ 'ਚ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ

ਫ਼ਿਰੋਜ਼ਪੁਰ- ਪੰਜਾਬ ਸਰਕਾਰ ਵੱਲੋਂ ਅੱਜ ਇਥੇ ਇਤਿਹਾਸਿਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸਾਰਾਗੜ੍ਹੀ ਦੀ ਲੜਾਈ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਸੂਬੇ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਮੁੱਖ ਮਹਿਮਾਨ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਸਾਧੂ ਸਿੰਘ ਧਰਮਸੋਤ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਤੋਂ ਪਹਿਲਾਂ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਹਜ਼ੂਰੀ ਰਾਗੀਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਹੀਦਾਂ ਦੇ ਪਰਿਵਾਰਾਂ, ਸਾਬਕਾ ਸੈਨਿਕਾਂ, ਫ਼ੌਜ ਦੇ ਅਧਿਕਾਰੀਆਂ ਤੇ ਜਵਾਨਾਂ ਨੇ ਸ਼ਿਰਕਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਾਰਾਗੜ੍ਹੀ ਦੇ ਬਲੀਦਾਨ ਦੀ ਮਿਸਾਲ ਕੁੱਲ ਆਲਮ ਵਿੱਚ ਨਹੀਂ ਮਿਲਦੀ ਜਦੋਂ 21 ਸਿੱਖ ਸੈਨਿਕਾਂ ਨੇ 10 ਹਜ਼ਾਰ ਪਠਾਣਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਕੇ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਐਲਾਨ ਕੀਤਾ ਕਿ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਬਣਨ ਵਾਲੇ ਸਮਾਰਕ, ਮਿਊਜ਼ੀਅਮ ਆਦਿ 'ਤੇ ਜਿੰਨੀ



ਵੀ ਰਾਸ਼ੀ ਦੀ ਲੋੜ ਹੋਵੇਗੀ, ਉਹ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਵੇਗੀ। ਸਾਰਾਗੜ੍ਹੀ ਦੇ ਇਤਿਹਾਸ ਸਬੰਧੀ ਰਾਜ ਦੇ ਵਿਦਿਆਰਥੀਆਂ ਤੇ ਦੇਸ਼ ਦੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਸਰਹੱਦੀ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਬ੍ਰਿਟਿਸ਼ ਆਰਮੀ ਦੇ ਡੈਲੀਗੇਸ਼ਨ, ਸ਼ਹੀਦਾਂ ਦੇ ਪਰਿਵਾਰਾਂ, ਫ਼ੌਜ ਦੇ ਸਾਬਕਾ ਅਧਿਕਾਰੀਆਂ, ਜਵਾਨਾਂ ਤੇ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਵੱਖ-ਵੱਖ ਸ਼ਖ਼ਸੀਅਤਾਂ ਨੂੰ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਰਾਗੜ੍ਹੀ ਦੀ ਲੜਾਈ ਸਬੰਧੀ ਲਿਖੀ ਖੋਜ ਭਰਪੂਰ ਪੁਸਤਕ ਵੀ ਭੇਟ ਕੀਤੀ।

ਸ੍ਰੀ ਸਿੱਧੂ ਨੇ ਆਪਣੇ ਸੰਬੋਧਨ ਵਿੱਚ ਸਾਰ-'ਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹਾਜ਼ਰੀਨ ਨੂੰ ਯਕੀਨ ਦਿਵਾਇਆ ਕਿ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਸਲਾਹ ਮਸ਼ਵਰਾ ਕਰਕੇ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਮਿਊਜ਼ੀਅਮ, ਲਾਇਬਰੇਰੀ ਆਦਿ ਬਣਾਇਆ ਜਾਵੇਗਾ ਤੇ ਪੰਜਾਬ ਸਰਕਾਰ ਵੱਲੋਂ ਫ਼ੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਸਾਰਾਗੜ੍ਹੀ ਦੇ ਸ਼ਹੀਦਾਂ ਤੋਂ ਪ੍ਰੇਰਨਾ ਲੈਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਸ੍ਰੀ ਧਰਮਸੋਤ ਨੇ ਕਿਹਾ ਕਿ ਸਾਰਾਗੜ੍ਹੀ ਦੀ ਜੰਗ ਸਮੇਂ ਕੇਵਲ 21 ਬੰਦਿਆਂ ਨੇ 10 ਹਜ਼ਾਰ ਫ਼ੌਜੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਮਾਣ ਰਹੇ ਹਾਂ।

# ਨਿਕਸਨ ਔਜਲਾ ਨੂੰ ਭਾਰੀ ਸਦਮਾ ਭੂਆ ਪ੍ਰੀਤਮ ਕੌਰ ਜੀ ਦਾ ਦੇਹਾਂਤ

**ਸੈਕਰਾਮੈਂਟੋ–** ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਦੇ ਜਨਰਲ ਸਕੱਤਰ ਅਤੇ ਉਘੇ ਬਿਜ਼ਨਸਮੈਨ ਸ: ਨਿਕਸਨ ਔਜਲਾ ਨੂੰ ਉਦੋਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਭੂਆ ਸ੍ਰੀਮਤੀ ਪ੍ਰੀਤਮ ਕੌਰ ਜੀ ਬੀਤੇ ਦਿਨੀਂ ਲੰਮੀ ਬਿਮਾਰੀ ਪਿਛੋਂ ਆਪਣੇ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਗੁਰੂ ਚਰਨਾਂ ਚ ਜਾ ਬਿਰਾਜੇ। ਉਹ ਆਪਣੇ ਪਿੱਛੇ ਦੋ ਲੜਕੇ ਸ: ਕੁਲਦੀਪ ਸਿੰਘ ਗੁਰਾਇਆ, ਸ: ਅਮਰੀਕ ਸਿੰਘ ਗੁਰਾਇਆ ਅਤੇ ਲੜਕੀ ਕੁਲਵਿੰਦਰ ਕੌਰ ਧੂਤ ਅਮਰੀਕਾ ਸਮੇਤ ਪੂਰੇ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ। ਉਨ੍ਹਾਂ ਨਮਿਤ ਅੰਤਿਮ ਅਰਦਾਸ ਤੇ ਸੰਸਕਾਰ ਮਿਤੀ 16 ਸਤੰਬਰ-2017 ਦਿਨ ਸ਼ਨੀਵਾਰ ਨੂੰ 11 ਤੋਂ 1 ਵਜੇ ਤੱਕ ਗਰੀਨਲੇਨ ਫਿਊਨਰਲ ਹੋਮ ਬੇਕਰਜ਼ਫੀਲਡ ਵਿਖੇ ਹੋਵੇਗਾ। ਉਰਪੰਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਅੰਗਦ ਦਰਬਾਰ ਬੇਕਰਜ਼ਫੀਲਡ ਵਿਖੇ ਹੋਵੇਗੀ। ਇਥੇ ਦੱਸਣਯੋਗ ਹੈ ਕਿ ਮਾਤਾ ਪ੍ਰੀਤਮ ਕੌਰ ਪੰਜਾਬ ਦੇ ਪਿੰਡ ਸ਼ਾਹਬਾਜਪੁਰ ਤਹਿਸੀਲ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਨ। ਉਨ੍ਹਾਂ ਦੀ ਸ਼ਾਦੀ ਪਿੰਡ ਦੋਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਰਪੰਚ ਸਵ: ਹਰਬੰਸ ਸਿੰਘ ਹੁਰਾਂ ਨਾਲ ਹੋਈ ਸੀ। ਜਿਸ ਪਿਛੋਂ ਉਹ 1996 ਵਿੱਚ ਆਪਣੇ ਪਰਿਵਾਰ ਸਮੇਤ ਅਮਰੀਕਾ ਦੇ ਬੇਕਰਜ਼ਫੀਲਡ ਸ਼ਹਿਰ ਵਿੱਚ ਪੱਕੇ ਤੌਰ ਤੇ ਆਣ ਕੇ ਵਸ ਗਏ ਸਨ। ਮਾਤਾ ਪ੍ਰੀਤਮ ਕੌਰ ਜੀ ਸਮਾਜ ਸੇਵਾ ਨੂੰ ਸਮਰਪਿਤ ਸ਼ਖਸ਼ੀਅਤ ਸਨ। ਜਦੋਂ ਵੀ ਕਿਸੇ ਅਮਰੀਕਾ ਵਸਦੇ ਜਰੂਰਤਮੰਦ ਨੂੰ ਸਹਾਇਤਾ ਦੀ ਲੋੜ ਹੋਣੀ ਤਾਂ ਮਾਤਾ ਜੀ ਨੇ ਉਨ੍ਹਾਂ ਦੀ ਹਰ ਪੱਖ ਤੋਂ ਮੱਦਦ ਕਰਨੀ। ਉਹ ਹਮੇਸ਼ਾ ਨਿਤਨੇਮ ਕਰਦੇ ਸਨ ਤੇ ਉਨ੍ਹਾਂ ਕਦੀ ਵੀ ਨਿਤਨੇਮ ਚ ਨਾਗਾ ਨਹੀਂ ਸੀ ਪਾਇਆ। ਉਨ੍ਹਾਂ ਦੇ ਦਿਹਾਂਤ ਤੇ ਜਿੱਥੇ ਇਲਾਕੇ ਦੀਆਂ ਸ਼ਖਸ਼ੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ, ਉਥੇ ਪੰਜਾਬ ਦੇ ਕਈ ਨਾਮੀ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਸ਼ਖਸ਼ੀਅਤਾਂ ਨੇ ਵੀ ਮਾਤਾ ਪ੍ਰੀਤਮ ਕੌਰ ਜੀ ਦੀ ਮੌਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ: ਨਿਕਸਨ ਔਜਲਾ ਨਾਲ ਫੋਨ 661-979-7946 ਅਤੇ ਮਨਜਿੰਦਰ ਸਿੰਘ ਜੋ ਕੇ ਮਾਤਾ ਜੀ ਦੇ ਪੋਤਾ ਜੀ ਹਨ ਨਾਲ ਫੋਨ ਨੰਬਰ 661-578-2291 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਵਿਸ਼ੇਸ਼ ਸਮਾਗਮ ਦੌਰਾਨ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**-ਸਥਾਨਿਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਜਿਹੜਾ ਕਿ ਪਿਛਲੇ ਡੇਢ ਦਹਾਕੇ ਤੋਂ ਦਮਦਮੀਂ ਟਕਸਾਲ ਦੀ ਰਹਿਨਨਾਮੀ ਹੇਠ ਇਲਾਕੇ ਦੀਆਂ ਸੰਗਤਾਂ ਨੂੰ ਸੇਵਾਵਾਂ ਦਿੰਦਾ ਆ ਰਿਹਾ ਹੈ।ਲੰਘੇ ਐਤਵਾਰ ਇਸ ਗੁਰੂ ਦੇ ਪੁਰਾਣੇ ਅਹੁਦੇਦਾਰਾਂ ਨੇ ਅਖੰਡ ਪਾਠ ਸਹਿਬ ਦੇ ਭੋਗ ਪਾਕੇ ਸੇਵਾ ਦੌਰਾਂਨ ਹੋਈਆਂ ਭੁਲਾ ਬਖਸ਼ਾਉਦਿਆਂ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਤੋਂ ਛੁਟੀ ਲੈ ਲਈ ਤੇ ਨਵੇਂ ਅਹੁਦੇਦਾਰਾਂ ਦੀ ਚੜਦੀ ਕਲਾਂ ਲਈ ਅਰਦਾਸ ਬੇਨਤੀ ਕੀਤੀ।

ਇੰਨ੍ਹਾਂ ਪੁਰਾਣੇ ਅਹੁਦੇਦਾਰਾਂ ਵਿੱਚ ਪ੍ਰਮੁੱਖ ਬਲਵੀਰ ਸਿੰਘ ਖੋਸਾ ਦੇ ਅਸਤੀਫੇ ਬਾਅਦ ਚੁਣੇ ਗਏ ਨਵੇਂ ਅਹੁਦੇਦਾਰਾਂ ਵਿੱਚ ਦਲਵੀਰ ਸਿੰਘ ਸੰਧਰ (ਟਰਲਕ), ਦਲਬੀਰ ਸਿੰਘ ਪੱਡਾ (ਮੈਨਟੀਕਾ), ਮੇਜਰ ਸਿੰਘ (ਫਰਿਜ਼ਨੋ), ਨਛੱਤਰ ਸਿੰਘ ਧਾਲੀਵਾਲ, ਜਤਿੰਦਰ ਸਿੰਘ (ਫਰਿਜ਼ਨੋ) ਆਦਿ ਸ਼ਾਮਲ ਹਨ। ਇਸੇ ਤਰ੍ਹਾਂ ਡਾ. ਬੂਟਾ ਸਿੰਘ ਨੇ ਵੀ ਇਸ ਗੁਰੂਘਰ ਵਿੱਚ ਬਹੁਤ ਲੰਮਾ ਅਰਸਾ ਬਤੌਰ ਮੋਢੀ ਸੇਵਾਦਾਰ ਸੇਵਾਵਾਂ ਨਿਭਾਈਆਂ। ਪਰ ਸਮੇਂ ਦੀ ਘਾਟ ਅਤੇ ਕੰਮ ਦੇ ਰੁਝੇਵਿਆ ਕਰਕੇ ਉਨ੍ਹਾਂ ਵੀ ਆਪਣੀਆਂ ਜਿੰਮੇਵਾਰੀਆ ਤੋਂ ਮੁਕਤੀ ਲਈ। ਇਸ ਸਮੇਂ ਡਾ. ਬੂਟਾ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ



ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਬਰਾਂਚ ਦਮਦਮੀ ਟਕਸਾਲ ਜੱਥਾ ਭਿੰਡਰਾਂ ਦੀ ਅਰੰਭਤਾ ਤਕਰੀਬਨ 17 ਸਾਲ ਪਹਿਲਾਂ ਇਹ ਜ਼ਮੀਨ ਖਰੀਦਕੇ ਕੀਤੀ ਗਈ ਸੀ। ਉਸ ਸਮੇਂ ਤੋਂ ਉਹ ਤਨ-ਮਨ-ਧਨ ਨਾਲ ਆਪਣੀਆਂ ਜਿੰਮੇਵਾਰੀਆਂ ਸੰਗਤ ਦੇ ਪੂਰਨ ਸਹਿਯੋਗ ਨਾਲ ਨਿਭਾਉਦੇ ਆ ਰਹੇ ਹਨ। ਉਹਨਾਂ ਕਿਹਾ ਕਿ ਸੇਵਾ ਨਿਭਾਉਦਿਆਂ ਤੋਂ ਬੇਅੰਤ ਭੁਲਾ ਵੀ ਹੋਈਆ ਹੋਣਗੀਆਂ ਸੰਗਤ ਬਖਸ਼ਣਹਾਰ ਹੈ। ਉਹਨਾਂ ਕਿਹਾ ਕਿ ਉਹ ਅਤੇ ਬਲਵੀਰ ਸਿੰਘ ਖੋਸਾ ਪੂਰਨ ਤੌਰ ਤੇ ਗੁਰੂ ਘਰਾਂ ਦੀਆਂ ਸਾਰੀਆਂ ਡਿਊਟੀਆਂ ਤੋਂ ਸੇਵੀ ਮੁਕਤ ਹੋਣ ਦੇ ਬਾਵਜੂਦ ਨਵੇਂ ਬਣੇ ਪੰਜੇ ਅਹੁਦੇਦਾਰਾਂ ਨੂੰ ਸਹਿਯੋਗ ਕਰਦੇ ਰਹਿਣਗੇ ਤੇ ਗੁਰਦਵਾਰਾ ਸਹਿਬ ਦੀ ਚੜਦੀ ਕਲਾ ਲਈ ਹਮੇਸਾ ਵਾਂਗ ਯਤਨਸ਼ੀਲ ਰਹਿਣਗੇ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਂਨ ਨਗਰ-ਕੀਰਤਨ, ਦੀਵਾਲੀ ਜਾਂ ਹੋਰ ਵੀ ਦਿਨ ਤਿਉਹਾਰ ਤੇ ਉਹ ਸਭ ਪ੍ਰੋਗਰਾਮਾ ਵਿੱਚ ਬਣਦਾ ਯੋਗਦਾਨ ਪਾਉਦੇ ਰਹਿਣਗੇ। ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਆਪਾਂ ਰਲ ਮਿਲਕੇ ਨਵਾਂ ਲੰਗਰ ਹਾਲ ਵੀ ਬਣਾਉਣਾ ਹੈ। ਇਸ ਸਭ ਲਈ ਵੀ ਆਪ ਸਭ ਦੇ ਸਹਿਯੋਗ ਦੀ ਲੋੜ ਹੈ। ਉਹਨਾਂ ਸੰਗਤ ਵੱਲੋਂ ਮਿਲੇ ਸਮੁੱਚੇ ਸਹਿਯੋਗ ਲਈ ਸਭਨਾਂ ਦਾ ਧੰਨਵਾਦ ਵੀ ਕੀਤਾ। ਇਸ ਸਮੇਂ ਗੁਰੂ ਘਰ ਵੱਲੋਂ ਨਵੇਂ ਪੁਰਾਣੇ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਮਾਣ ਬਖਸ਼ਿਆ ਗਿਆ।

# ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ





**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**-ਪੰਜਾਬ ਅੰਦਰ ਕਾਲੇ ਦੌਰ ਦੌਰਾਂਨ ਸੈਕੜੇ ਬੇਦੋਸ਼ੇ ਨੌਜਵਾਨ ਪੁਲਿਸ ਨੇ ਝੂਠੇ ਮੁਕਾਬਲੇ ਬਣਾਕੇ ਮੌਤ ਦੇ ਘਾਟ ਉਤਾਰ ਦਿੱਤੇ ਤੇ ਲਾਵਾਰਸ ਲਾਸ਼ਾਂ ਦਾ ਨਾਮ ਦੇਕੇ ਫੂਕ ਦਿੱਤੇ। ਇਹਨਾਂ ਸਿਵਿਆਂ ਦੀ ਖਾਕ ਛਾਣਦੇ ਛਾਣਦੇ ਮਨੁੱਖੀ ਅਧਿਕਾਰ ਸੰਸਥਾਂ ਦੇ ਆਗੂ ਸ. ਜਸਵੰਤ ਸਿੰਘ ਖਾਲੜਾ ਪੰਜਾਬ ਪੁਲਿਸ ਦੇ ਅਫ਼ਸਰਾਂ ਨੇ ਖੁਦ ਹੀ ਰਾਖ ਬਣਾ ਦਿੱਤੇ। ਉਹਨਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ ਲੰਘੇ ਐਤਵਾਰ ਉਹਨਾਂ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾ ਨੇ ਗੁਰਦਵਾਰਾ ਸਹਿਬ ਪਹੁੰਚਕੇ ਉਹਨਾਂ ਨੂੰ ਸਰਧਾ ਦੇ ਫੁਲ ਭੇਂਟ ਕੀਤੇ। ਰਾਗੀ ਭਾਈ ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾਲਿਆ ਦੇ ਜਥੇ ਨੇ ਰੱਬੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਮਲਕੀਤ ਸਿੰਘ ਨੇ ਗੁਰਬਾਣੀ ਦੀ ਰੌਸ਼ਨੀ ਹੇਠ ਸ਼ਹੀਦ ਖਾਲੜਾ ਦੇ ਜੀਵਨ ਤੇ ਚਾਨਣਾ ਪਾਇਆ। ਕਰਨਾਟਕਾ ਤੋਂ ਅਕਾਲੀ ਦਲ ਅੰਮ੍ਰਿਤਸਰ ਦੇ ਸੱਦੇ ਤੇ ਖਾਸ ਤੌਰ ਤੇ ਪਹੁੰਚੇ ਬਾਵਨ ਮਹੇਸ਼ ਨੇ ਘੱਟ ਗਿਣਤੀ ਤੇ ਦਲਿਤਾ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਕੇ ਹਿੰਦੂਤਵ ਦੇ ਭਗਵਾਕਰਨ ਵਿਰੁਧ ਡਟਣ ਲਈ ਬੇਨਤੀ ਕਰਦਿਆਂ ਸ਼ਹੀਦ ਖਾਲੜਾ ਨੂੰ ਇਨਸਾਨੀਅਤ ਲਈ ਕੁਰਬਾਨ ਹੋਣ ਵਾਲਾ ਮਹਾਨ ਪੁਰਖ ਗਰਦਾਨਿਆ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ। ਕੜਾਹ ਪ੍ਰਸ਼ਾਦ ਦੀ ਦੇਗ ਮਗਰੋਂ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਫ਼ਾਨੀ ਸੰਸਾਰ ਤੋਂ ਰੁਖ਼ਸਤ

**ਹੁਸ਼ਿਆਰਪੁਰ (ਕੁਲਦੀਪ ਚੁੰਬਰ)**- ਸੁਪ੍ਰਸਿੱਧ ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਬੀਤੀ ਰਾਤ ਦਿਲ ਦੀ ਬਿਮਾਰੀ ਕਾਰਨ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। 91ਵਰ੍ਹੇ ਦੀ ਜ਼ਿੰਦਗੀ ਵਿਚ ਉਨ੍ਹਾਂ ਨੇ ਸੈਂਕੜੇ ਸੂਫ਼ੀ ਕਲਾਮ, ਕਵਾਲੀਆਂ, ਭੇਟਾ, ਗਜ਼ਲਾਂ, ਗੀਤ ਲਿਖੇ। ਜਿਨ੍ਹਾਂ ਨੂੰ ਵਡਾਲੀ ਬ੍ਰਦਰਜ਼, ਲਖਵਿੰਦਰ ਵਡਾਲੀ, ਫਿਰੋਜ਼ ਖ਼ਾਨ, ਰਣਜੀਤ ਰਾਣਾ, ਬੂਟਾ ਮੁਹੰਮਦ, ਸਾਬਰ ਕੋਟੀ, ਸੁਦੇਸ਼ ਕੁਮਾਰੀ, ਸਲੀਮ, ਲੱਖਾ ਨਾਜ਼, ਜੋਤੀ ਨੂਰਾਂ ਸਿਸਟਰਜ਼, ਕੁਲਵਿੰਦਰ ਕਿੰਦਾ, ਤਾਜ਼ ਨਗੀਨਾ, ਦਲਵਿੰਦਰ ਦਿਆਲਪੁਰੀ, ਸੁਰਿੰਦਰ ਲਾਡੀ, ਕੁਲਦੀਪ ਚੁੰਬਰ, ਗੁਰਲੇਜ ਅਖ਼ਤਰ ਸਮੇਤ ਕਈ ਹੋਰ ਪ੍ਰਸਿੱਧ ਗਾਇਕਾਂ ਨੇ ਗਾਇਆ। ਦੀਵਾਨਾ ਜੀ ਦੇ ਲਿਖੇ ਕਲਾਮ 'ਤੂ ਮਾਨੇ ਜਾ ਨਾ ਮਾਨੇ ਦਿਲਦਾਰਾ- ਅਸਾਂ



ਤੇ ਤੈਨੂੰ ਰੱਬ ਮੰਨਿਆ'', 'ਯਾਰ ਬਹਿ ਗਿਆ ਨੈਣਾਂ ਦੇ ਵਿਚ ਆਕੇ ਖ਼ੁਦਾ ਦੀ ਗੱਲ ਕੀ ਕਰੀਏ', ਅਤੇ 'ਸੋਹਣੀ ਦਾ ਘੜਾ' ਸੰਸਾਰ ਪ੍ਰਸਿੱਧ ਹੋਏ। ਸੈਂਕੜੇ ਕਲਾਮਾਂ ਦੇ ਰਚਨਹਾਰੇ ਰਾਮ ਪਿਆਰੇ ਦੀਵਾਨਾ ਜੀ ਸਾਡੇ ਵਿਚ ਨਹੀਂ ਰਹੇ। ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਬੱ- ਠੀਆਂ ਬ੍ਰਾਹਮਣਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਜਿਨ੍ਹਾਂ ਨਮਿੱਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 17 ਸਤੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਹੋਵੇਗਾ।

ਅਦਾਰਾ 'ਦੇਸ਼ ਦੁਆਬਾ' ਸਵਰਗੀ ਦੀਵਾਨਾ ਦੀ ਮੌਤ 'ਤੇ ਗਮਗੀਨ ਹੁੰਦਿਆਂ ਉਹਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਾ ਹੈ ਅਤੇ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਪ੍ਰਮਾਤਮਾ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਵੇਟ ਲਿਫਟਰ ਜਗਦੀਸ਼ ਗੁਣਾਚੌਰ ਨੂੰ ਸਦਮਾ, ਪਿਤਾ ਜੋਗਿੰਦਰ ਕੁਮਾਰ ਦਾ ਦਿਹਾਂਤ

**ਬੰਗਾ (ਰੇਸ਼ਮ ਕਰਨਾਣਵੀ)**- ਵੇਟ ਲਿਫਟਿੰਗ ਵਿਚ ਨਿਵੇਕਲਾ ਨਾਮਣਾ ਖੱਟਣ ਵਾਲੇ ਜਗਦੀਸ਼ ਕੁਮਾਰ ਗੁਣਾਚੌਰ ਦੇ ਪਿਤਾ ਸ਼੍ਰੀ ਜੋਗਿੰਦਰ ਕੁਮਾਰ ਦਾ ਬੀਤੇ ਦਿਨੀਂ ਸੰਖੇਪ ਬਿਮਾਰੀ ਨਾ.ਲ ਦਿਹਾਂਤ ਹੋ ਗਿਆ। ਉਹ 77 ਵਰ੍ਹਿਆਂ ਦੇ ਸਨ। ਜਗਦੀਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਸ਼੍ਰੀ ਜੋਗਿੰਦਰ ਕੁਮਾਰ ਨਿੱਤਨੇਮ ਨਾ.ਲ ਰਸੋਖਾਨਾ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ, ਗੁਰਦੁਆਰਾ ਸਰੋਵਰ ਸਾਹਿਬ ਅਤੇ ਪਿੰਡ ਗੁਣਾਚੌਰ ਦੇ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੇ ਪਵਿੱਤਰ ਅਸਥਾਨਾਂ ਦੀ ਨਿਸ਼ਕਾਮ ਸੇਵਾ 'ਚ ਹਾਜ਼ਰ ਰਹਿੰਦੇ ਸਨ। ਜ਼ਿਕਰਯੋਗ ਹੈ ਜੋਗਿੰਦਰ ਕੁਮਾਰ ਨੇ ਆਪਣੇ ਪੁੱਤਰਾਂ ਨੂੰ ਵੇਟਲਿਫਟਿੰਗ ਵਿੱਚ ਮੱਲਾਂ ਮਾਰਨ ਲਈ ਵੱਡਾ ਸਹਿਯੋਗ ਦੇ ਕੇ ਅੱਗੇ ਵਧਣ ਦੇ ਮੌਕੇ ਪ੍ਰਦਾਨ ਕੀਤੇ ਜਿਸ



ਕਰਕੇ ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੇ ਹੋਣਹਾਰ ਖਿਡਾਰੀ ਜਗਦੀਸ਼ ਕੁਮਾਰ, ਬਲਵਿੰਦਰ ਕੁਮਾਰ ਦੋਵੇਂ ਸਪੁੱਤਰ ਪੰਜਾਬ ਪੁਲਿਸ ਦੇ ਰਾਸ਼ਟਰੀ ਚੈਂਪੀਅਨ ਰਹੇ ਹਨ। ਅਗਲੀ ਪੀੜ੍ਹੀ ਵਿੱਚ ਜੋਗਿੰਦਰ ਕੁਮਾਰ ਦੇ ਤਿੰਨ ਪੋਤਰੇ ਅਮਰਜੀਤ ਗੁਰੂ (ਏਅਰ ਫੋਰਸ), ਬਲਦੇਵ ਗੁਰੂ ਅਤੇ ਅਦਿੱਤਯ ਗੁਰੂ ਦੇਸ਼ ਦੀ ਰਾਸ਼ਟਰੀ ਜੂਨੀਅਰ ਚੈਂਪੀਅਨਸ਼ਿਪ ਵਿੱਚੋਂ ਗੋਲਡ ਅਤੇ ਸਿਲਵਰ ਮੈਡਲ ਜਿੱਤ ਕੇ ਅੱਗੇ ਵਧ ਰਹੇ ਹਨ।

ਪਰਿਵਾਰ ਨੂੰ ਇਨ੍ਹਾਂ ਪ੍ਰਾਪਤੀਆਂ ਯੋਗ ਬਣਾਉਣ ਵਾਲੇ ਸ਼੍ਰੀ ਜੋਗਿੰਦਰ ਕੁਮਾਰ ਨਮਿਤ ਅੰਤਮ ਅਰਦਾਸ 15 ਸਤੰਬਰ ਦਿਨ ਸ਼ੁੱਕਰਵਾਰ ਨੂੰ ਹੋਵੇਗੀ।

****

# ਸਾਹਿਤ ਸਭਾ ਦੀ ਮੀਟਿੰਗ 'ਚ ਗੌਰੀ ਲੰਕੇਸ਼ ਨੂੰ ਸ਼ਰਧਾਂਜਲੀ

**ਹੁਸ਼ਿਆਰਪੁਰ**- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਭਾ ਦੇ ਸਾਰੇ ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਵਿਚ ਡਾ. ਕਰਮਜੀਤ ਸਿੰਘ, ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਗੌਰੀ ਲੰਕੇਸ਼ ਦੀ ਹੱਤਿਆ ਇੱਕ ਤਰ੍ਹਾਂ ਨਾਲ ਲੋਕਤੰਤਰ ਦੀ ਹੱਤਿਆ ਹੈ। ਉਹ ਇੱਕ ਬੇਬਾਕ ਪੱਤਰਕਾਰ ਸੀ ਜੋ ਆਮ ਲੋਕਾਂ ਦੇ ਹੱਕਾਂ ਦੀ ਗੱਲ ਕਰਦੀ ਸੀ ਅਤੇ ਫੇਕ ਨਿਊਜ਼ ਵਾਲਿਆਂ ਦੇ ਪਾਜ਼ ਉਧੇੜਦੀ ਸੀ। ਇਸ ਤੋਂ ਪਹਿਲਾਂ ਵੀ ਬੋਲਣ ਦੀ ਅਜ਼ਾਦੀ ਉੱਤੇ ਹਮਲਾ ਕਰਨ ਵਾਲੇ ਅਸਮਾਜਿਕ ਅਨਸਰਾਂ ਵਲੋਂ ਪਾਨੇਸਰ, ਦਬੋਲਕਰ ਅਤੇ ਡਾ. ਕੁਲਬੁਰਗੀ ਦੀ ਹੱਤਿਆ ਕੀਤੀ ਜਾ ਚੁੱਕੀ ਹੈ।ਬੁਲਾਰਿਆਂ ਨੇ ਇਨ੍ਹਾਂ ਵਿਦਵਾਨਾਂ ਦੇ ਹੱਤਿਆਰਿਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਨ ਦੀ ਗੱਲ ਕੀਤੀ।ਮੀਟਿੰਗ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ



ਵਲੋਂ ਦਿੱਤੇ ਵਿਸ਼ੇ 'ਭਾਸ਼ਾ, ਸਮਾਂ ਅਤੇ ਸੰਵਾਦ' ਵਿਸ਼ੇ ਤੇ ਨਵੰਬਰ ਮਹੀਨੇ ਸਮਾਗਮ ਕਰਨ ਦੀ ਰੂਪ ਰੇਖਾ ਉਲੀਕੀ।

ਡਾ. ਜਸਵੰਤ ਰਾਏ ਦੇ ਯਾਦਾਂ ਲੇਖ 'ਮੈਂ ਕਦੇ ਲਾਲ ਲੀਖ ਨੀ ਟੱਪੀ' ਤੇ ਨਿੱਠ ਕੇ ਚਰਚਾ ਕੀਤੀ ਗਈ।ਇਸ ਉਪਰੰਤ ਕਹਾਣੀ ਅਤੇ ਕਵਿਤਾ ਪਾਠ ਕਰਵਾਇਆ ਗਿਆ ਜਿਸ ਵਿਚ ਜਸਬੀਰ ਸਿੰਘ ਧੀਮਾਨ, ਪ੍ਰਿੰਸੀ. ਸਤਵੰਤ ਕਲੋਟੀ, ਲਖਵਿੰਦਰ ਰਾਮ, ਕਹਾਣੀਕਾਰ ਸਤੀਸ਼ ਕੁਮਾਰ, ਤ੍ਰਿਪਤਾ ਕੇ ਸਿੰਘ, ਸੁਰਿੰਦਰ ਕੰਗਵੀ, ਦਰਸ਼ਨ ਸਿੰਘ ਦਰਸ਼ਨ, ਗੌਰਵ ਕਾਲੀਆ, ਪਰਮਜੀਤ ਸਿੰਘ ਗੇਰਾ, ਪ੍ਰਿੰਸੀ. ਦਾਸ ਰਾਮ, ਮਨਦੀਪ ਖੋਖਰ, ਪ੍ਰਿੰਸੀ. ਗੁਰਦਿਆਲ ਸਿੰਘ, ਗੁਰਨਾਮ ਸਿੰਘ ਪ੍ਰੀਤ, ਰਵੀ ਜੈਨ, ਰਣਜੀਤ ਸਿੰਘ, ਅਮਨਗੀਤ ਸਿੰਘ, ਗਗਨਦੀਪ ਸ਼ਰਮਾ, ਆਯੂਸ਼ ਸ਼ਰਮਾ ਨੇ ਭਾਗ ਲਿਆ। ਪ੍ਰਧਾਨਗੀ ਭਾਸ਼ਣ ਵਿਚ ਮਦਨ ਵੀਰਾ ਨੇ ਪੇਸ਼ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਕੀਤੀਆਂ ਅਤੇ ਧੰਨਵਾਦੀ ਸ਼ਬਦ ਆਖੇ।ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।

**ਰਿਪੋਰਟ: ਡਾ. ਜਸਵੰਤ ਰਾਏ (ਜਨਰਲ ਸਕੱਤਰ ਸਾਹਿਤ ਸਭਾ)**

# ਮਹਿਲਾ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੇ ਮਾਮਲੇ ਦੀ ਬਸਪਾ ਨੇ ਕੀਤੀ ਸਖਤ ਨਿੰਦਾ

**ਫਗਵਾੜਾ (ਬੀ. ਕੇ.ਰੱਤੂ)**- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਸ. ਰਸ਼ਪਾਲ ਸਿੰਘ ਰਾਜੂ ਨੇ ਬੇਂਗਲੁਰੂ ਵਿਚ ਮਹਿਲਾ ਪੱਤਰਕਾਰ ਗੌਰੀ ਲੰਕੇਸ਼ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਦੋਂ ਦੀ ਕੇਂਦਰ ਵਿਚ ਭਾਜਪਾ ਸਰਕਾਰ ਆਈ ਹੈ, ਉਦੋਂ ਤੋਂ ਦੇਸ਼ ਵਿਚ ਅਸੁਰੱਖਿਆ ਦਾ ਮਾਹੌਲ ਬਣਿਆ ਹੋਇਆ ਹੈ। ਹਿੰਸਕ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਪੱਤਰਕਾਰਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾਂ ਦੇ ਨਾਲ-ਨਾਲ ਸਮਾਜਿਕ ਕਾਰਜਕਰਤਾਵਾਂ ਨੂੰ ਵੀ ਦੱਬਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦਲਿਤਾਂ, ਪਛੜਿਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ 'ਤੇ ਹਮਲੇ ਹੋ ਰਹੇ ਹਨ। ਇਸ ਤਰ੍ਹਾਂ ਦੇ ਅਸੁਰੱਖਿਅਤ ਮਾਹੌਲ ਕਰਕੇ ਲੋਕਾਂ ਵਿਚ ਰੋਹ ਫੈਲ ਰਿਹਾ ਹੈ। ਸ. ਰਸ਼ਪਾਲ ਸਿੰਘ ਰਾਜੂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 2019 'ਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਜੜੋਂ ਪੁੱਟਣ ਲਈ ਤਿਆਰ ਰਹਿਣ। ਇਸ ਤੋਂ ਇਲਾਵਾ ਬਸਪਾ ਸੂਬਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਅੰਮ੍ਰਿਤਸਰ ਨੇੜੇ ਪੁਲਸ ਵਲੋਂ ਇਕ ਢਾਬਾ ਮਾਲਕ ਨਾਲ ਕੁੱਟਮਾਰ ਕੀਤੇ ਜਾਣ ਦੀ ਘਟਨਾ 'ਤੇ ਵੀ ਸਖਤ ਇਤਰਾਜ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪੁਲਸ ਦੀ ਗੁੰਡਾਗਰਦੀ ਬੰਦ ਹੋਣੀ ਚਾਹੀਦੀ ਹੈ। ਅਕਾਲੀ-ਭਾਜਪਾ ਵਾਂਗ ਮੌਜੂਦਾ ਕਾਂਗਰਸ ਸਰਕਾਰ ਦੇ ਰਾਜ 'ਚ ਵੀ ਲੋਕਾਂ 'ਤੇ ਅੱਤਿਆਚਾਰ ਲਗਾਤਾਰ ਜਾਰੀ ਹਨ। ਪੀੜਤ ਲੋਕਾਂ ਨੂੰ ਇਨਸਾਫ ਲਈ ਭਟਕਣਾ ਪੈ ਰਿਹਾ ਹੈ।

# ਖੱਬੇਪੱਖੀ ਪੱਤਰਕਾਰ ਗੌਰੀ ਲੋਕੇਸ਼ ਦੀ ਹੱਤਿਆ ਜਿੱਥੇ ਭਾਰਤੀ ਪੱਤਰਕਾਰੀ ਲਈ ਵੱਡਾ ਨੁਕਸਾਨ -ਮਨਜੀਤ ਮਾਨ

**ਫਗਵਾੜਾ (ਬੀ ਕੇ ਰੱਤੂ)**- ਸੱਚ ਦੀ ਆਵਾਜ਼ ਤੇ ਨਿਡਰਤਾ ਨਾਲ ਪਹਿਰਾ ਦੇਣ ਵਾਲੀ ਜਾਂਬਾਜ਼ ਪੱਤਰਕਾਰ ਗੌਰੀ ਲੋਕੇਸ਼ ਦੀ ਆਵਾਜ਼ ਨੂੰ ਸਦੀਵੀ ਤੌਰ 'ਤੇ ਬੰਦ ਕਰਨ ਦਾ ਭੁਲੇਖਾ ਪਾਲ ਰਹੀਆਂ ਫ਼ਾਸੀਵਾਦੀ ਤਾਕਤਾਂ ਦਾ ਭਰਮ ਤੋੜਦਿਆਂ ਜਰਨਾਲਿਸਟ ਪ੍ਰੈਸ ਕਲੱਬ ਪੰਜਾਬ ਸੂਬਾ ਪ੍ਰਧਾਨ ਮਨਜੀਤ ਮਾਨ, ਜਨਰਲ ਸਕੱਤਰ ਰਵਿੰਦਰ ਵਰਮਾ ਅਤੇ ਫਗਵਾੜਾ ਯੂਨਿਟ ਦੇ ਪ੍ਰਧਾਨ ਡਾ. ਰਮਨ ਸ਼ਰਮਾ ਨੇ ਕਿਹਾ ਕਿ ਪ੍ਰਸਿੱਧ ਕੰਨੜ ਪੱਤ੍ਰਿਕਾ ਦੀ ਸੰਪਾਦਕ ਤੇ ਸਮਾਜਿਕ ਸਰੋਕਾਰਾਂ ਲਈ ਬੇਵਾਕੀ ਨਾਲ ਆਵਾਜ਼ ਉਠਾਉਣ ਵਾਲੀ ਖੱਬੇਪੱਖੀ ਪੱਤਰਕਾਰ ਗੌਰੀ ਲੋਕੇਸ਼ ਦੀ ਹੱਤਿਆ ਜਿੱਥੇ ਭਾਰਤੀ ਪੱਤਰਕਾਰੀ ਲਈ ਵੱਡਾ ਨੁਕਸਾਨ ਹੈ ਉੱਥੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਵਾਜ਼ ਉੱਤੇ ਵੀ ਇੱਕ ਵੱਡਾ ਵਾਰ ਹੈ। ਇਸ ਮੌਕੇ ਹਾਜ਼ਰ ਪੱਤਰਕਾਰ ਸੁਖਵਿੰਦਰ ਸਿੰਘ, ਕ੍ਰਿਪਾਲ ਸਿੰਘ ਮਾਇਓਪੱਟੀ, ਬੀ.ਕੇ. ਰੱਤੂ, ਕੇ.ਐਸ. ਨੂਰ., ਅਨਿਲ ਭੱਲਾ, ਮਨਦੀਪ ਸੰਧੂ, ਗਗਜੀਤ ਸਿੰਘ, ਉਂਕਾਰ ਸਿੰਘ, ਪਰਵਿੰਦਰਜੀਤ ਸਿੰਘ, ਪ੍ਰਵੀਨ ਕਨੌਜੀਆ,ਅਸ਼ੋਕ ਸ਼ਰਮਾ, ਤਰੁਣ ਮਹਿਤਾ, ਰਵੀ ਚੌਹਾਨ, ਕਮਲ ਰਾਏ, ਹਰਵਿੰਦਰ ਸੈਣੀ, ਅਸ਼ੋਕ ਲਾਲ, ਅਜੈ ਕੋਛੜ ਆਦਿ ਨੇ ਕਿਹਾ ਕਿ ਦੇਸ਼ ਦੇ ਚੌਥੇ ਥੰਮ ਵਜੋਂ ਜਾਣੀ ਜਾਂਦੀ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜਦ ਤੱਕ ਗੌਰੀ ਲੋਕੇਸ਼ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਉਨਾ ਚਿਰ ਤੱਕ ਰੋਸ ਮੁਜ਼ਾਹਰੇ ਕੀਤੇ ਜਾਣਗੇ ਅਤੇ ਪ੍ਰੈਸ ਨੂੰ ਦਬਾਉਣ ਵਾਲੇ ਅਨਸਰਾਂ ਦਾ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ।

ਦੇਸ਼ ਦੁਆਬਾ

# ਗੌਰੀ ਲੰਕੇਸ਼ ਦੀ ਆਖਰੀ ਸੰਪਾਦਕੀ

## ਫੇਕ ਨਿਊਜ਼ ਦੇ ਜ਼ਮਾਨੇ ਵਿਚ

(ਰਵੀਸ਼ ਕੁਮਾਰ ਦੇ ਬਲੌਗ http://naisadak.org/
ਤੋਂ ਪ੍ਰਾਪਤ ਹਿੰਦੀ ਅਨੁਵਾਦ ਦਾ ਪੰਜਾਬੀ ਰੂਪ)

**ਪ੍ਰੋ ਰਾਜਿੰਦਰ ਪਾਲ ਸਿੰਘ ਬਰਾੜ**
**ਪੰਜਾਬੀ ਯੂਨੀਵਰਸਿਟੀ,ਪਟਿਆਲਾ (91-98150-50617)**

ਇਸ ਹਫਤੇ ਦੇ ਅੰਕ ਵਿਚ ਮੇਰੇ ਦੋਸਤ ਡਾ.ਵਾਸੂ ਨੇ ਗੋਇਬਲਜ ਵਾਂਗ ਭਾਰਤ ਵਿਚ 'ਫੇਕ ਨਿਊਜ਼' ਬਣਾਉਣ ਦੀ ਫੈਕਟਰੀ ਬਾਰੇ ਲਿਖਿਆ। ਝੂਠ ਦੀਆਂ ਅਜਿਹੀਆਂ ਫੈਕਟਰੀਆਂ ਜਿਆਦਾਤਰ ਮੋਦੀ ਭਗਤ ਹੀ ਚਲਾਉਂਦੇ ਹਨ। ਝੂਠ ਦੀਆਂ ਫੈਕਟਰੀਆਂ ਨਾਲ ਜੋ ਨੁਕਸਾਨ ਹੋ ਰਿਹਾ ਹੈ,ਮੈਂ ਆਪਣੀ ਸੰਪਾਦਕੀ ਵਿਚ ਦੱਸਣ ਦਾ ਯਤਨ ਕਰਾਂਗੀ। ਅਜੇ ਪਰਸੋਂ ਹੀ ਗਣੇਸ਼ ਚਤੁਰਥੀ ਸੀ। ਉਸ ਦਿਨ ਸ਼ੋਸ਼ਲ ਮੀਡੀਆ ਤੇ ਝੂਠ ਫੈਲਾਇਆ ਗਿਆ। ਫੈਲਾਉਣ ਵਾਲੇ ਸੰਘ ਦੇ ਲੋਕ ਸਨ। ਇਸ ਝੂਠ ਕੀ ਹੈ? ਝੂਠ ਇਹ ਹੈ ਕਿ ਕਰਨਾਟਕ ਸਰਕਾਰ ਜਿਵੇਂ ਕਹੇਗੀ ਉਥੇ ਹੀ ਗਣੇਸ਼ ਦੀ ਮੂਰਤੀ ਸਥਾਪਤ ਕਰਨੀ ਹੈ, ਉਸ ਤੋਂ ਪਹਿਲਾਂ ਦਸ ਲੱਖ ਜਮਾਂ ਕਰਵਾਉਣਾ ਹੋਵੇਗਾ। ਮੂਰਤੀ ਦੀ ਉਚਾਈ ਕਿੰਨੀ ਹੋਵੇਗੀ, ਇਸ ਦੀ ਅਗਿਆ ਸਰਕਾਰ ਤੋਂ ਲੈਣੀ ਪਵੇਗੀ, ਜਿਥੇ ਦੂਜੇ ਧਰਮਾਂ ਦੇ ਲੋਕ ਰਹਿੰਦੇ ਹਨ ਉਹ ਰਸਤੇ ਮੂਰਤੀ ਵਿਸਰਜਨ ਲਈ ਨਹੀਂ ਜਾ ਸਕਦੇ। ਪਟਾਖੇ ਵਗੈਰਾ ਨਹੀਂ ਚਲਾ ਸਕਦੇ। ਸੰਘ ਦੇ ਲੋਕਾਂ ਨੇ ਇਸ ਝੂਠ ਨੂੰ ਬਹੁਤ ਫੈਲਾਇਆ। ਇਸ ਝੂਠ ਇਨ੍ਹੇ ਜੋਰ ਨਾਲ ਫੈਲਾਇਆ ਗਿਆ ਕਿ ਅੰਤ ਵਿਚ ਕਰਨਾਟਕਾ ਦੇ

> ਬੇਖੌਫ, ਨਿਧੜਕ, ਨਾਮੀ ਪੱਤਰਕਾਰ ਗੌਰੀ ਲੰਕੇਸ਼ ਦੇ ਦਰਦਨਾਕ ਕਤਲ ਦੀ ਅਦਾਰਾ 'ਦੇਸ਼ ਦੁਆਬਾ' ਨਿਖੇਧੀ ਕਰਦਾ ਹੈ ਅਤੇ ਗੌਰੀ ਲੰਕੇਸ਼ ਨੂੰ ਸ਼ਰਧਾਂਜਲੀ ਦੇ ਤੌਰ ਤੇ ਉਹਨਾਂ ਦੀ ਲਿਖੀ ਆਖਰੀ ਸੰਪਾਦਕੀ ਨੂੰ ਪਾਠਕਾਂ ਦੇ ਰੂਬਰੂ ਕਰਨ ਜਾ ਰਹੇ ਹਾਂ।
> **– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ 'ਦੇਸ਼ ਦੁਆਬਾ')**

ਪੁਲਿਸ ਮੁਖੀ ਆਰ.ਕੇ ਦੱਤਾ ਨੂੰ ਪ੍ਰੈਸ ਬੁਲਾਕੇ ਸਫਾਈ ਦੇਣੀ ਪਈ ਕਿ ਸਰਕਾਰ ਨੇ ਅਜਿਹਾ ਕੋਈ ਨਿਯਮ ਨਹੀਂ ਬਣਾਇਆ। ਇਹ ਸਭ ਝੂਠ ਹੈ। ਇਸ ਝੂਠ ਦਾ ਸਰੋਤ ਪਤਾ ਕਰਨ ਦੀ ਜਦੋਂ ਅਸੀਂ ਕੋਸ਼ਿਸ਼ ਕੀਤੀ ਤਾਂ ਇਸ POSTCARD.in ਨਾਂ ਦੀ ਵੈਬਸਾਇਟ ਤੇ ਜਾ ਪਹੁੰਚਿਆ। ਇਸ ਵੈਬਸਾਇਟਾਂ ਪੱਕੇ ਹਿੰਦੂਤਵਵਾਦੀਆਂ ਦੀ ਹੈ। ਇਸ ਦਾ ਕੰਮ ਹਰ ਰੋਜ 'ਫੇਕ ਨਿਊਜ' ਬਣਾਕੇ ਸ਼ੋਸ਼ਲ ਮੀਡੀਆ ਤੇ ਫੈਲਾਉਣਾ ਹੈ। 11 ਅਗਸਤ ਨੂੰ POSTCARD.in ਵਿਚ ਇਕ ਸਿਰਲੇਖ ਲਿਖਿਆ ਸੀ – ਕਰਨਾਟਕਾ ਵਿਚ ਤਾਲਿਬਾਨ ਸਰਕਾਰ। ਇਸ ਸਿਰਲੇਖ ਦੇ ਸਹਾਰੇ ਰਾਜ ਵਿਚ ਝੂਠ ਫੈਲਾਉਣ ਦੀ ਕੋਸ਼ਿਸ਼ ਸ਼ੁਰੂ ਹੋਈ। ਸੰਘ ਦੇ ਲੋਕ ਇਸ ਵਿਚ ਕਾਮਯਾਬ ਵੀ ਹੋਏ। ਜੋ ਲੋਕ ਕਿਸੇ ਨਾ ਕਿਸੇ ਕਾਰਨ ਸਰਕਾਰ ਤੋਂ ਨਰਾਜ ਰਹਿੰਦੇ ਸਨ ਉਹਨਾਂ ਨੇ ਇਸ ਫੇਕ ਨਿਊਜ ਨੂੰ ਹਥਿਆਰ ਬਣਾ ਲਿਆ। ਸਭ ਤੋਂ ਹੈਰਾਨੀ ਅਤੇ ਦੁੱਖ ਦੀ ਗੱਲ ਇਹ ਹੈ ਕਿ ਲੋਕਾਂ ਨੇ ਬਗੈਰ ਸੋਚੇ ਸਮਝੇ ਇਸ ਨੂੰ ਸਹੀ ਮੰਨ ਲਿਆ। ਆਪਣੇ ਕੰਨ, ਨੱਕ ਅਤੇ ਦਿਮਾਗ ਦੀ ਵਰਤੋਂ ਨਹੀਂ ਕੀਤੀ। ਪਿਛਲੇ ਹਫਤੇ ਜਦੋਂ ਅਦਾਲਤ ਨੇ ਰਾਮ ਰਹੀਮ ਨਾਂ ਦੇ ਢੋਗੀ ਬਾਬੇ ਨੂੰ ਬਲਾਤਕਾਰ ਦੇ ਮਾਮਲੇ ਵਿਚ ਸਜਾ ਸੁਣਾਈ ਉਦੋਂ ਉਸ ਨਾਲ ਬੇ.ਜੇ.ਪੀ ਦੇ ਨੇਤਾਵਾਂ ਦੀਆਂ ਕਈ ਤਸਵੀਰਾਂ ਸ਼ੋਸ਼ਲ ਮੀਡੀਆ ਤੇ ਵਾਈਰਲ ਹੋਣ ਲੱਗੀਆਂ। ਇਸ ਢੋਗੀ ਬਾਬੇ ਦੇ ਨਾਲ ਮੋਦੀ ਦੇ ਨਾਲੋ ਨਾਲ ਹਰਿਆਣਾ ਦੇ ਬੀ.ਜੇ.ਪੀ. ਵਿਧਾਇਕਾਂ ਦੀਆਂ ਫੋਟੋ ਅਤੇ ਵੀਡੀਓ ਵਾਈਰਲ ਹੋਣ ਲੱਗੀਆਂ। ਇਸ ਨਾਲ ਬੀ.ਜੇ.ਪੀ. ਅਤੇ ਸੰਘ ਪਰਿਵਾਰ ਪਰੇਸ਼ਾਨ ਹੋ ਗਿਆ। ਇਸ ਨੂੰ ਕਾਊਂਟਰ ਕਰਨ ਲਈ ਗੁਰਮੀਤ ਬਾਬਾ ਦੇ ਨਾਲ ਕੇਰਲ ਦੇ ਸੀ.ਪੀ ਐਮ.ਦੇ ਮੁਖ ਮੰਤਰੀ ਪਿਨਰਾਈ ਵਿਜਯਨ ਦੇ ਬੈਠੇ ਦੀ ਤਸਵੀਰ ਵਾਈਰਲ ਕਰਾ ਦਿੱਤੀ ਗਈ। ਅਸਲ ਤਸਵੀਰ ਵਿਚ ਕਾਂਗਰਸ ਦੇ ਨੇਤਾ ਓਮਨ ਚਾਂਡੀ ਬੈਠੇ ਹਨ। ਪਰ ਉਹਨਾਂ ਦੇ ਧੜ ਤੇ ਵਿਜਯਨ ਦਾ ਸਿਰ ਲਾ ਦਿੱਤਾ ਗਿਆ ਅਤੇ ਸੰਘ ਦੇ ਲੋਕਾਂ ਨੇ ਇਸਨੂੰ ਸ਼ੋਸ਼ਲ ਮੀਡੀਆ ਤੇ ਫੈਲਾ ਦਿੱਤਾ। ਸ਼ੁੱਕਰ ਹੈ, ਸੰਘ ਦਾ ਇਹ ਤਰੀਕਾ ਕਾਮਯਾਬ ਨਹੀਂ ਹੋਇਆ ਕਿਉਂਕਿ ਲੋਕ ਤਰੁੰਤ ਹੀ ਅਸਲ ਤਸਵੀਰ ਕੱਢ ਲਿਆਏ ਅਤੇ ਸ਼ੋਸ਼ਲ ਮੀਡੀਓ ਤੇ ਸਚਾਈ ਸਾਹਮਣੇ ਰੱਖ ਦਿੱਤੀ।

ਅਸਲ ਵਿਚ ਪਿਛਲੇ ਸਾਲ ਤੱਕ ਰਾਸ਼ਟਰੀ ਸਵੈਮ ਸੇਵਕ ਸੰਘ ਦੇ 'ਫੇਕ ਨਿਊਜ ਪ੍ਰਪੇਗੰਡਾ' ਨੂੰ ਰੋਕਣ ਜਾਂ ਸਾਹਮਣੇ ਲਿਆਉਣ ਵਾਲਾ ਕੋਈ ਨਹੀਂ ਸੀ। ਹੁਣ ਬਹੁਤ ਸਾਰੇ ਲੋਕ ਇਸ ਤਰਾਂ ਦੇ ਕੰਮ ਵਿਚ ਜੁਟ ਗਏ ਹਨ, ਜੋ ਚੰਗੀ ਗੱਲ ਹੈ। ਪਹਿਲਾ ਇਸ ਤਰਾਂ ਦੀ ਫੇਕ ਨਿਊਜ ਹੀ ਚਲਦੀ ਰਹਿੰਦੀ ਸੀ ਹੁਣ ਫੇਕ ਨਿਊਜ ਦੇ ਨਾਲੋ- ਨਾਲ ਅਸਲੀ ਨਿਊਜ ਵੀ ਆਉਣ ਲੱਗ ਪਈ ਹੈ ਅਤੇ ਲੋਕ ਉਸ ਨੂੰ ਪੜ੍ਹ ਵੀ ਰਹੇ ਹਨ। ਉਦਾਹਰਣ ਵਜੋਂ 15 ਅਗਸਤ ਦੇ ਦਿਨ ਜਦੋਂ ਲਾਲ ਕਿਲੇ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਭਾਸ਼ਣ ਦਿੱਤਾ ਉਸਦਾ ਇੱਕ ਵਿਸ਼ਲੇਸ਼ਣ 17 ਅਗਸਤ ਨੂੰ ਖੂਬ ਵਾਈਰਲ ਹੋਇਆ। ਧਰੁਵ ਰਾਠੀ ਨੇ ਉਸਦਾ ਵਿਸ਼ਲੇਸ਼ਣ ਕੀਤਾ। ਧਰੁਵ ਰਾਠੀ ਦੇਖਣ ਨੂੰ ਤਾਂ ਕਾਲਜ ਦੇ ਮੁੰਡਿਆਂ ਦਾ ਵਰਗਾ ਹੈ ਪਰ ਉਹ ਪਿਛਲੇ ਕਈ ਮਹੀਨਿਆਂ ਤੋਂ ਮੋਦੀ ਦੇ ਝੂਠ ਦੀ ਪੋਲ ਸ਼ੋਸ਼ਲ ਮੀਡੀਆ ਤੇ ਖੋਲ੍ਹ ਦਿੰਦਾ ਹੈ। ਪਹਿਲਾ ਇਹ ਵੀਡੀਓ ਸਾਡੇ ਵਰਗੇ ਲੋਕਾਂ ਨੂੰ ਹੀ ਦਿਸ ਰਿਹਾ ਸੀ, ਆਮ ਆਦਮੀਂ ਤੱਕ ਨਹੀਂ ਪਹੁੰਚ ਰਿਹਾ ਸੀ ਪਰ 17 ਅਗਸਤ ਦਾ ਵੀਡੀਓ ਇਕ ਦਿਨ ਵਿਚ ਇਕ ਲੱਖ ਤੋਂ ਜਿਆਦਾ ਲੋਕਾਂ ਤੱਕ

**(ਬਾਕੀ ਅਗਲੇ ਸਫੇ ਤੇ)**

> ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। –ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

*ਲੜੀ ਨੰਬਰ-41*

## ਗੁਰਬਾਣੀ ਚਾਨਣ ਵਿੱਚ ਨਾਮ-ਸਿਮਰਨ



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਸਿਮਰਨ-ਇਹ ਸੰਸਕ੍ਰਿਤ ਦਾ ਸ਼ਬਦ ਤੇ ਅਰਥ ਹਨ ਯਾਦ, ਚੇਤਾ, ਚਿੰਤਨ ਅਤੇ ਅਰਾਧਨਾ। ਜਿਵੇਂ ਮਾਂ ਬਚਿਆਂ ਨੂੰ ਯਾਦ ਕਰਦੀ ਤੇ ਕੂੰਜਾਂ ਸੈਕੜੇ ਕੋਹ ਦੂਰ ਉਡਦੀਆਂ ਵੀ ਆਪਣੇ ਬਚਿਆਂ ਨੂੰ ਯਾਦ ਕਰਦੀਆਂ (ਸਿਮਰਦੀਆਂ) ਹਨ-ਊਡੇ ਊਡਿ ਆਵਹਿ ਸੈ ਕੋਸਾਂ ਤਿਸ ਪਾਛੈ ਬਚਰੇ ਛਰਿਆ॥ ਤਿਨਿ ਕਵਣੁ ਖੁਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ॥(੧੦) ਨਾਮ ਸਿਮਰਨ ਕਿਵੇਂ ਕਰਨਾ ਹੈ? ਇਸ ਬਾਰੇ ਬੁਹਤ ਭਲੇਖੇ ਪਾਏ ਗਏ ਹਨ ਜਿਵੇਂ ਮਾਲਾ ਫੇਰ ਕੇ, ਗਿਣਤੀ-ਮਿਣਤੀ ਕਰਕੇ, ਚੌਂਕੜਾ ਮਾਰਕੇ, ਅੱਖਾਂ ਮੀਟ ਕੇ, ਬਾਰ ਬਾਰ ਕਿਸੇ ਸ਼ਬਦ ਦਾ ਰਟਨ ਕਰਕੇ, ਤੜਕੇ ਉੱਠ ਕੇ, ਕਿਸੇ ਸੰਤ ਸਾਧ ਜਾਂ ਜਥੇ ਦੀ ਦੱਸੀ ਵਿਧੀ ਦੁਆਰਾ ਆਦਿਕ। ਪਰ ਗੁਰੂ ਜੀ ਉਪ੍ਰੋਕਤ ਸਭ ਵਿਧੀਆਂ ਦਾ ਖੰਡਨ ਕਰਦੇ ਹੋਏ ਸਿੱਧਾ ਸਾਧਾ ਗੁਰਮਤਿ ਮਾਰਗ ਦਰਸਾਉਂਦੇ ਹਨ-ਊਠਤ ਬੈਠਤ ਸੋਵਤ ਨਾਮੁ॥ ਕਹੁ ਨਾਨਕ ਜਨ ਕੈ ਸਦ ਕਾਮ॥(੨੮੬) ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥(੩੮੬) ਗੁਰਬਾਣੀ ਵਿੱਚ ਰਸਨਾ ਨੂੰ ਹੀ ਮਾਲਾ ਕਿਹਾ ਗਿਆ ਹੈ-ਕਬੀਰ ਮੇਰੀ ਸਿਮਰਨੀ ਰਸਨਾ ਊਪਰ ਰਾਮੁ॥(੧੩੬੪) ਹਰਿ ਹਰਿ ਅਖਰ ਦੁਇ ਇਹ ਮਾਲਾ॥(੩੮੮)

ਸਿੱਖੀ ਦੇ ਮੂਲ ਉਪਦੇਸ਼ ਵਿੱਚ ਜੋ ਅਕਾਲ ਪੁਰਖ ਦੇ ਗੁਣ ਦੱਸੇ ਹਨ, ਉਨ੍ਹਾਂ ਨੂੰ ਬਾਰ ਬਾਰ ਵਿਚਾਰ ਅਤੇ ਧਾਰ ਕੇ ਸਫਲ ਜੀਵਨ ਜੀਣਾ ਹੀ ਨਾਮ-ਸਿਮਰਨ ਹੈ। ਇਸ ਬਾਰੇ ਗੁਰਬਾਣੀ ਵਿੱਚ ਬਹੁਤ ਮਿਸਾਲਾਂ ਮਿਲਦੀਆਂ ਹਨ ਜਿਵੇਂ ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਜੀ ਦਾ ਸੰਬਾਦ ਹੈ ਕਿ ਨਾਮਿਆਂ ਕਦੇ ਰੱਬ ਦਾ ਨਾਮ ਵੀ ਜਪ ਲਿਆ ਕਰ ਕਿ ਇਕੱਲੇ ਅਮਰੇ ਹੀ ਰੰਗਦਾ ਰਹੇਂਗਾ-ਨਾਮਾ ਮਾਇਆ ਮੋਹਿਆ ਕਹੈ ਤਿਲੋਚਨ ਮੀਤ॥ ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ ਤਾਂ ਭਗਤ ਨਾਮਦੇਵ ਜੀ ਅੱਗੋਂ ਜਵਾਬ ਦਿੰਦੇ ਹਨ-ਨਾਮਾ ਕਹਿ ਤਿਲੋਚਨਾ ਮੁਖਿ ਤੇ ਰਾਮੁ ਸੰਮਾਲਿ॥ ਹਾਥ ਪਾਉ ਕਰਿ ਕਾਮ ਸਭੁ ਚੀਤੁ ਨਿਰੰਜਨ ਨਾਲਿ॥(੩੭੫) ਇਸੇ ਤਰ੍ਹਾਂ ਭਗਤ ਨਾਮਦੇਵ ਜੀ ਹੋਰ ਵੀ ਉਦਾਹਰਣਾਂ ਦਿੰਦੇ ਹਨ ਕਿ ਨਾਮ-ਸਿਮਰਨ ਕਿਵੇਂ ਕਰਨਾ ਹੈ-ਆਨੀਲੇ ਕਾਗਦੁ ਕਾਟੀ ਲੇ ਗੂਡੀ ਆਕਾਸ ਮਧੇ ਭਰਮੀਅਲੇ॥ ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥ ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥1॥ ਰਹਾਉ॥ ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥ ਹਸਤਿ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥2॥ ਮੰਦਰ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥ ਪਾਂਚ ਕੋਸ ਪਰ ਗਊ ਚਰਾਵਤ ਚੀਤੁ ਬਛੁਰਾ ਰਾਖੀਅਲੇ॥੩॥ ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥ ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥ ੪॥੧॥(੯੭੨) ਉਪ੍ਰੋਕਤ ਸ਼ਬਦ ਵਿੱਚ ਸਿਮਰਨ ਦੀਆਂ ਪੰਜ ਉਦਾਹਰਣਾਂ। ਪਹਿਲੀ-ਸੰਸਾਰੀ ਕਾਰ ਵਿਹਾਰ ਕਰਦੇ ਸਮੇਂ ਜਿਵੇਂ ਬੱਚਿਆਂ ਦਾ ਮਨ ਪਤੰਗ ਵੱਲ। ਦੂਜੀ-ਸੁਨਾਰ ਦਾ ਘਾੜਤ ਵੱਲ। ਤੀਜੀ-ਕੁੜੀਆਂ ਦਾ ਪਾਣੀ ਦੀਆਂ ਗਾਗਰਾਂ ਵੱਲ। ਚੌਥੀ-ਗਊ ਦਾ ਵੱਛੇ ਵੱਲ ਅਤੇ ਪੰਜਵੀਂ-ਮਾਂ ਦਾ ਪੰਗੂੜੇ ਪਏ ਬੱਚੇ ਵੱਲ ਹੁੰਦੈ ਇਵੇਂ ਹੀ ਸਾਡਾ ਮਨ ਵੀ ਪ੍ਰਮਾਤਮਾਂ ਦੀ ਯਾਦ ਵਿੱਚ ਹੋਣਾ ਚਾਹੀਦਾ ਹੈ।

ਜਿਵੇਂ ਬੱਚੇ ਦੇ ਹਿਰਦੇ ਵਿੱਚ ਭੋਲੇ ਭਾਇ ਮਾਤਾ ਪਿਤਾ ਦਾ ਪਿਆਰ ਹੁੰਦਾ ਹੈ। ਉਹ ਚਤਰਾਈਆਂ ਛੱਡ, ਆਪਣਾ ਪਿਆਰ ਪ੍ਰਗਟ ਕਰਨ ਦਾ ਯਤਨ ਨਹੀਂ ਕਰਦਾ ਤਿਵੇਂ ਹੀ ਪ੍ਰਮਾਤਮਾਂ ਨਾਲ ਦਿਲੀ ਪਿਆਰ ਹੋਣਾ ਚਾਹੀਦਾ ਹੈ-ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥(੩੨੪) ਬੱਚੇ ਦੇ ਸਾਰੇ ਦੁੱਖਾਂ ਰੋਗਾਂ ਦੀ ਦਾਰੂ ਅਤੇ ਸੁੱਖਾਂ ਖੁਸ਼ੀਆਂ ਦਾ ਖ਼ਜਾਨਾ "ਮਾਂ" ਹੈ। ਇਸ ਲਈ ਉਹ ਮਾਂ ਨੂੰ ਹੀ ਪਿਆਰ ਕਰਦੈ ਜੇ ਵਿਛੁੜ ਜਾਵੇ ਤਾਂ ਮਾਂ ਨੂੰ ਮਿਲਣ ਲਈ ਵਿਲਕਦੈ, ਹੋਰ ਕੁੱਝ ਵੀ ਉਸ ਨੂੰ ਪ੍ਰਵਾਨ ਨਹੀਂ ਕਿਉਂਕਿ ਇੱਕ ਮਾਂ ਮਿਲ ਜਾਣ ਨਾਲ, ਉਸ ਨੂੰ ਸਭ ਕੁੱਝ ਪ੍ਰਾਪਤ ਹੋ ਜਾਂਦਾ ਹੈ। ਇਵੇਂ ਮਾਨੁੱਖ ਲਈ ਕਰਤਾ ਹੀ ਮਾਤਾ ਪਿਤਾ ਹੈ-ਬਾਰਿਕ ਵਾਂਗੀ ਹਉ ਸਭ ਕਿਛ ਮੰਗਾਂ॥ ਦੇਂਦੇ ਤੋਟਿ ਨਹੀ ਪ੍ਰਭ ਰੰਗਾ॥(੯੯) ਉਪ੍ਰੋਕਤ ਨਾਮ-ਸਿਮਰਨ ਵਿਧੀ ਵਾਲੀਆਂ ਪੰਗਤੀਆਂ ਦੇ ਭਾਵ ਅਰਥ ਵਿਚਾਰਨ ਨਾਲ ਸ਼ਪੱਸ਼ਟ ਹੋ ਜਾਂਦਾ ਹੈ ਕਿ ਨਾਮ-ਸਿਮਰਨ ਇੱਕ ਅੱਧੇ ਘੰਟੇ ਜਾਂ ਵੱਧ ਸਮਾਂ ਕਿਸੇ ਨਿਵੇਕਲੀ ਥਾਂ ਬੈਠ, ਗੁਰਮੰਤ੍ਰ ਦਾ ਜਾਪ ਕਰ ਲੈਣਾ ਹੀ ਨਹੀਂ ਸਗੋਂ ਪ੍ਰਮਾਤਮਾਂ ਨਾਲ ਪਿਆਰ ਪਾ ਕੇ, ਮਨ ਚੋਂ ਵਿਕਾਰ ਕੱਢਣ ਦਾ ਯਤਨ ਹੈ। ਇਸ ਕਰਕੇ-ਦਿਨ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ॥(੪੯੮)

ਪ੍ਰੋ. ਸਾਹਿਬ ਸਿੰਘ ਡੀ. ਲਿਟ ਅਨੁਸਾਰ-ਜਿਵੇਂ ਸਮੁੰਦਰ ਤੋਂ ਵਿਛੁੜਿਆ ਪਾਣੀ ਨਦੀਆਂ ਨਾਲਿਆਂ ਦਾ ਰੂਪ ਧਾਰਦਾ ਹੋਇਆ ਜਦ ਟੋਬਿਆਂ ਵਿੱਚ ਅਟਕਦਾ, ਜਾਲਾ ਪੈ ਗੰਦਾ ਹੋ ਜਾਂਦਾ, ਉਸ ਵਿੱਚ ਕਿਰਮ ਪੈ ਜਾਂਦੇ ਅਤੇ ਸੁੱਕ ਸੜ ਵੀ ਜਾਂਦਾ ਹੈ। ਇਵੇਂ ਹੀ ਪ੍ਰਮਾਤਮਾਂ ਸਮੁੰਦਰ ਤੋਂ ਵਿਛੁੜੀ ਆਤਮਾਂ ਦਾ ਹਾਲ ਹੈ। ਜਿਵੇਂ ਨਦੀਆਂ ਨਾਲਿਆਂ ਦਾ ਜਲ ਜਦ ਸਮੁੰਦਰ ਵਿੱਚ ਪੈ, ਉਸ ਵਿੱਚ ਸਮਾ, ਉਸ ਦਾ ਹੀ ਰੂਪ ਹੋ ਜਾਂਦਾ ਹੈ। ਇਵੇਂ ਹੀ ਸਾਡੀ ਮਨ ਆਤਮਾ ਜਦ ਮੋਹ ਮਾਇਆ ਦੇ ਜਾਲ ਤੋਂ ਗੁਰੂ ਗਿਆਨ ਦੁਆਰਾ ਮੁਕਤ ਹੋ ਉਸ ਦਾ ਰੂਪ ਹੋ ਜਾਂਦੀ ਹੈ-ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥(੮੫੫)

ਗੁਰਮਤਿ ਨਾਮ-ਸਿਮਰਨ ਪੁਰਾਤਨ ਮੱਤਾਂ ਦੀ ਵਿਧੀ ਵਿਧਾਨ ਨਾਲੋਂ ਵਿਲੱਖਣ ਪਰ ਅਸੀਂ ਕਈ ਥਾਵਾਂ ਤੇ ਸਿਮਰਨ ਦੀ ਨਵੀਂ ਮਰਯਾਦਾ ਚਲਾ ਲਈ ਹੈ-ਜਿਵੇਂ ਕਿ ਮਾਲਾ ਕਿਹੜੀ ਚੰਗੀ ਹੁੰਦੀ ਹੈ? ਆਸਣ ਕਿਵੇਂ ਤੇ ਕਿਹੜਾ ਲਾਉਣਾ ਹੈ? ਸੁਰਤੀ ਕਿਵੇਂ ਤੇ ਕਿੱਥੇ ਟਿਕਾਉਣੀ ਹੈ? ਧਿਆਨ ਕਿਸ ਦਾ ਧਰਨਾ ਹੈ? ਸਾਹ ਕਿਵੇਂ ਲੈਣਾ, ਨਾਮ ਕਿਹੜਾ ਅਤੇ ਕਿਵੇਂ ਜਪਣਾ ਹੈ? ਸਾਧਾਂ ਵਲੋਂ ਸਿਮਰਨ ਦੇ ਰਾਹ ਦੇ ਪੜਾ, ਅਨਹਦ ਨਾਦ ਸੁਨਣ ਅਤੇ ਦਸਮ ਦੁਆਰ-ਕਪਾਟ ਖੁੱਲ੍ਹ ਕੇ ਸੱਚਖੰਡ ਦੇ ਦਰਸ਼ਨ ਹੋਣੇ ਵੀ ਦੱਸੇ ਜਾਂਦੇ ਹਨ। ਗੱਲ ਵੱਖਰੇ ਵੱਖਰੇ ਵਿਧੀ ਵਿਧਾਨ ਜਾਂ ਕਰਮਕਾਂਡ ਦੀ ਨਹੀਂ ਸਗੋਂ ਸਿਧਾਂਤ ਸਮਝਣ ਦੀ ਹੈ। ਮਾਲਾ ਜਾਂ ਗਿਣਤੀ ਮਿਣਤੀ ਦੇ ਜਾਪ, ਨਾਮ-ਸਿਮਰਨ ਨਹੀਂ ਸਗੋਂ ਮਕੈਨੀਕਲੀ ਰੈਪੀਟੇਸ਼ਨ ਹੈ-ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵੈ ਲੋਇ॥ ਹਿਰਦੈ

**(ਬਾਕੀ ਸਫਾ 17 ਤੇ)**

# 'ਨੋਟਬੰਦੀ' ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਹੈ



**ਫਰੈਡੀ ਜੋਜ਼ਫ**

ਕੇਂਦਰੀ ਵਿੱਤ ਮੰਤਰਾਲੇ ਨੇ ਨਵੰਬਰ 2016 ਦੀ ਨੋਟਬੰਦੀ ਦਾ ਸਮਰਥਨ ਕਰਦਿਆਂ ਇਕ ਸਰਕੂਲਰ ਜਾਰੀ ਕੀਤਾ ਹੈ, ਜਿਸ ਵਿੱਚ ਇਹ ਦਿਖਾਉਣ ਲਈ ਢੇਰ ਸਾਰੀ ਸੂਚਨਾ ਮੁਹੱਈਆ ਕਰਵਾਈ ਗਈ ਹੈ ਕਿ ਨੋਟਬੰਦੀ ਨੇ ਸੱਚਮੁਚ ਹੀ ਲੋੜੀਂਦੇ ਨਤੀਜੇ ਹਾਸਲ ਕੀਤੇ ਹਨ। ਇਹ ਸਰਕੂਲਰ ਬਹੁਤ ਵਧੀਆ ਢੰਗ ਨਾਲ ਕਲਮਬੱਧ ਕੀਤਾ ਗਿਆ ਹੈ, ਫਿਰ ਵੀ ਮੈਨੂੰ ਇੱਕ ਛੋਟਾ ਜਿਹਾ ਇਤਰਾਜ਼ ਹੈ। ਸਰਕੂਲਰ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਹਮੇਸ਼ਾ ਇਹ ਉਮੀਦ ਸੀ ਕਿ 500 ਅਤੇ 1000 ਰੁਪਏ ਵਾਲੇ ਸਾਰੇ ਬੰਦ ਕੀਤੇ ਗਏ ਕਰੰਸੀ ਨੋਟ ਬੈਂਕਿੰਗ ਤੰਤਰ ਵਿੱਚ ਵਾਪਿਸ ਆ ਜਾਣਗੇ ਪਰ ਇਹ ਗੱਲ ਸੱਚ ਨਹੀਂ ਹੈ।

ਸ਼ੁਰੂ ਵਿੱਚ ਸਰਕਾਰ ਦਾ ਅਧਿਕਾਰਤ ਅਨੁਮਾਨ ਇਹ ਸੀ ਕਿ ਕੁਲ ਕਰੰਸੀ ਨੋਟਾਂ ਚੋਂ 20 ਫੀਸਦੀ ਨੋਟ ਵਾਪਿਸ ਨਹੀਂ ਆਉਣਗੇ। ਸਰਕਾਰੀ ਪੱਖ ਕਹਿ ਸਕਦਾ ਹੈ ਕਿ ਕਿਸੇ ਨੇ ਜ਼ੁਬਾਨੀ ਹਿਸਾਬ-ਕਿਤਾਬ ਲਾਇਆ ਹੋਵੇਗਾ ਪਰ ਜੇਕਰ ਅਜਿਹਾ ਸੀ ਤਾਂ ਇਸ ਦਾ ਕਿਤੇ ਜ਼ਿਕਰ ਕਿਉਂ ਨਹੀਂ ਕੀਤਾ ਗਿਆ। ਕੁਝ ਵੀ ਹੋਵੇ, ਨੋਟਬੰਦੀ ਪ੍ਰੋਗਰਾਮ ਦੀ ਅਸਫਲਤਾ ਨੂੰ ਮਾਪਣ ਲਈ ਇਹ ਬਹੁਤ ਵਧੀਆ ਪੈਮਾਨਾ ਨਹੀਂ ਕਿ ਕਿੰਨੇ ਫੀਸਦੀ ਨੋਟ ਵਾਪਿਸ ਆਏ ਜਾਂ ਨਹੀਂ ਆਏ। 31 ਦਸੰਬਰ 2016 ਤਕ ਸਰਕਾਰ ਨੂੰ 8 ਨਵੰਬਰ ਦੇ ਮੁਕਾਬਲੇ ਘੱਟੋ-ਘੱਟ ਬਿਹਤਰ ਮੁਕਾਬਲੇ ਘੱਟੋ ਘੱਟ ਬਿਹਤਰ ਜਾਣਕਾਰੀ ਮਿਲ ਗਈ ਹੋਵੇਗੀ ਕਿ ਜੋ ਪਾਬੰਦੀਸ਼ੁਦਾ ਨੋਟ ਵਾਪਿਸ ਨਹੀਂ ਆਏ, ਉਹ ਕਿਸ ਕੋਲ ਹੋ ਸਕਦੇ ਹਨ। ਅਜਿਹੀ ਸਥਿਤੀ ਵਿੱਚ ਨੋਟਬੰਦੀ ਨੂੰ ਅਸਫਲ ਕਰਾਰ ਕਿਵੇਂ ਦਿੱਤਾ ਜਾ ਸਕਦਾ ਹੈ?

ਦੂਜਾ ਕਾਰਨ ਇਹ ਹੈ ਕਿ ਲਗਭਗ ਸਾਰੇ ਪਾਬੰਦੀਸ਼ੁਦਾ ਨੋਟਾਂ ਦਾ ਬੈਂਕਿੰਗ ਤੰਤਰ ਵਿੱਚ ਵਾਪਿਸ ਆਉਣਾ ਆਮ ਲੋਕਾਂ ਦੇ ਰਵੱਈਏ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਤੇ ਇਕ ਕੌੜੀ ਟਿੱਪਣੀ ਹੈ। ਜੇਕਰ ਭਾਰਤੀ ਸਮਾਜ ਕਾਲੇ ਧਨ ਦੀ ਸਮੱਸਿਆ ਲਈ ਦੋਸ਼ੀ ਹੈ ਤਾਂ ਵੀ ਉਸ ਨੂੰ ਇਸ ਦੋਸ਼ ਤੋਂ ਬਰੀ ਨਹੀਂ ਕੀਤਾ ਜਾ ਸਕਦਾ। ਹੁਣ ਤਾਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਅਣਐਲਾਨੀ ਨਕਦੀ ਨੂੰ ਬੈਂਕਿੰਗ ਧਾਰਾ ਵਿੱਚ ਲਿਆਉਣ 'ਚ ਖੁਦ ਬੈਂਕਾਂ ਨੇ ਗੁਨਾਹਗਾਰਾਂ ਦੀ ਸਹਾਇਤਾ ਕੀਤੀ।

ਅਜੇ ਇਸ ਕਹਾਣੀ ਦਾ ਬਹੁਤ ਵੱਡਾ ਹਿੱਸਾ ਸਾਹਮਣੇ ਆਉਣਾ ਬਾਕੀ ਹੈ। ਜਿਥੋਂ ਤੱਕ ਸਰਕਾਰ ਦਾ ਸਵਾਲ ਹੈ, ਇਸ ਨੇ ਮਾਲੀਏ ਵਿੱਚ ਪ੍ਰਭਾਵਸ਼ਾਲੀ ਵਾਧੇ ਦੇ ਅੰਕੜੇ ਪੇਸ਼ ਕੀਤੇ ਹਨ, ਜੋ ਇਸ ਗੱਲ ਦਾ ਸਬੂਤ ਹਨ ਕਿ ਇਸ ਨੇ ਪਾਬੰਦੀਸ਼ੁਦਾ ਨੋਟਾਂ ਦੇ ਸਬੰਧ ਵਿੱਚ ਸਟੀਕ ਜਾਣਕਾਰੀ ਇਸਤੇਮਾਲ ਕੀਤੀ ਹੈ ਪਰ ਅਜਿਹਾ ਕਰਦਿਆਂ ਸਰਕਾਰ ਨੇ ਇਕ ਨਵੀਂ ਸਮੱਸਿਆ ਖੜੀ ਕਰ ਲਈ ਹੈ। ਬਹੁਤ ਸੰਭਵ ਹੈ ਕਿ ਇਹ ਅੰਕੜੇ ਇਕ ਅਜਿਹੀ ਸਰਕਾਰ ਦੀ ਤਸਵੀਰ ਉਭਾਰਦੇ ਹਨ, ਜੋ ਬਹੁਤ ਜ਼ਿਆਦਾ ਉਤਸ਼ਾਹ ਵਿੱਚ ਬਦਲਾਖੋਰੀ ਤੇ ਉਤਰ ਆਈ ਤਾਂ ਕਿ ਉਹ ਖੁਦ ਨੂੰ ਸਹੀ ਤੇ ਲੋਕਾਂ ਨੂੰ ਗਲਤ ਸਿੱਧ ਕਰ ਸਕੇ। ਇਸ ਡਰ 'ਚ ਇਸ ਤੱਥ ਨਾਲ ਹੋਰ ਵੀ ਜ਼ਿਆਦਾ ਵਾਧਾ ਹੋ ਜਾਂਦਾ ਹੈ ਕਿ ਅਪ੍ਰੈਲ-ਜੂਨ 2015 ਦੇ ਮੁਕਾਬਲੇ ਅਪ੍ਰੈਲ-ਜੂਨ 2016 ਦੀ ਤਿਮਾਹੀ ਵਿੱਚ ਜੀ.ਡੀ.ਪੀ ਵਿੱਚ ਮਾਮੂਲੀ ਗਿਰਾਵਟ ਆਈ ਤੇ ਇਸ ਦਾ ਅੰਕੜਾ 10.4 ਫੀਸਦੀ ਤੋਂ ਘੱਟ ਕੇ 9.3 ਫੀਸਦੀ ਰਹਿ ਗਿਆ ਹੈ।

ਜੀ.ਡੀ.ਪੀ. ਵਿੱਚ ਇਹ ਗਿਰਾਵਟ ਬੇਸ਼ੱਕ ਜ਼ਿਕਰਯੋਗ ਨਹੀਂ ਤਾਂ ਵੀ ਟੈਕਸ ਮਾਲੀਏ ਵਿੱਚ ਪ੍ਰਭਾਵਸ਼ਾਲੀ ਵਾਧਾ ਇਹੋ ਸੰਕੇਤ ਦਿੰਦਾ ਹੈ ਕਿ ਟੈਕਸ ਵਸੂਲੀ ਦਾ ਤੰਤਰ ਬਹੁਤ ਵਧੀਆ ਢੰਗ ਨਾਲ ਕੰਮ ਕਰ ਰਿਹਾ ਹੈ। ਕਿਤੇ-ਕਿਤੇ ਤਾਂ ਲੋੜ ਨਾਲੋਂ ਜ਼ਿਆਦਾ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ। ਇਕ ਹੋਰ ਪੱਧਰ ਉੱਤੇ ਦੇਖਿਆ ਜਾਵੇ ਤਾਂ ਇਹ ਸਾਡੀ ਟੈਕਸ ਪ੍ਰਣਾਲੀ ਦੇ ਢਾਂਚੇ ਅਤੇ ਪ੍ਰਸ਼ਾਸਨ ਲਈ ਇਕ ਜ਼ਬਰਦਸਤ ਫਿਟਕਾਰ ਹੈ ਕਿਉਂਕਿ ਅੱਜ ਵੀ ਇਹ ਲੋਕਾਂ ਤੋਂ ਜਿੱਨਾ ਟੈਕਸ ਲੈਂਦਾ ਹੈ, ਸਰਕਾਰੀ ਸਹੂਲਤਾਂ, ਸੁਰੱਖਿਆ, ਬਚਾਅ, ਬੁਨਿਆਦੀ ਢਾਂਚਾ, ਸਿੱਖਿਆ ਅਤੇ ਜਨ ਸਿਹਤ ਦੇ ਰੂਪ ਵਿੱਚ ਉਸ ਦੀ ਕੀਮਤ ਚੁਕਾਉਣ ਦੇ ਯੋਗ ਨਹੀਂ ਹੈ। ਮੁੰਬਈ ਨੂੰ ਤਾਂ ਕੌਮਾਂਤਰੀ ਵਿੱਤੀ ਕੇਂਦਰ ਵਜੋਂ ਵਿਕਸਿਤ ਕਰਨ ਦਾ ਸੱਦਾ ਦੇਣ ਵਾਲੀ ਰਿਪੋਰਟ ਦੀ ਐਨ 10ਵੀਂ ਵਰੇਗੰਢ ਤੇ ਮੁੰਬਈ ਦਾ ਇਕ ਵਾਰ ਫਿਰ ਬਰਸਾਤ ਦੀ ਮਾਰ ਹੇਠ ਆ ਜਾਣਾ, ਖਾਸ ਤੌਰ ਤੇ ਚਿੰਤਾਜਨਕ ਤੱਥ ਹੈ। ਸਰਕਾਰ ਦੀ ਅਸਫਲਤਾ ਇਹ ਨਹੀਂ ਕਿ ਲੱਗਭਗ ਸਾਰੇ ਬੰਦ ਕੀਤੇ ਜਾ ਚੁੱਕੇ ਕਰੰਸੀ ਨੋਟ ਬੈਕਿੰਗ ਤੰਤਰ ਵਿੱਚ ਪਰਤ ਆਏ ਹਨ ਜਾਂ ਨਹੀਂ, ਸਗੋਂ ਇਸ ਦੀ ਅਸਫਲਤਾ ਹੇਠ ਲਿਖੇ ਤੱਥਾਂ ਵਿੱਚ ਦੇਖਣ ਨੂੰ ਮਿਲਦੀ ਹੈ:

1. ਇਹ ਨੋਟਬੰਦੀ ਦੇ ਆਰਥਿਕ ਬੁਰੇ ਅਸਰਾਂ, ਇਨਾਂ ਦੇ ਜਾਰੀ ਰਹਿਣ ਦੀ ਮਿਆਦ ਅਤੇ ਇਨ੍ਹਾਂ ਦੇ ਆਕਾਰ ਬਾਰੇ ਪਹਿਲਾਂ ਤੋਂ ਕੋਈ ਅਨੁਮਾਨ ਨਹੀਂ ਲਾ ਸਕੀ। (2) ਸਰਕਾਰ ਦੀ ਇਹ ਅਸਫਲਤਾ ਇਸ ਤੱਥ ਕਾਰਨ ਹੋਰ ਵੀ ਗੁੰਝਲਦਾਰ ਹੋ ਗਈ ਕਿ ਨੋਟਬੰਦੀ ਤੋਂ ਬਾਅਦ ਚੁੱਕੇ ਗਏ ਸਾਰੇ ਕਦਮਾਂ ਨੇ ਇਸ ਦੇ ਬੁਰੇ ਅਸਰਾਂ ਨੂੰ ਹੋਰ ਵੀ ਵਧਾਇਆ ਅਤੇ ਉਨ੍ਹਾਂ ਦੀ ਉਮਰ ਲੰਮੀ ਕਰ ਦਿੱਤੀ। (3) ਸਰਕਾਰ ਥੋੜੇ ਚਿਰ ਅਤੇ ਸਰਲ ਉਪਾਅ ਲੱਭਣ ਜਾਂ ਢਾਂਚਾਗਤ ਵਿਕਾਸ 'ਚ ਪਹਿਲਕਦਮੀਆਂ ਕਰਨ ਵਿੱਚ ਨਾਕਾਮ ਰਹੀ ਹੈ, ਖਾਸ ਤੌਰ ਤੇ ਟੈਕਸ ਦੇ ਸਬੰਧ ਵਿੱਚ ਲੋਕਾਂ ਨੂੰ ਜਾਗਰੂਕ ਕਰਨ, ਪਿਛਲੀਆਂ ਤਰੀਕਾਂ ਤੋਂ ਟੈਕਸ ਦਾਅਵਿਆਂ ਦਾ ਭੁਗਤਾਨ ਕਰਨ, ਤੇਜ਼ ਰਫਤਾਰ ਨਾਲ ਜੀ.ਐਸ.ਟੀ. ਦਰਾਂ ਨੂੰ ਤੈਅ ਕਰਨ ਆਦਿ ਵਰਗੇ ਕੰਮਾਂ ਵਿੱਚ ਨਾਕਾਮ ਰਹੀ, ਜਦਕਿ 2016-17 ਦੇ ਬਜਟ ਵਿੱਚ ਸਰਕਾਰ ਪਹਿਲਾਂ ਹੀ ਅਜਿਹੀਆਂ ਗੱਲਾਂ ਦਾ ਐਲਾਨ ਕਰ ਚੁੱਕੀ ਸੀ। ਇਸ ਤੋਂ ਬਾਅਦ ਕਾਰਪੋਰੇਟ ਟੈਕਸਾਂ ਵਿੱਚ ਕਮੀ ਨਹੀਂ ਲਿਆਂਦੀ ਜਾ ਸਕੀ ਅਤੇ ਨਾ ਹੀ ਬੈਂਕਾਂ ਦੇ ਐਨ.ਪੀ.ਏ ਆਦਿ ਦੇ ਸਬੰਧ ਵਿੱਚ ਸਮਾਂਬੱਧ ਢੰਗ ਨਾਲ ਸਿਆਸੀ ਅਤੇ ਨੀਤੀਗਤ ਆਮ ਸਹਿਮਤੀ ਬਣਾਈ ਜਾ ਸਕੀ।

ਜਿਵੇਂ ਕਿ ਮੈਂ ਕਈ ਮੀਹਨੇ ਪਹਿਲਾਂ ਲਿਖਿਆ ਸੀ ਕਿ ਰਾਜਗ ਸਰਕਾਰ ਨੇ ਗੈਰ-ਰਸਮੀ ਆਰਥਿਕ ਸਰਗਰਮੀਆਂ ਨੂੰ ਬਹੁਤ ਮੁਸਕਿਲ ਬਣਾ ਦਿੱਤਾ ਹੈ, ਜੋ ਕਿ ਇਸ ਦੇ ਲਈ ਸਿਹਰਾ ਲੈਣ ਵਾਲੀ ਗੱਲ ਸੀ, ਫਿਰ ਵੀ ਇਹ ਸਰਕਾਰ ਰਸਮੀ ਆਰਥਿਕ ਸਰਗਰਮੀਆਂ ਨੂੰ ਆਸਾਨ ਨਹੀਂ ਬਣਾ ਸਕੀ, ਉਲਟਾ ਇਨ੍ਹਾਂ ਨੂੰ ਹੋਰ ਗੁੰਝਲਦਾਰ ਤੇ ਮੁਸ਼ਕਿਲ ਬਣਾ ਦਿੱਤਾ ਹੈ।

**(ਬਾਕੀ ਸਫਾ 8 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗੌਰੀ ਲੰਕੇਸ਼ ਦੀ ਆਖਰੀ ਸੰਪਾਦਕੀ

(ਸਫਾ 6 ਦੀ ਬਾਕੀ)

ਪਹੁੰਚ ਗਿਆ। (ਗੌਰੀ ਲੰਕੇਸ਼ ਅਕਸਰ ਮੋਦੀ ਨੂੰ ਬੁਸੀ ਬਸੀਆ ਲਿਖਦੀ ਸੀ, ਜਿਸਦਾ ਅਰਥ ਹੈ ਕਿ ਜਦੋਂ ਵੀ ਮੂੰਹ ਖੋਲੂਗਾ ਝੂਠ ਹੀ ਬੋਲੇਗਾ) ਧਰੁਵ ਰਾਠੀ ਨੇ ਦੱਸਿਆ ਹੈ ਕਿ ਰਾਜ ਸਭਾ ਵਿਚ 'ਬੁਸੀ ਬਸੀਆ' ਦੀ ਸਰਕਾਰ ਨੇ ਮਹੀਨਾ ਪਹਿਲਾ ਕਿਹਾ ਸੀ ਕਿ 33 ਲੱਖ ਨਵੇਂ ਕਰਦਾਤਾ ਆਏ ਹਨ। ਉਸ ਤੋਂ ਪਹਿਲਾਂ ਮੰਤਰੀ ਅਰੁਣ ਜੇਟਲੀ ਨੇ 91 ਲੱਖ ਨਵੇਂ ਕਰਦਾਤਾ ਦੇ ਜੁੜਨ ਦੀ ਗੱਲ ਆਖੀ ਸੀ। ਆਖਿਰ ਵਿਚ ਆਰਥਿਕ ਸਰਵੇ ਵਿਚ ਕਿਹਾ ਗਿਆ ਹੈ ਕਿ ਕੇਵਲ 5 ਲੱਖ 40 ਹਜਾਰ ਨਵੇਂ ਕਰਦਾਤਾ ਜੁੜੇ ਹਨ। ਤਾਂ ਫਿਰ ਇਸ ਵਿਚ ਕਿਹੜਾ ਸੱਚ ਹੈ, ਇਹ ਸੁਆਲ ਧਰੁਵ ਰਾਠੀ ਨੇ ਆਪਣੀ ਵੀਡੀਓ ਵਿਚ ਉਠਾਇਆ ਹੈ। ਅੱਜ ਦੀ ਮੁੱਖਧਾਰਾ ਮੀਡੀਆ ਕੇਂਦਰ ਸਰਕਾਰ ਅਤੇ ਬੀ.ਜੇ.ਪੀ. ਦੇ ਦਿਤੇ ਅੰਕੜਿਆਂ ਨੂੰ ਉਵੇਂ ਜਿਵੇਂ ਵੇਦ ਵਾਕ ਵਜੋਂ ਫੈਲਾਉਂਦੀ ਰਹਿੰਦੀ ਹੈ। ਮੇਨਸਟਰੀਮ ਮੀਡੀਆ ਲਈ ਸਰਕਾਰ ਦਾ ਬੋਲਿਆ ਹਰ ਵਾਕ, ਵੇਦ ਵਾਕ ਹੋ ਗਿਆ ਹੈ। ਇਸ ਵਿਚ ਜਿਹੜੇ ਟੀ.ਵੀ. ਨਿਊਜ ਚੈਨਲ ਹਨ, ਉਹ ਇਸ ਵਿਚ ਦਸ ਕਦਮ ਅੱਗੇ ਹਨ। ਉਦਾਹਰਨ ਵਜੋਂ ਜਦੋਂ ਰਾਮਨਾਥ ਕੋਵਿੰਦ ਨੇ ਰਾਸ਼ਟਰਪਤੀ ਪਦ ਦੀ ਸਹੁੰ ਚੁਕੀ ਤਾਂ ਉਸ ਦਿਨ ਬਹੁਤ ਸਾਰੇ ਅੰਗਰੇਜੀ ਟੀ.ਵੀ.ਚੈਨਲਾਂ ਨੇ ਖਬਰ ਚਲਾਈ ਕਿ ਸਿਰਫ ਇੱਕ ਘੰਟੇ ਵਿਚ ਟਵਿਟਰ ਤੇ ਰਾਸ਼ਟਰਪਤੀ ਕੋਵਿੰਦ ਦੇ ਫਾਲੋਅਰ ਦੀ ਸੰਖਿਆ ਤੀਹ ਲੱਖ ਤੋਂ ਵੱਧ ਹੋ ਗਈ। ਉਹ ਚਿਲਾਉਂਦੇ ਰਹੇ ਕਿ 30 ਲੱਖ ਵੱਧ ਗਏ ਹਨ,30 ਲੱਖ ਵੱਧ ਗਏ ਹਨ। ਉਹਨਾਂ ਦਾ ਮਕਸਦ ਇਹ ਦੱਸਣਾ ਸੀ ਕਿ ਕਿੰਨੇ ਲੋਕ ਕੋਵਿੰਦ ਦੇ ਹੱਕ ਵਿਚ ਹਨ। ਬਹੁਤ ਸਾਰੇ ਟੀ.ਵੀ ਚੈਨਲ ਅੱਜ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਟੀਮ ਵਾਂਗ ਹੋ ਗਏ ਹਨ। ਸੰਘ ਦਾ ਹੀ ਕੰਮ ਕਰਦੇ ਹਨ। ਜਦੋਂ ਕਿ ਸਚਾਈ ਇਹ ਸੀ ਕਿ ਉਸ ਦਿਨ ਪੂਰਵ ਰਾਸ਼ਟਪਤੀ ਪ੍ਰਣਬ ਮੁਖਰਜੀ ਦਾ ਸਰਕਾਰੀ ਅਕਾਊਂਟ ਨਵੇਂ ਰਾਸ਼ਰਪਤੀ ਦੇ ਨਾਮ ਹੋ ਗਿਆ ਸੀ। ਜਦੋਂ ਇਹ ਤਬਦੀਲੀ ਹੋਈ ਤਾਂ ਰਾਸ਼ਟਰਪਤੀ ਭਵਨ ਦੇ ਫਾਲੋਅਰ ਹੁਣ ਕੋਵਿੰਦ ਦੇ ਫਲੋਅਰ ਹੋ ਗਏ ਹਨ। ਇਸ ਵਿਚ ਇਕ ਹੋਰ ਵੀ ਧਿਆਨ ਦੇਣ ਵਾਲੀ ਗੱਲ ਹੈ ਕਿ ਪ੍ਰਣਬ ਮੁਖਰਜੀ ਨੂੰ ਵੀ ਤੀਹ ਲੱਖ ਤੋਂ ਜਿਆਦਾ ਲੋਕ ਟਵੀਟਰ ਤੇ ਫਾਲੋ ਕਰਦੇ ਸਨ। ਅੱਜ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਇਸ ਤਰਾਂ ਦੇ ਫੈਲਾਏ ਗਏ ਫੇਕ ਨਿਊਜ ਦੀ ਸਚਾਈ ਲਿਆਉਣ ਲਈ ਬਹੁਤ ਸਾਰੇ ਲੋਕ ਅੱਗੇ ਆ ਚੁੱਕੇ ਹਨ। ਧਰੁਵ ਰਾਠੀ ਵੀਡੀਓ ਦੇ ਮਾਧਿਅਮ ਰਾਹੀਂ ਇਹ ਕੰਮ ਕਰ ਰਹੇ ਹਨ। ਪ੍ਰਤੀਕ ਸਿਨਹਾ altnews.in ਨਾਂ ਦੀ ਵੈਬਸਾਇਟ ਨਾਲ ਇਹੀ ਕੰਮ ਕਰ ਰਹੇ ਹਨ। ਹੋਕਸ ਸਲੇਯਰ,ਬੂਮ ਅਤੇ ਫੈਕਟ ਚੈਕ ਨਾਂ ਦੀਆਂ ਵੈਬਸਾਈਟਾਂ ਵੀ ਇਹੀ ਕੰਮ ਕਰ ਰਹੀਆਂ ਹਨ। ਇਸ ਦੇ ਨਾਲ ਹੀ thewiere.in,scroll.in, newslaundry.com,thequint.com ਵਰਗੀਆਂ ਵੈਬਸਾਈਟਾਂ ਵੀ ਸਰਗਰਮ ਹਨ। ਮੈਂ ਜਿੰਨਾ ਲੋਕਾਂ ਦੇ ਨਾਮ ਦੱਸੇ ਹਨ ਇਹਨਾਂ ਸਾਰਿਆਂ ਨੇ ਹੁਣੇ ਹੀ ਕਈ ਫੇਕ ਨਿਊਜ ਦੀ ਸਚਾਈ ਨੂੰ ਉਜਾਗਰ ਕੀਤਾ ਹੈ। ਇਹਨਾਂ ਦੇ ਕੰਮ ਤੋਂ ਸੰਘ ਦੇ ਲੋਕ ਕਾਫੀ ਪਰੇਸ਼ਾਨ ਹੋ ਗਏ ਹਨ। ਇਹ ਹੋਰ ਵੀ ਮਹੱਵਤਪੂਰਨ ਹੈ ਕਿ ਇਹ ਲੋਕ ਪੈਸੇ ਲਈ ਨਹੀਂ ਕੰਮ ਕਰ ਰਹੇ। ਇਨ੍ਹਾਂ ਦਾ ਇਕ ਹੀ ਮਕਸਦ ਹੈ ਕਿ ਫਾਸਿਸ਼ਟ ਲੋਕਾਂ ਦੇ ਝੂਠ ਦੀ ਫੈਕਟਰੀ ਨੂੰ ਅੱਗੇ ਲਿਆਉਣਾ ਹੈ। ਕੁਝ ਹਫਤੇ ਪਹਿਲਾਂ ਬੰਗਲੇਰੂ ਵਿਚ ਜੋਰਦਾਰ ਮੀਂਹ ਵਰਿਆ। ਉਸ ਸਮੇਂ ਸੰਘ ਦੇ ਲੋਕਾਂ ਨੇ ਇਕ ਵੀਡੀਓ ਵਾਈਰਲ ਕਰਾਇਆ। ਕੈਪਸ਼ਨ ਵਿਚ ਲਿਖਿਆ ਸੀ 'ਨਾਸਾ ਨੇ ਮੰਗਲ ਗ੍ਰਹਿ ਤੇ ਲੋਕਾਂ ਦੇ ਚੱਲਣ ਦੀ ਤਸਵੀਰ ਜਾਰੀ ਕੀਤੀ ਹੈ।' ਬੰਗਲੇਰੂ ਨਗਰਪਾਲਿਕਾ ਬੀ.ਬੀ.ਐਮ ਸੀ ਨੇ ਬਿਆਨ ਦਿੱਤਾ ਕਿ ਇਹ ਮੰਗਲ ਗ੍ਰਹਿ ਦੀ ਫੋਟੋ ਨਹੀਂ ਹੈ। ਸੰਘ ਦਾ ਮਕਸਦ ਮੰਗਲ ਗ੍ਰਹਿ ਦੱਸ ਕਿ ਬੰਗਲੇਰੂ ਦਾ ਮਜਾਕ ਬਣਾਉਣਾ ਸੀ। ਜਿਸ ਨਾਲ ਲੋਕ ਇਹ ਸਮਝਣ ਕਿ ਬੰਗਲੇਰੂ ਵਿਚ ਸਿਧਰਮਈਆ ਦੀ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ। ਇਥੋਂ ਦੇ ਰਸਤੇ ਖਰਾਬ ਹੋ ਗਏ ਹਨ, ਇਸ ਤਰਾਂ ਦਾ ਪ੍ਰਪੇਗੰਡਾ ਕਰਕੇ ਝੂਠੀ ਖਬਰ ਫੈਲਾਉਣਾ ਸੰਘ ਦਾ ਮਕਸਦ ਸੀ। ਪਰ ਇਹ ਉਹਨਾਂ ਨੂੰ ਉਲਟਾ ਭਾਰੂ ਪੈ ਗਿਆ ਕਿਉਂਕਿ ਇਹ ਤਸਵੀਰ ਬੰਗਲੇਰੂ ਦਾ ਨਹੀਂ ਸੀ, ਮਹਾਂਰਾਸ਼ਟਰ ਦਾ ਸੀ, ਜਿਥੇ ਬੀ.ਜੇ.ਪੀ ਸਰਕਾਰ ਹੈ।

ਹੁਣੇ ਪੱਛਮੀ ਬੰਗਾਲ ਵਿਚ ਦੰਗੇ ਹੋਏ ਤਾਂ ਆਰ.ਐਸ.ਐਸ ਦੇ ਲੋਕਾਂ ਨੇ ਪੋਸਟਰ ਜਾਰੀ ਕੀਤੇ, ਇਕ ਪੋਸਟਰ ਦਾ ਸਿਰਲੇਖ ਸੀ, ਬੰਗਾਲ ਸੜ ਰਿਹਾ ਹੈ, ਉਸ ਵਿਚ ਜਾਇਦਾਦ ਸੜਨ ਦੀ ਤਸਵੀਰ ਸੀ। ਦੂਸਰੇ ਫੋਟੋ ਵਿਚ ਇਕ ਔਰਤ ਦੀ ਸਾੜੀ ਖਿਚੀ ਜਾ ਰਹੀ ਹੈ ਅਤੇ ਸਿਰਲੇਖ ਹੈ ਬੰਗਾਲ ਵਿਚ ਹਿੰਦੂ ਔਰਤਾਂ ਦੇ ਨਾਲ ਅਤਿਆਚਾਰ ਹੋ ਰਿਹਾ ਹੈ। ਬਹੁਤ ਛੇਤੀ ਹੀ ਇਸ ਫੋਟੋ ਦਾ ਸੱਚ ਸਾਹਮਣੇ ਆ ਗਿਆ। ਪਹਿਲੀ ਤਸਵੀਰ 2002 ਦੇ ਗੁਜਰਾਤ ਦੰਗਿਆਂ ਦੀ ਸੀ ਜਦੋਂ ਉਥੇ ਮੋਦੀ ਦੀ ਸਰਕਾਰ ਸੀ। ਦੂਸਰੀ ਫੋਟੋ ਭੋਜਪੁਰੀ ਫਿਲਮ ਦੇ ਇਕ ਸੀਨ ਦੀ ਸੀ। ਸਿਰਫ ਆਰ.ਐਸ.ਐਸ ਹੀ ਨਹੀਂ ਬੀ.ਜੇ.ਪੀ. ਦੇ ਕੇਂਦਰੀ ਮੰਤਰੀ ਵੀ ਇਹੋ ਜਿਹੇ ਫੇਕ ਨਿਊਜ ਫੈਲਾਉਣ ਦੇ ਮਾਹਿਰ ਹਨ। ਉਦਾਰਣ ਵਜੋਂ ਨਿਤਿਨ ਗਡਕਰੀ ਨੇ ਇੱਕ ਫੋਟੋ ਸ਼ੇਅਰ ਕੀਤਾ, ਜਿਸ ਵਿਚ ਕੁਝ ਲੋਕ ਤਿਰੰਗੇ ਨੂੰ ਅੱਗ ਲਾ ਰਹੇ ਹਨ। ਫੋਟੋ ਕੈਪਸ਼ਨ ਵਿਚ ਲਿਖਿਆ ਹੈ ਕਿ ਗਣਤੰਤਰ ਦਿਵਸ ਤੇ ਹੈਦਰਾਬਾਦ ਵਿਚ ਤਿਰੰਗੇ ਨੂੰ ਅੱਗ ਲਾਈ ਜਾ ਰਹੀ ਹੈ। ਹੁਣ ਗੂਗਲ ਇਮੇਜ ਸਰਚ ਨਾਂ ਦਾ ਇਕ ਨਵਾਂ ਐਪਲੀਕੇਸ਼ਨ ਆਇਆ ਹੈ। ਇਸ ਵਿਚ ਤੁਸੀਂ ਕੋਈ ਤਸਵੀਰ ਪਾ ਕਿ ਜਾਣ ਸਕਦੇ ਹੋ ਕਿ ਇਹ ਕਿਥੋਂ ਅਤੇ ਕਦੋਂ ਦੀ ਹੈ। ਪ੍ਰਤੀਕ ਸਿਨਹਾ ਨੇ ਇਹੀ ਕੰਮ ਕੀਤਾ ਅਤੇ ਉਸ ਐਪਲੀਕੇਸ਼ਨ ਰਾਹੀਂ ਗਡਕਰੀ ਦੇ ਸ਼ੇਅਰ ਕੀਤੇ ਫੋਟੋ ਦੀ ਸਚਾਈ ਉਜਾਗਰ ਕਰ ਦਿਤੀ। ਪਤਾ ਚਲਿਆ ਕਿ ਇਹ ਫੋਟੋ ਹੈਦਰਾਬਾਦ ਦਾ ਨਹੀਂ ਹੈ। ਪਾਕਿਸਤਾਨ ਦਾ ਹੈ ਜਿਥੇ ਇੱਕ ਪ੍ਰਤੀਬੱਧ ਕੱਟੜਪੰਥੀ ਸੰਗਠਨ ਭਾਰਤ ਦੇ ਵਿਰੋਧ ਵਿਚ ਤਿਰੰਗਾ ਸਾੜ ਰਿਹਾ ਹੈ। ਇਸੇ ਤਰਾਂ ਇਕ ਟੀ.ਵੀ. ਚੈਨਲ ਦੇ ਪੈਨਲ ਡਿਸਕਸ਼ਨ ਵਿਚ ਬੀ.ਜੇ.ਪੀ.ਦੇ ਪਰਵਕਤਾ ਸੰਬਿਤ ਪਾਤਰਾ ਨੇ ਕਿਹਾ ਕਿ ਸਰਹੱਦ ਤੇ ਸੈਨਿਕਾਂ ਨੂੰ ਤਿਰੰਗਾ ਲਹਿਰਾਉਣ ਵਿਚ ਕਿੰਨੀਆਂ ਮੁਸ਼ਕਲਾਂ ਆਉਂਦੀਆਂ ਹਨ, ਫਿਰ ਜੇ.ਐਨ.ਯੂ ਵਰਗੇ ਵਿਸ਼ਵਵਿਦਿਆਲੇ ਵਿਚ ਤਿਰੰਗਾ ਲਹਿਰਾਉਣ ਵਿਚ ਕੀ ਸਮੱਸਿਆ ਹੈ।

ਇਸ ਸਵਾਲ ਪੁੱਛਕੇ ਸੰਬਿਤ ਪਾਤਰਾ ਨੇ ਇਕ ਤਸਵੀਰ ਦਿਖਾਈ। ਬਾਅਦ ਵਿਚ ਪਤਾ ਚਲਿਆ ਕਿ ਇਹ ਇਕ ਮਸ਼ਹੂਰ ਤਸਵੀਰ ਹੈ ਪਰ ਇਸ ਵਿਚ ਭਾਰਤੀ ਨਹੀਂ ਅਮਰੀਕੀ ਸੈਨਿਕ ਹਨ। ਦੂਸਰੇ ਵਿਸ਼ਵ ਯੁੱਧ ਸਮੇਂ ਅਮਰੀਕੀ ਸੈਨਿਕਾਂ ਨੇ ਜਦੋਂ ਇਕ ਜਪਾਨ ਦੇ ਟਾਪੂ ਤੇ ਕਬਜਾ ਕੀਤਾ ਸੀ ਤਾਂ ਉਹਨਾਂ ਨੇ ਆਪਣਾ ਝੰਡਾ ਲਹਿਰਾਇਆ ਸੀ। ਪਰ ਫੋਟੋਸ਼ਾਪ ਰਾਹੀਂ ਸੰਬਿਤ ਪਾਤਰਾ ਲੋਕਾਂ ਨੂੰ ਧੋਖਾਂ ਦੇ ਰਹੇ ਹਨ। ਪਰ ਇਹ ਵੀ ਉਹਨਾਂ ਤੇ ਭਾਰੀ ਪਿਆ। ਟਵੀਟਰ ਤੇ ਲੋਕਾਂ ਨੇ ਪਾਤਰਾ ਦਾ ਕਾਫੀ ਮਜਾਕ ਬਣਾਇਆ।

ਕੇਂਦਰੀ ਮੰਤਰੀ ਪਿਯੂਸ਼ ਗੋਇਲ ਨੇ ਹਾਲ ਵਿਚ ਹੀ ਤਸਵੀਰ ਜਾਰੀ ਕੀਤੀ ਅਤੇ ਲਿਖਿਆ ਕਿ ਭਾਰਤ ਵਿਚ 50,000 ਕਿਲੋਮੀਟਰ ਰਸਤਿਆਂ ਤੇ ਭਾਰਤ ਸਰਕਾਰ ਨੇ ਤੀਹ ਲੱਖ ਐਲ.ਈ.ਡੀ. ਬਲਬ ਲਗਾ ਦਿਤੇ ਹਨ, ਪਰ ਉਹ ਤਸਵੀਰ ਨਕਲੀ ਨਿਕਲੀ। ਉਹ ਭਾਰਤ ਦੀ ਨਹੀਂ ਸਗੋਂ ਜਪਾਨ ਦੀ 2009 ਦੀ ਤਸਵੀਰ ਸੀ। ਇਸੇ ਗੋਇਲ ਨੇ ਪਹਿਲਾਂ ਇਕ ਟਵੀਟ ਕੀਤਾ ਸੀ ਕਿ ਕੋਇਲੇ ਦੀ ਅਪੂਰਤੀ ਵਿਚ ਸਰਕਾਰ ਨੇ 25,900 ਕਰੋੜ ਦੀ ਬੱਚਤ ਕੀਤੀ। ਉਸ ਟਵੀਟ ਦੀ ਤਸਵੀਰ ਵੀ ਝੂਠੀ ਨਿਕਲੀ ਸੀ। ਛੱਤੀਸਗੜ੍ਹ ਦੇ ਪੀ. ਡਬਲਿਊ ਮੰਤਰੀ ਰਾਜੇਸ਼ ਮੂਣਤ ਨੇ ਇਕ ਪੁਲ ਦਾ ਫੋਟੋ ਸ਼ੇਅਰ ਕਰਕੇ ਆਪਣੀ ਸਰਕਾਰ ਦੀ ਕਾਮਯਾਬੀ ਦੱਸੀ। ਉਸ ਟਵੀਟ ਨੂੰ 2000 ਲਾਇਕ ਮਿਲੇ। ਬਾਅਦ ਵਿਚ ਪਤਾ ਚਲਿਆ ਕਿ ਉਹ ਤਸਵੀਰ ਛੱਤੀਸਗੜ੍ਹ ਦੀ ਨਹੀਂ ਵੀਅਤਨਾਮ ਦੀ ਹੈ। ਅਜਿਹੇ ਫੇਕ ਨਿਊਜ ਫੈਲਾਉਣ ਵਿਚ ਸਾਡੇ ਕਰਨਾਟਕਾ ਦੇ ਆਰ.ਐਸ.ਐਸ ਅਤੇ ਬੀ.ਜੇ.ਪੀ. ਲੀਡਰ ਵੀ ਕੁਝ ਘੱਟ ਨਹੀਂ ਹਨ। ਕਰਨਾਟਕਾ ਦੇ ਇਕ ਸੰਸਦ ਪ੍ਰਤਾਪ ਸਿਨਹਾ ਨੇ ਇਕ ਰਿਪੋਰਟ ਜਾਰੀ ਕੀਤਾ ਕਿ ਇਹ ਟਾਈਮਜ ਆਫ ਇੰਡੀਆ ਤੋਂ ਹੈ। ਉਸਦੀ ਹੈਡਲਾਈਨ ਸੀ ਮੁਸਲਮਾਨ ਨੇ ਹਿੰਦੂ ਲੜਕੀ ਦੀ ਚਾਕੂ ਮਾਰ ਕੇ ਹੱਤਿਆ ਕੀਤੀ। ਦੁਨੀਆਂ ਭਰ ਨੂੰ ਨੈਤਿਕਤਾ ਦਾ ਗਿਆਨ ਦੇਣ ਵਾਲੇ ਪ੍ਰਤਾਪ ਸਿਨਹਾ ਨੇ ਸਚਾਈ ਜਾਨਣ ਦੀ ਜਰਾ ਵੀ ਕੋਸ਼ਿਸ਼ ਨਹੀਂ ਕੀਤੀ। ਕਿਸੇ ਵੀ ਅਖਬਾਰ ਨੇ ਇਹ ਖਬਰ ਛਾਪੀ ਨਹੀਂ ਸੀ ਬਲਕਿ ਫੋਟੋਸ਼ਾਪ ਰਾਹੀਂ ਕਿਸੇ ਹੋਰ ਖਬਰ ਦੀ ਹੈਡਲਾਇਨ ਲਗਾਕੇ ਹਿੰਦੂ-ਮੁਸਲਿਮ ਰੰਗ ਦਿੱਤਾ ਸੀ। ਇਸ ਲਈ ਟਾਈਮਜ ਆਫ ਇੰਡੀਆ ਦਾ ਨਾਂ ਇਸਤੇਮਾਲ ਕੀਤਾ ਗਿਆ। ਜਦੋਂ ਰੌਲਾ ਪਿਆ ਤਾਂ ਸਾਂਸਦ ਨੇ ਡਿਲੀਟ ਕਰ ਦਿੱਤਾ ਪਰ ਮੁਆਫੀ ਨਹੀਂ ਮੰਗੀ। ਸੰਪਰਦਾਇਕ ਝੂਠ ਫੈਲਾਉਣ ਲਈ ਕੋਈ ਪਛਤਾਵਾ ਨਹੀਂ ਕੀਤਾ। ਜਿਵੇਂ ਮੇਰੇ ਦੋਸਤ ਵਾਸੂ ਨੇ ਇਸ ਵਾਰ ਦੇ ਕਾਲਮ ਵਿਚ ਲਿਖਿਆ ਹੈ, ਮੈਂ ਵੀ ਇਕ ਬਿਨਾ ਸਮਝੇ ਫੇਕ ਨਿਊਜ ਸ਼ੇਅਰ ਕਰ ਦਿਤੀ। ਪਿਛਲੇ ਐਤਵਾਰ ਪਟਨਾ ਦੀ ਆਪਣੀ ਰੈਲੀ ਦੀ ਤਸਵੀਰ ਲਾਲੂ ਯਾਦਵ ਨੇ ਫੋਟੋਸ਼ਾਪ ਕਰਕੇ ਸਾਝੀ ਕਰ ਦਿਤੀ। ਥੋੜੀ ਦੇਰ ਬਾਅਦ ਦੋਸਤ ਸ਼ਸੀਧਰ ਨੇ ਦੱਸਿਆ ਇਹ ਫੋਟੋ ਫਰਜੀ ਹੈ।

ਮੈਂ ਤਰੁੰਤ ਹਟਾਈ ਅਤੇ ਗਲਤੀ ਵੀ ਮੰਨੀ। ਇਹ ਹੀ ਨਹੀਂ ਸਗੋਂ ਫੇਕ ਅਤੇ ਅਸਲੀ ਤਸਵੀਰ ਇਕੋ ਵੇਲੇ ਟਵੀਟ ਕੀਤੀਆਂ। ਇਸ ਗਲਤੀ ਦੇ ਪਿਛੇ ਸੰਪਦਾਇਕਤਾ ਭੜਕਾਉਣ ਜਾਂ ਪ੍ਰਪੇਗੰਡੇ ਦੀ ਮਨਸ਼ਾ ਨਹੀਂ ਸੀ। ਫਾਸਿਸ਼ਟਾਂ ਦੇ ਖਿਲਾਫ ਲੋਕ ਜਾਗ ਰਹੇ ਹਨ। ਇਸਦਾ ਸੰਦੇਸ਼ ਦੇਣਾ ਹੀ ਮੇਰਾ ਕੰਮ ਹੈ। ਆਖਰ ਵਿਚ ਜੋ ਵੀ ਫੇਕ ਨਿਊਜ ਨੂੰ ਐਕਸਪੋਜ ਕਰਦਾ ਹੈ। ਉਸਨੂੰ ਸਲਾਮ। ਮੇਰੀ ਇਛਾ ਹੈ ਕਿ ਉਹਨਾਂ ਦੀ ਸੰਖਿਆ ਹੋਰ ਵੀ ਜਿਆਦਾ ਹੋਵੇ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਓਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਨਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

## ਮਸੀਹੀ ਸੰਸਾਰ ਦੀ ਡੈਸਕ ਤੋਂ ਮਸੀਹੀ ਸਮਾਚਾਰ

# ਮੋਦੀ ਮੰਤਰੀ ਮੰਡਲ 'ਚ ਫੇਰ ਬਦਲ



ਫਰੈਡੀ ਜੋਜ਼ਫ

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਭਾਰਤੀ ਜਨਤਾ ਪਾਰਟੀ ਨੂੰ ਇਸ ਯੋਗ ਬਣਾਉਣ ਲਈ ਕਿ ਉਹ 2019 ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰ ਸਕੇ, ਆਪਣੇ ਮੰਤਰੀ ਮੰਡਲ ਵਿੱਚ ਵੱਡਾ ਫੇਰ ਬਦਲ ਕੀਤਾ ਹੈ। ਉਨ੍ਹਾਂ ਨੇ 9 ਨਵੇਂ ਮੰਤਰੀਆਂ ਨੂੰ ਮੰਤਰੀ ਮੰਡਲ ਵਿੱਚ ਸ਼ਾਮਿਲ ਕੀਤਾ ਹੈ। 4 ਮੰਤਰੀਆਂ ਦੇ ਮੰਤਰਾਲੇ ਬਦਲ ਦਿੱਤੇ ਹਨ ਜਦਕਿ ਕੁਝ ਮੰਤਰੀਆਂ ਦੀ ਛੁੱਟੀ ਕਰ ਦਿੱਤੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ 2019 ਵਿੱਚ ਲੋਕ ਸਭਾ ਚੋਣਾਂ ਵਿੱਚ ਮੋਦੀ ਸਰਕਾਰ ਦੇ 5 ਸਾਲ ਦੇ ਰਾਜ ਦੇ ਕੰਮਾਂ ਦਾ ਲੋਕ ਲੇਖਾ ਜੋਖਾ ਕਰਨਗੇ। ਬਹੁਤ ਸਾਰੀਆਂ ਅਪੋਜ਼ੀਸ਼ਨ ਪਾਰਟੀਆਂ 2019 ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਵਿੱਚ ਐਨ.ਡੀ.ਏ. ਨੂੰ ਹਰਾਉਣ ਲਈ ਤੇ ਤਾਕਤ ਵਿੱਚ ਆਉਣ ਲਈ ਇੱਕ ਮੁੱਠ ਹੋ ਰਹੀਆਂ ਹਨ। 2014 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ, ਜਨਤਾ ਦਲ ਯੂ ਅਤੇ ਕੁਝ ਹੋਰ ਖੇਤਰੀ ਪਾਰਟੀਆਂ ਵਿੱਚ ਤੋੜ ਭੰਨ ਕਰਕੇ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ ਅਤੇ ਜਿੰਨੀਆਂ ਵੀ ਹੁਣ ਤੱਕ ਉਪ ਚੋਣਾਂ ਦੇਸ਼ ਵਿੱਚ ਹੋਈਆਂ ਹਨ ਉਨ੍ਹਾਂ ਵਿੱਚ ਭਾਜਪਾ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ ਅਤੇ ਅਪੋਜ਼ੀਸ਼ਨ ਪਾਰਟੀਆਂ ਨੂੰ ਭਾਰੀ ਖੋਰਾ ਲੱਗਾ ਹੈ।

ਮੋਦੀ ਰਾਜ ਦੇ ਤਿੰਨ ਸਾਲਾਂ ਦੌਰਾਨ ਦੇਸ਼ ਦੀਆਂ ਅਹਿਮ ਧਾਰਮਿਕ ਘਟਗਿਣਤੀਆਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਇਨ੍ਹਾਂ ਵਿਚੋਂ ਮੁਸਲਮਾਨ, ਈਸਾਈ ਤੇ ਸਿੱਖ ਬਹੁਤ ਅਹਿਮ ਘਟਗਿਣਤੀਆਂ ਹਨ। ਮੁਸਲਮਾਨਾਂ ਦੇ ਧਾਰਮਿਕ, ਸਮਾਜਿਕ ਤੇ ਸਭਿਚਾਰਕ ਮਾਮਲਿਆਂ ਤੇ ਭਾਜਪਾ ਨੇ ਬਹੁਤ ਜ਼ਬਰਦਸਤ ਹਮਲੇ ਜਾਰੀ ਰੱਖੇ ਹੋਏ ਹਨ। ਮੁਸਲਮਾਨਾਂ ਦੇ ਬਹੁਤ ਸਾਰੇ ਧਾਰਮਿਕ ਤੇ ਸਮਾਜਿਕ ਨੇਤਾ ਹਾਰਦੇ ਹੋਏ ਵੀ ਭਾਜਪਾ ਨੂੰ ਜ਼ਬਰਦਸਤ ਟੱਕਰ ਦੇ ਰਹੇ ਹਨ ਪਰ ਈਸਾਈਆਂ ਵਿੱਚ ਅਜੇਹੇ ਧਾਰਮਿਕ ਨੇਤਾਵਾਂ ਤੇ ਵਿਦਵਾਨਾਂ ਦੀ ਭਾਰੀ ਕਮੀ ਹੈ ਅਤੇ ਈਸਾਈਆਂ ਵਿੱਚ ਭਿਆਨਕ ਫੁੱਟ ਅਤੇ ਗਰੀਬੀ ਹੋਣ ਕਾਰਣ ਈਸਾਈ ਦੱਬੂ ਨੇਚਰ ਦੇ ਬਣ ਗਏ ਹਨ ਅਤੇ ਦੜ ਵੱਟ ਜ਼ਮਾਨਾ ਕੱਟ ਦੀ ਨੀਤੀ ਤੇ ਚਲ ਰਹੇ ਹਨ। ਸ਼ਕਤੀਸ਼ਾਲੀ ਈਸਾਈ ਮੀਡੀਆ ਦਾ ਨਾ ਹੋਣਾ ਵੀ ਈਸਾਈਆਂ ਦੀ ਇੱਕ ਵੱਡੀ ਕਮਜ਼ੋਰੀ ਹੈ। ਇਸੇ ਕਰਕੇ ਹੀ ਈਸਾਈਆਂ ਦੀਆਂ ਬਹੁਤ ਵੱਡੀਆਂ ਐਨ.ਜੀ.ਓਜ਼ ਦੀ ਫੰਡਿੰਗ ਬੰਦ ਹੋਣ, ਗਿਰਜਿਆਂ ਤੇ ਹਮਲੇ ਹੋਣ ਤੇ ਧਰਮ ਪਰਿਵਰਤਨ ਦੇ ਨਾਂ ਤੇ ਈਸਾਈਆਂ ਤੇ ਹਮਲੇ ਹੋਣ ਦੇ ਅਹਿਮ ਮਸਲਿਆਂ ਨੂੰ ਵੀ ਈਸਾਈਆਂ ਨੇ ਉਸ ਤੀਖਣਤਾ ਨਾਲ ਮਹਿਸੂਸ ਨਹੀਂ ਕੀਤਾ ਜਿਸ ਤਰਾਂ ਜਿਉਂਦੀਆਂ ਜਾਗਦੀਆਂ ਕੌਮਾਂ ਕਰਦੀਆਂ ਹਨ। ਸਿੱਖਾਂ ਨੇ ਆਪਣੀ ਤਾਕਤ ਪੰਜਾਬ ਵਿੱਚ ਦਿਖਾ ਦਿੱਤੀ ਹੈ।

ਪਰ ਇਹ ਗੱਲ ਸਪਸ਼ਟ ਹੈ ਕਿ ਦੇਸ਼ ਦੀਆਂ ਘੱਟਗਿਣਤੀਆਂ ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰ ਰਹੀਆਂ ਹਨ। 2014 ਦੀਆਂ ਲੋਕ ਸਭਾ ਚੋਣਾਂ ਵਿੱਚ ਜੋ ਵਾਅਦੇ ਭਾਜਪਾ ਨੇ ਕੀਤੇ ਸਨ, ਉਨ੍ਹਾਂ ਤੇ ਉਹ ਖਰੀ ਨਹੀਂ ਉਤਰੀ। ਉਸਨੇ ਕਿਹਾ ਸੀ ਕਿ ਸਵਿਟਜ਼ਰਲੈਂਡ ਦੀਆਂ ਬੈਂਕਾਂ ਵਿੱਚ ਭਾਰਤ ਦੀ ਬਲੈਕ ਮਨੀ ਦਾ ਪੈਸਾ ਲਿਆ ਕੇ ਹਰ ਭਾਰਤੀ ਦੇ ਬੈਂਕ ਖਾਤੇ ਵਿੱਚ 15-15 ਲੱਖ ਰੁਪਏ ਜਮਾ ਕਰਾਏ ਜਾਣਗੇ। ਜੇਕਰ ਇਹ ਗੱਲ ਹੋ ਜਾਂਦੀ ਤਾਂ ਭਾਰਤ ਦੇ ਇੱਕ ਤਿਹਾਈ ਬੇਘਰੇ ਬੇਘਰੇ ਨਾ ਰਹਿੰਦੇ ਤੇ 25 ਫੀਸਦੀ ਭਾਰਤੀ ਰਾਤ ਨੂੰ ਭੁੱਖੇ ਪੇਟ ਸੌਂਦੇ ਹਨ, ਉਹ ਰੱਜ ਕੇ ਰੋਟੀ ਖਾਣ ਲੱਗ ਜਾਂਦੇ। ਭਾਰਤ ਵਿੱਚ ਇੱਕ ਵੀ ਵਿਅਕਤੀ ਗਰੀਬ ਨਾ ਰਹਿੰਦਾ। ਪਰ ਚੋਣਾਂ ਜਿੱਤਣ ਤੋਂ ਬਾਅਦ ਦੇਸ਼ ਦੇ ਗਰੀਬਾਂ ਨੂੰ ਮੋਦੀ ਸਰਕਾਰ ਨੇ ਠੇਂਗਾ ਵਿਖਾ ਦਿੱਤਾ। ਵਾਅਦਾ ਕੀਤਾ ਸੀ ਹਰ ਸਾਲ 2 ਕਰੋੜ ਲੋਕਾਂ ਨੂੰ ਰੋਜ਼ਗਾਰ ਦੇਣ ਦਾ। ਸਾਢੇ ਤਿੰਨ ਸਾਲ ਵਿੱਚ ਡੇਢ ਲੱਖ ਤੋਂ ਵੱਧ ਲੋਕਾਂ ਨੂੰ ਨੌਕਰੀਆਂ ਨਹੀਂ ਦੇ ਸਕੀ ਮੋਦੀ ਸਰਕਾਰ। ਨੋਟਬੰਦੀ ਕਾਰਣ 150 ਦੇ ਕਰੀਬ ਲੋਕਾਂ ਦੀ ਮ੍ਰਿਤੂ ਹੋ ਗਈ।

ਬਹੁਤ ਸਾਰੇ ਕਾਰੋਬਾਰੀਆਂ ਦੇ ਕੰਮ ਠੱਪ ਹੋ ਗਏ, ਕਿਸਾਨਾਂ ਦਾ ਬੁਰਾ ਹਾਲ ਹੋ ਗਿਆ। ਉਹ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਗਏ। ਪਰ ਨੋਟਬੰਦੀ ਦਾ ਉਹ ਲਾਭ ਨਹੀਂ ਹੋਇਆ ਜੋ ਦਸਿਆ ਗਿਆ ਸੀ। ਸਰਕਾਰ ਦੀ ਨਾਅਹਿਲਅਤ ਕਾਰਣ ਰੇਲ ਹਾਦਸਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਹਸਪਤਾਲਾਂ ਵਿੱਚ ਮੌਤਾਂ ਦੀ ਗਿਣਤੀ ਵੱਧ ਰਹੀ ਹੈ। ਅਨੇਕਾਂ ਮਸਲੇ ਹਨ ਜਿੰਨ੍ਹਾਂ ਵਿੱਚ ਮੋਦੀ ਸਰਕਾਰ ਫੇਲ ਹੋਈ ਹੈ।

ਕੇਂਦਰੀ ਮੰਤਰੀ ਮੰਡਲ ਵਿੱਚ ਜੋ ਵਾਧਾ ਕੀਤਾ ਗਿਆ ਹੈ, ਉਸ ਵਿੱਚ ਇਕ ਮੁਸਲਮਾਨ, ਇਕ ਈਸਾਈ ਅਤੇ ਇੱਕ ਸਿੱਖ ਨੂੰ ਲਿਆ ਗਿਆ ਹੈ। ਸਪਸ਼ਟ ਹੈ ਕਿ ਅਜਿਹਾ ਘਟਗਿਣਤੀਆਂ ਦੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਕੀਤਾ ਗਿਆ ਹੈ ਪਰ ਜਿਸ ਮੁਸਲਮਾਨ ਨੂੰ ਲਿਆ ਗਿਆ ਹੈ ਉਸ ਤੇ ਮੁਸਲਮਾਨ ਭਰੋਸਾ ਨਹੀਂ ਕਰਦੇ। ਕੇਰਲਾ ਤੋਂ ਇਕ ਈਸਾਈ ਅਲਫੋਂਜ਼ ਨੂੰ ਲਿਆ ਗਿਆ ਹੈ ਜੋ ਇਕ ਬਹੁਤ ਸਫਲ ਅਫਸਰਸ਼ਾਹ ਹੈ ਪਰ ਉਹ ਈਸਾਈਆਂ ਦਾ ਲੀਡਰ ਨਹੀਂ ਹੈ। ਉਸਨੇ ਆਉਂਦਿਆਂ ਹੀ ਇਹ ਬਿਆਨ ਦੇ ਦਿੱਤਾ ਕਿ ਕੇਰਲਾ ਵਿੱਚ ਬੀਫ ਤੇ ਕੋਈ ਪਾਬੰਦੀ ਨਹੀਂ। ਈਸਾਈਆਂ ਨੂੰ ਮੋਦੀ ਸਰਕਾਰ ਤੋਂ ਕੋਈ ਖਤਰਾ ਨਹੀਂ। ਪੰਜਾਬ ਤੋਂ ਕਿਸੇ ਅਕਾਲੀ ਨੂੰ ਨਹੀਂ ਲਿਆ ਗਿਆ। ਦਿੱਲੀ ਤੋਂ ਇੱਕ ਸਿੱਖ ਵਜ਼ਾਰਤ ਵਿੱਚ ਸ਼ਾਮਲ ਕੀਤਾ ਗਿਆ ਹੈ। ਪੰਜਾਬ ਵਿੱਚ ਭਾਜਪਾ ਦੇ ਫੂਸੜੇ ਉਡ ਜਾਣ ਤੋਂ ਬਾਅਦ ਸਿੱਖਾਂ ਨੂੰ ਭਰੋਸੇ ਵਿੱਚ ਲੈਣ ਦਾ ਇਹ ਯਤਨ ਹੈ। ਪਰ ਸਾਨੂੰ ਨਹੀਂ ਲੱਗਦਾ ਕਿ ਮੋਦੀ ਆਪਣੇ ਯਤਨ ਵਿੱਚ ਸਫਲ ਹੋ ਸਕਣਗੇ। ਗਊਰਕਸ਼ਕਾਂ ਨੇ ਮੋਦੀ ਸਰਕਾਰ ਦਾ ਚਿਹਰਾ ਖਰਾਬ ਕਰ ਦਿੱਤਾ ਹੈ। ਬੂਚੜਖਾਨਿਆਂ ਨੂੰ ਬੰਦ ਕਰਨ ਦੇ ਨਾਂ ਤੇ ਹਜ਼ਾਰਾਂ ਲੋਕਾਂ ਦੇ ਕਾਰੋਬਾਰ ਡੁੱਬੋ ਦਿੱਤੇ ਗਏ ਹਨ। ਕਈ ਮੁਸਲਮਾਨ ਮਾਰ ਦਿੱਤੇ ਗਏ ਹਨ। ਇੱਕ ਲੱਖ ਤੋਂ ਵੱਧ ਲੋਕ ਬੇਰੁਜ਼ਗਾਰ ਹੋ ਗਏ ਹਨ। ਨੋਟਬੰਦੀ ਤੇ ਜੀ.ਐਸ.ਟੀ. ਨੇ ਦੇਸ਼ ਭਰ ਵਿੱਚ ਬਿਜ਼ਨਸ ਦਾ ਭੱਠਾ ਬਿਠਾ ਦਿੱਤਾ ਹੈ। ਦੇਸ਼ ਦੀਆਂ ਸਰਹੱਦਾਂ ਤੇ ਲਗਾਤਾਰ ਤਨਾਅ ਬਣਿਆ ਹੋਇਆ ਹੈ। ਦੇਸ਼ ਦੇ ਅੰਦਰ ਤੇ ਬਾਹਰ ਬਹੁਤ ਬੇਚੈਨੀ ਹੈ ਇਹਨਾਂ ਮੁੱਦਿਆਂ ਦਾ ਸਾਹਮਣਾ ਭਾਜਪਾ ਨੂੰ ਚੋਣਾਂ ਵਿੱਚ ਕਰਨਾ ਪਵੇਗਾ। ਮੰਤਰੀ ਮੰਡਲ ਵਿੱਚ ਫੇਰ ਬਦਲ ਕਰਕੇ ਮੋਦੀ 2019 ਦੀਆਂ ਚੋਣਾਂ ਲਈ ਭਾਜਪਾ ਨੂੰ ਕਿੰਨੀ ਸਮਰਥਾ ਦੇ ਸਕਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

**ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ**

# ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ 11 ਅਕਤੂਬਰ ਨੂੰ

ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਹੋਣ ਵਾਲੀ ਉਪ ਚੋਣ ਦਾ ਐਲਾਨ ਚੋਣ ਕਮਿਸ਼ਨ ਵਲੋਂ ਕਰ ਦਿੱਤਾ ਹੈ ਅਤੇ ਅਕਤੂਬਰ 11 ਨੂੰ ਇਸ ਹਲਕੇ ਦੀ ਚੋਣ ਹੋਣ ਜਾ ਰਹੀ ਹੈ। ਇਸ ਹਲਕੇ ਦੇ ਸਾਂਸਦ ਵਿਨੋਦ ਖੰਨਾ ਦੀ ਮਿਰਤੂ 27 ਅਪ੍ਰੈਲ ਨੂੰ ਹੋਈ ਸੀ। ਇਸ ਕਰਕੇ 27 ਅਕਤੂਬਰ ਤੱਕ ਉਨ੍ਹਾਂ ਇਸ ਹਲਕੇ ਤੋਂ ਨਵਾਂ ਸਾਂਸਦ ਕਾਨੂੰਨ ਅਨੁਸਾਰ ਚੁਣਿਆ ਜਾਣਾ ਜ਼ਰੂਰੀ ਹੈ। ਇਸ ਹਲਕੇ ਵਿੱਚ ਭਾਰਤੀਆ ਜਨਤਾ ਪਾਰਟੀ ਦੀ ਪੁਜ਼ੀਸ਼ਨ ਕਾਫੀ ਮਜ਼ਬੂਤ ਹੈ। ਪਰ ਇਸ ਵਾਰੀ ਕਾਂਗਰਸ ਉ-ਮੀਦਵਾਰ ਦੇ ਚੁਣੇ ਜਾਣ ਦੀ ਕਾਫੀ ਸੰਭਾਵਨਾ ਹੈ। ਪਿਛਲੀ ਵਾਰ ਇਸ ਹਲਕੇ ਵਿੱਚ ਕਾਂਗਰਸੀ ਉਮੀਦ-ਵਾਰ ਪ੍ਰਤਾਪ ਸਿੰਘ ਬਾਜਵਾ ਸਨ ਜੋ ਇਕ ਲੱਖ ਤੋਂ ਵੱਧ ਵੋਟਾਂ ਤੋਂ ਹਾਰੇ ਸਨ। ਪਰ ਇਸ ਵਾਰੀ ਬਾਜਵਾ ਨੂੰ ਟਿਕਟ ਮਿਲਣ ਦੀ ਸੰਭਾਵਨਾ ਨਹੀਂ ਹੈ ਤੇ ਨਾ ਹੀ ਉਨ੍ਹਾਂ ਦੀ ਘਰਵਾਲੀ ਨੂੰ ਟਿਕਟ ਮਿਲਣ ਦੀ ਸੰਭਾਵਨਾ ਹੈ। ਇਸ ਵਾਰੀ ਲੱਗਦਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਮਰਜ਼ੀ ਦਾ ਉਮੀਦਵਾਰ ਮੈਦਾਨ ਵਿੱਚ ਉਤਾਰਨਗੇ। ਇਹ ਵੀ ਖਬਰ ਆਈ ਹੈ ਕਿ ਗੁਰਦਾਸਪੁਰ ਉਪ ਲੋਕ ਸਭਾ ਚੋਣ ਲਈ ਕਾਂਗਰਸੀ ਉਮੀਦਵਾਰ ਰਾਸ਼ਟਰੀ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੀ ਮਰਜ਼ੀ ਨਾਲ ਚੁਣਿਆ ਜਾਵੇਗਾ। ਉਨ੍ਹਾਂ ਨੇ ਪਿਛਲੇ ਦਿਨੀ ਇਸ ਬਾਰੇ ਸਲਾਹ ਕਰਨ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਨੂੰ ਦਿੱਲੀ ਬੁਲਾਇਆ ਸੀ। ਇਹ ਵੀ ਪਤਾ ਲੱਗਾ ਹੈ ਕਿ ਸ਼੍ਰੀ ਰਾਹੁਲ ਗਾਂਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਸ਼੍ਰੀ ਜਾਖੜ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੇ ਹੱਕ ਵਿੱਚ ਹਨ। ਵਰਣਨਯੋਗ ਹੈ ਕਿ ਪਿਛਲੇ ਦਿਨੀ ਸ਼੍ਰੀ ਜਾਖੜ ਨੇ ਕਿਹਾ ਸੀ ਕਿ ਉਹ ਗੁਰਦਾਸਪੁਰ ਤੋਂ ਚੋਣ ਨਹੀਂ ਲੜਨਗੇ। ਉਹ ਚਾਹੁੰਦੇ ਹਨ ਕਿ ਗੁਰਦਾਸਪੁਰ ਦਾ ਕੋਈ ਲੋਕਲ ਕਾਂਗਰਸੀ ਹੀ ਚੋਣ ਮੈਦਾਨ ਵਿੱਚ ਉਤਾਰਿਆ ਜਾਵੇ। ਇਸ ਉਮੀਦਵਾਰ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਦੇਣਗੇ। ਲਗਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਇਸ ਚੋਣ ਦੀ ਵਾਗਡੋਰ ਆਪਣੇ ਹੱਥ ਸੰਭਾਲਣਗੇ। ਉਹ ਬਹੁਤ ਜ਼ਬਰਦਸਤ ਚੋਣ ਘੁਲਾਟੀਏ ਹਨ। 2016 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਉਨ੍ਹਾਂ ਨੇ ਅਕਾਲੀ ਭਾਜਪਾ ਗਠਜੋੜ ਨੂੰ ਅਜਿਹੀ ਪਟਕਣੀ ਮਾਰੀ ਸੀ ਕਿ ਅਕਾਲੀ ਭਾਜਪਾ ਗਠਜੋੜ ਵਿਧਾਨ ਸਭਾ ਵਿੱਚ ਅਪੋਜ਼ੀਸ਼ਨ ਦਾ ਦਰਜਾ ਵੀ ਪ੍ਰਾਪਤ ਨਹੀਂ ਕਰ ਸਕੀ ਸੀ। ਚੋਣਾਂ ਨੂੰ ਮੁੱਖ ਰਖਦਿਆਂ ਕੈਪਟਨ ਅਮਰਿੰਦਰ ਸਿੰਘ ਨੇ15 ਅਗਸਤ ਨੂੰ ਅਜ਼ਾਦੀ ਦਿਵਸ ਤੇ ਝੰਡਾ ਲਹਿਰਾਉਣ ਦੀ ਰਸਮ ਗੁਰਦਾਸਪੁਰ ਵਿੱਚ ਹੀ ਅਦਾ ਕੀਤੀ ਸੀ ਅਤੇ ਗੁਰਦਾਸਪੁਰ ਦੇ ਲੋਕਾਂ ਲਈ ਰਿਆਇਤਾਂ ਦਾ ਪਿਟਾਰਾ ਖੋਲ ਦਿੱਤਾ ਸੀ। ਇਸ ਸਮੇਂ ਲੋਕ ਇੰਨ੍ਹਾਂ ਰਿਆਇਤਾਂ ਦਾ ਲਾਭ ਉਠਾ ਰਹੇ ਹਨ। ਇਸ ਹਲਕੇ ਵਿੱਚ ਈਸਾਈਆਂ ਦੀ ਗਿਣਤੀ ਸਾਰੇ ਪੰਜਾਬ ਨਾਲੋਂ ਜ਼ਿਆਦਾ ਹੈ। ਇਥੇ ਸਰਕਾਰੀ ਰਿਕਾਰਡ ਅਨੁਸਾਰ ਈਸਾਈਆਂ ਦੀ ਗਿਣਤੀ 6.78 ਫੀਸਦੀ ਹੈ ਪਰ ਅਸਲ ਵਿੱਚ ਇਸ ਹਲਕੇ ਵਿੱਚ ਈਸਾਈਆਂ ਦੀ ਸਹੀ ਗਿਣਤੀ 10 ਪ੍ਰਤੀਸ਼ਤ ਤੋਂ ਵੀ ਉਪਰ ਹੈ। ਇਥੇ ਈਸਾਈ ਲੀਡਰ ਬਹੁਤ ਹਨ ਪਰ ਜ਼ਮੀਨੀ ਪੱਧਰ ਤੇ ਈਸਾਈ ਵਰਕਰਾਂ ਦੀ ਗਿਣਤੀ ਨਾਂ-ਮਾਤਰ ਹੀ ਹੈ। ਈਸਾਈਆਂ ਵਿੱਚ ਫੁੱਟ ਬਹੁਤ ਜ਼ਿਆਦਾ ਹੈ। ਇਸ ਕਰਕੇ ਪਿਛਲੇ 70 ਸਾਲ ਵਿੱਚ ਈਸਾਈਆਂ ਨੂੰ ਸਰਕਾਰੀ ਰਿਆਇਤਾਂ ਦਾ ਕੋਈ ਖਾਸ ਲਾਭ ਨਹੀਂ ਮਿਲਿਆ ਜਿਸ ਕਰਕੇ ਈਸਾਈਆਂ ਦੀ ਆਰਥਿਕ ਹਾਲਤ ਬਹੁਤ ਜ਼ਿਆਦਾ ਮਾੜੀ ਹੈ।

ਮਸੀਹੀ ਦਲ ਦੇ ਜਨਰਲ ਸਕੱਤਰ ਯੂਨਸ ਮਸੀਹ ਇਸ ਹਲਕੇ ਵਿੱਚ ਪਿਛਲੇ 6 ਮਹੀਨੇ ਤੋਂ ਹੀ ਸਰਗਰਮ ਹਨ ਅਤੇ ਈਸਾਈਆਂ ਨੂੰ ਸਰਕਾਰੀ ਰਿਆਇਤਾਂ ਦਾ ਲਾਭ ਕਿਵੇਂ ਪਹੁੰਚਾਇਆ ਜਾਵੇ ਇਸ ਦੀ ਸਟੱਡੀ ਕਰ ਰਹੇ ਹਨ। ਯਾਦ ਰਹੇ ਕਿ ਉਨ੍ਹਾਂ ਨੇ 1985 ਵਿੱਚ ਗੁਰਦਾਸਪੁਰ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਸੀ ਪਰ ਲਗਾਤਾਰ ਸਿਹਤ ਨਾ ਠੀਕ ਹੋਣ ਕਾਰਨ ਉਹ ਸਰਗਰਮ ਈਸਾਈ ਸਿਆਸਤ ਤੋਂ ਬਾਹਰ ਹੋ ਗਏ ਸਨ। ਸਤੰਬਰ 2016 ਵਿੱਚ ਉਨ੍ਹਾਂ ਅਤੇ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ ਦੀ ਅਗਵਾਈ ਵਿੱਚ 125 ਮੈਂਬਰੀ ਈਸਾਈ ਵਫਦ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਈਸਾਈਆਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਦੀ ਮੰਗ ਕੀਤੀ ਸੀ ਜੋ ਕਿ ਕੈਪਟਨ ਨੇ ਪ੍ਰਵਾਨ ਕਰ ਲਈ ਸੀ। ਹੁਣ ਫਿਰ ਉਹ ਕੈਪਟਨ ਸਾਹਿਬ ਅਤੇ ਇਸ ਹਲਕੇ ਤੋਂ ਚੋਣ ਲੜਨ ਵਾਲੇ ਕਾਂਗਰਸੀ ਉਮੀਦਵਾਰ ਨਾਲ ਮਿਲ ਕੇ ਇਸ ਗੱਲ ਤੇ ਜ਼ੋਰ ਦੇਣਗੇ ਕਿ ਈਸਾਈਆਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕੀਤਾ ਜਾਵੇ।

ਸ਼੍ਰੀ ਯੂਨਸ ਮਸੀਹ ਹਲਕਾ ਗੁਰਦਾਸਪੁਰ ਦਾ ਤਿੰਨ ਵਾਰੀ ਦੌਰਾ ਕਰ ਚੁੱਕੇ ਹਨ ਅਤੇ ਉਨ੍ਹਾਂ ਦਾ ਇਸ ਗੱਲ ਤੇ ਜ਼ੋਰ ਹੈ ਕਿ ਈਸਾਈਆਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕੀਤਾ ਜਾਵੇ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ 2016 ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣੀ ਤਾਂ ਹਰ ਘਰ ਵਿੱਚੋਂ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਈਸਾਈਆਂ ਨੂੰ ਸਰਕਾਰੀ ਨੌਕਰੀਆਂ ਲੈਣ ਲਈ ਹੁਣ ਪੱਬਾ ਭਾਰ ਹੋਣ ਦੀ ਲੋੜ ਹੈ।

ਈਸਾਈਆਂ ਨੂੰ ਚੋਣਾਂ ਦੌਰਾਨ ਨਿੱਕੇ ਨਿੱਕੇ ਲਾਭਾਂ ਤੋਂ ਬਚਣਾ ਚਾਹੀਦਾ ਹੈ। ਅਸਲ ਵਿੱਚ ਇਹ ਲਾਭ ਨਹੀਂ ਲਾਲਚ ਹਨ।

ਅਜਿਹੇ ਨਿੱਕੇ ਲਾਲਚਾਂ ਹੇਠ ਸਾਡੇ ਵੱਡੇ ਲਾਭ ਦੱਬ ਜਾਂਦੇ ਹਨ। ਅਸੀਂ ਸਮਝਦੇ ਹਾਂ ਕਿ ਇਹੀ ਸਾਡੇ ਦੂਜੀਆਂ ਕੌਮਾਂ ਤੋਂ ਪਿਛੇ ਰਹਿ ਜਾਣ ਦਾ ਇੱਕ ਵੱਡਾ ਕਾਰਣ ਹੈ। ਗੁਰਦਾਸਪੁਰ ਉੱਪ ਲੋਕ ਸਭਾ ਚੋਣ ਦੌਰਾਨ ਈਸਾਈਆਂ ਨੂੰ ਇਸ ਤੱਤ ਤੋਂ ਖਬਰਦਾਰ ਰਹਿਣ ਦੀ ਲੋੜ ਹੈ।

# ਪਾਕਿਸਤਾਨ ਵਿੱਚ ਇੱਕ ਈਸਾਈ ਈਸ਼ ਨਿੰਦਾ ਦੇ ਦੋਸ਼ 'ਚ ਗ੍ਰਿਫਤਾਰ

ਲਾਹੌਰ- ਪਾਕਿਸਤਾਨ ਨੇ ਪੰਜਾਬ ਪ੍ਰਾਂਤ ਦੇ ਇੱਕ ਈਸਾਈ ਨੌਜਵਾਨ ਸ਼ਹਿਜ਼ਾਦ ਮਸੀਹ ਨੂੰ ਪੁਲਿਸ ਨੇ ਈਸ਼ ਨਿੰਦਾ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਮਾਮਲਾ ਲਾਹੌਰ ਤੋਂ ਲਗਪਗ 200 ਕਿਲੋਮੀਟਰ ਦੂਰ ਕਿੰਗਾ ਕਸਬੇ ਦਾ ਹੈ। ਇਥੇ ਬਿਜਲੀ ਦੇ ਸਮਾਨ ਦੀ ਦੁਕਾਨ ਦੇ ਮਾਲਕ ਨਦੀਮ ਅਹਿਮਦ ਨੇ ਪੁਲਸ ਥਾਣੇ ਵਿੱਚ ਸ਼ਿਕਾਇਤ ਕੀਤੀ ਹੈ ਕਿ ਉਸਦੇ ਇੱਕ ਮਿੱਤਰ ਨੇ ਉਸ ਨੂੰ ਦੱਸਿਆ ਹੈ ਕਿ ਸ਼ਹਿਜ਼ਾਦ ਮਸੀਹ ਨੇ ਪੈਗੰਬਰ ਦੇ ਖਿਲਾਫ ਟਿਪਣੀ ਕੀਤੀ ਹੈ ਜਦਕਿ ਇਸ ਦੁਕਾਨਦਾਰ ਨੇ ਖੁਦ ਸ਼ਹਜ਼ਾਦ ਮਸੀਹ ਦੇ ਮੂੰਹੋਂ ਕੋਈ ਅਜੇਹੀ ਗੱਲ ਨਹੀਂ ਸੁਣੀ। ਪਰ ਉਸਦੇ ਇੰਨਾ ਕਹਿਣ ਤੇ ਹੀ ਪੁਲਿਸ ਨੇ ਸ਼ਹਜ਼ਾਦ ਮਸੀਹ ਵਿਰੁਧ ਮੁਕਦਮਾ ਦਰਜ ਕਰ ਲਿਆ। ਪੁਲਿਸ ਕੋਲ ਘਟਗਿਣਤੀ ਨੂੰ ਤੰਗ ਕਰਨ ਦਾ ਈਸ਼ ਨਿੰਦਾ ਇੱਕ ਸੌਖਾ ਬਹਾਨਾ ਹੈ। ਸ਼ਹਿਜ਼ਾਦ ਮਸੀਹ ਨੂੰ ਪੁਲਿਸ ਨੇ ਬੜੀ ਬੇਰਹਿਮੀ ਨਾਲ ਕੁੱਟ ਮਾਰ ਕੀਤੀ।

# ਗੋਆ 'ਚ ਸ਼ਰਾਰਤੀਆਂ ਨੇ ਕਬਰਾਂ ਤੋੜੀਆਂ

ਪਣਜੀ - ਦੱਖਣੀ ਗੋਆ ਦੇ ਈਸਾਈ ਬਹੁ-ਗਿਣਤੀ ਵਾਲੇ ਖੇਤਰ ਵਿੱਚ ਸੜਕ ਦੇ ਕਿਨਾਰੇ ਬਣੇ ਕਬਰਸਤਾਨ ਵਿੱਚ 40 ਤੋਂ ਵੱਧ ਸਲੀਬਾਂ ਅਤੇ ਕਬਰਾਂ ਤੋੜੇ ਜਾਣ ਦੀ ਦੁਖਦਾਈ ਖਬਰ ਮਿਲੀ ਹੈ। ਗੋਆ ਦੇ ਬਿਸ਼ਪ ਫਿਲਪ ਨੇਕੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਸ ਘਟਨਾ ਨੂੰ ਸਵਾਰਥੀ ਤੱਤਾਂ ਨੇ ਈਸਾਈਆਂ ਨੂੰ ਉਕਸਾਉਣ ਲਈ ਅੰਜਾਮ ਦਿੱਤਾ ਹੈ ਤਾਂ ਕਿ ਸੰਪਰਦਾਇਕ ਵਿਵਾਦ ਅਤੇ ਧਾਰਮਿਕ ਨਫਰਤ ਦਾ ਵਾਤਾਵਰਣ ਕਾਇਮ ਕੀਤਾ ਜਾ ਸਕੇ। ਉਨ੍ਹਾਂ ਸਾਰੇ ਈਸਾਈਆਂ ਨੂੰ ਅਪੀਲ ਕੀਤੀ ਹੈ ਕਿ ਕੋਈ ਵੀ ਅਜੇਹੀ ਕਾਰਵਾਈ ਨਾ ਕਰਨ ਜਿਸ ਨਾਲ ਫਿਰਕੂ ਤਨਾਅ ਪੈਦਾ ਹੋਵੇ। ਧਾਰਮਿਕ ਸਦਭਾਵ ਬਣਾਈ ਰੱਖਿਆ ਜਾਵੇ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਸਲੇ ਦੀ ਜਾਂਚ ਕਰਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦੇਵੇ। ਪੁਲਿਸ ਨੇ ਕਿਹਾ ਹੈ ਕਿ ਕਬਰ ਦੇ ਪੱਥਰ ਉਖਾੜਨ ਲਈ ਵੱਡੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਗਈ ਹੈ। ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਕੇਰਲਾ ਵਿੱਚ ਲੋਕ ਬੀਫ ਖਾ ਸਕਦੇ ਹਨ - ਅਲਫਾਂਸੋ

'ਕੇਰਲਾ ਵਿੱਚ ਬੀਫ ਖਾਣ ਤੇ ਕੋਈ ਪਾਬੰਦੀ ਨਹੀਂ ਲਗੇਗੀ' ਇਹ ਗੱਲ ਮੋਦੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤੇ ਗਏ ਨਵੇਂ ਟੂਰੀਜ਼ਮ ਮੰਤਰੀ ਅਲਫੋਂਜ਼ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਕਹੀ। ਉਨ੍ਹਾਂ ਕਿਹਾ ਕਿ ਭਾਰਤੀਆ ਜਨਤਾ ਪਾਰਟੀ ਨੇ ਕੇਰਲਾ ਵਿੱਚ ਬੀਫ ਖਾਣ ਤੇ ਪਾਬੰਦੀ ਦੀ ਗੱਲ ਕਦੀ ਨਹੀਂ ਕਹੀ। ਇਹ ਗੱਲ ਗਲਤ ਹੈ ਕਿ ਮੋਦੀ ਸਰਕਾਰ ਤੋਂ ਈਸਾਈਆਂ ਨੂੰ ਕੋਈ ਖਤਰਾ ਹੈ। ਲੋਕਾਂ ਦਾ ਇਹ ਡਰ ਗਲਤ ਹੈ ਕਿ ਮੋਦੀ ਸਰਕਾਰ ਦੌਰਾਨ ਈਸਾਈਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਵੇਗਾ। ਚਰਚ ਢਾਹ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਬੀ.ਜੇ.ਪੀ. ਸਾਸ਼ਤ ਗੋਆ ਦੇ ਮੁਖ ਮੰਤਰੀ ਮਨੋਹਰ ਪਰਕਰ ਨੇ ਕਿਹਾ ਸੀ ਕਿ ਗੋਆ ਵਿੱਚ ਬੀਫ ਦੀ ਕਮੀ ਨਹੀਂ ਹੋਣ ਦਿੱਤੀ ਜਾਵੇਗੀ।

## ਹੈਕਲ ਵਿੱਚ ਨਹੀ ਚਲਦੀ ਸੀ ਰੋਮ ਸਰਕਾਰ

ਪ੍ਰਭੂ ਯਿਸੂ ਦੇ ਸਮੇਂ ਹੈਕਲ ਵਿੱਚ ਯਹੂਦੀ ਰੋਮ ਸਰਕਾਰ ਦੇ ਗੁਲਾਮ ਹੁੰਦੇ ਹੋਏ ਵੀ ਆਪਣੀ ਕਰੰਸੀ ਚਲਾਉਂਦੇ ਸਨ। ਰੋਮੀ ਕਿਉਂਕਿ ਬੁੱਧਪ੍ਰਸਤ ਸਨ, ਇਸ ਕਰਕੇ ਯਹੂਦੀ ਰੋਮ ਦੀ ਕਰੰਸੀ ਨੂੰ ਹੈਕਲ ਵਿੱਚ ਦਾਖਲ ਹੋਣ ਦੇਣ ਨੂੰ ਹੈਕਲ ਦੀ ਪਵਿੱਤਰਤਾ ਭੰਗ ਕਰਨਾ ਸਮਝਦੇ ਸਨ।

ਹੈਕਲ ਵਿੱਚ ਇਬਾਦਤ ਲਈ ਆਉਣ ਵਾਲੇ ਲੋਕਾਂ ਨੂੰ ਰੋਮ ਸਰਕਾਰ ਦੀ ਕਰੰਸੀ ਨਾਲ ਹੈਕਲ ਦੀ ਕਰੰਸੀ ਖਰੀਦਣੀ ਪੈਂਦੀ ਸੀ ਅਤੇ ਹੈਕਲ ਦੀ ਕਰੰਸੀ ਨਾਲ ਉਹ ਹੀ ਹੈਕਲ ਦੇ ਅਹਾਤੇ ਵਿੱਚੋਂ ਬਲੀਦਾਨ ਕਰਨ ਵਾਲੀਆਂ ਚੀਜ਼ਾਂ ਖਰੀਦ ਸਕਦੇ ਸਨ। ਪਰ ਆਮ ਲੋਕਾਂ ਨੂੰ ਹੈਕਲ ਦੀ ਕਰੰਸੀ ਅਤੇ ਰੋਮ ਸਰਕਾਰ ਦੀ ਕਰੰਸੀ ਦੇ ਮੁੱਲ ਦਾ ਪਤਾ ਨਹੀਂ ਸੀ ਹੁੰਦਾ। ਇਸ ਕਰਕੇ ਹੈਕਲ ਦੇ ਅਹਾਤੇ ਵਿੱਚ ਪਸ਼ੂ ਪੰਛੀ ਆਦਿ ਚੜ੍ਹਾਵੇ ਦੀਆਂ ਚੀਜ਼ਾਂ ਦੇ ਭਾਅ ਨਿਸ਼ਚਿਤ ਭਾਅ ਤੋਂ ਕਿਤੇ ਵੱਧ ਲਾ ਕੇ ਲੋਕਾਂ ਨੂੰ ਲੁਟਦੇ ਸਨ। ਗਰੀਬਾਂ ਦੀ ਲੁੱਟ ਕਾਰਨ ਹੀ ਪ੍ਰਭੂ ਯਿਸੂ ਨੂੰ ਗੁੱਸਾ ਆਇਆ ਅਤੇ ਉਨ੍ਹਾਂ ਨੇ ਇਨ੍ਹਾਂ ਵਿਉਪਾਰੀਆਂ ਨੂੰ ਕੁੱਟ ਕੁੱਟ ਕੇ ਭਜਾ ਦਿੱਤਾ।

# 'ਨੋਟਬੰਦੀ' ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਈ ਹੈ

**(ਸਫਾ 6 ਦੀ ਬਾਕੀ)**

ਆਰਥਿਕ ਨੀਤੀਆਂ ਦੀ ਸਫਲਤਾ ਦਾ ਅਸਲੀ ਬੈਰੋਮੀਟਰ ਤਾਂ ਇਹ ਹੋਣਾ ਚਾਹੀਦਾ ਸੀ ਕਿ ਸਰਕਾਰ ਕਿਸ ਹੱਦ ਤੱਕ ਅਰਥ ਵਿਵਸਥਾ ਦਾ ਰਸਮੀਕਰਨ ਕਰ ਸਕਦੀ ਹੈ ਅਤੇ ਰਸਮੀ ਅਰਥ ਵਿਵਸਥਾ ਨੂੰ ਕਿੰਨਾ ਅੱਗੇ ਵਧਾ ਸਕਦੀ ਹੈ ਪਰ ਇਸ ਮਾਮਲੇ ਵਿੱਚ ਸਰਕਾਰ ਕੋਲ ਦਿਖਾਉਣ ਲਈ ਕੁਝ ਨਹੀਂ ਹੈ।

2016-17 ਦੀ ਪਹਿਲੀ ਤਿਮਾਹੀ (ਅਪ੍ਰੈਲ-ਜੂਨ 2017) ਦੌਰਾਨ ਆਰਥਿਕ ਵਾਧਾ ਦਰ ਦੇ ਅੰਕੜੇ ਇਸ ਦੋਸ਼ ਦੀ ਪੁਸ਼ਟੀ ਕਰਦੇ ਸਨ। ਸੰਨ 2011-12 ਦੀਆਂ ਕੀਮਤਾਂ ਨੂੰ ਆਧਾਰ ਮੰਨ ਕੇ ਚਲਿਆ ਜਾਵੇ ਤਾਂ ਅਪ੍ਰੈਲ ਜੂਨ 2016 ਦੇ ਮੁਕਾਬਲੇ ਅਪ੍ਰੈਲ-ਜੂਨ 2017 ਵਿੱਚ ਕੁਲ ਵੈਲਿਊ ਐਡਿਡ (ਜੀ.ਵੀ.ਏ.) ਦਾ ਅੰਕੜਾ 7.6 ਫੀਸਦੀ ਤੋਂ ਘੱਟ ਕੇ 5.7 ਫੀਸਦੀ ਤੇ ਆ ਗਈ ਹੈ। ਗੁਲਜ਼ਾਰ ਨਟਰਾਜਨ ਅਤੇ ਮੈਂ ਪਿਛਲੇ ਸਾਲ ਨਵੰਬਰ ਵਿੱਚ ਆਪਣੇ ਖੋਜ-ਪੱਤਰ 'ਕੀ ਭਾਰਤ ਵਿਕਾਸ ਕਰ ਸਕਦਾ ਹੈ' ਦੀ ਤਿਆਰੀ ਦੇ ਸਮੇਂ ਇਹ ਮਹਿਸੂਸ ਕੀਤਾ ਸੀ ਕਿ ਭਾਰਤ ਅਰਥ ਵਿਵਸਥਾ ਦਾ ਮੌਜੂਦਾ ਉਤਪਾਦਨ ਢਾਂਚਾ (ਚਾਹੇ ਉਹ ਖੇਤੀਬਾੜੀ ਹੋਵੇ ਜਾਂ ਉਦਯੋਗ) ਅਸਾਧਾਰਨ ਰੂਪ ਵਿੱਚ ਵੇਲਾ ਵਿਹਾ ਚੁੱਕਾ ਹੈ ਤੇ ਇਸੇ ਕਾਰਨ ਲਗਾਤਾਰ ਉੱਚ ਰਫਤਾਰ ਦੀ ਆਰਥਿਕ ਵਾਧਾ ਦਰ ਹਾਸਿਲ ਕਰਨ ਦੇ ਕਾਬਿਲ ਨਹੀਂ। ਇਹੋ ਵਜ੍ਹਾ ਹੈ ਕਿ 500 ਅਤੇ 1000 ਰੁਪਏ ਵਾਲੇ ਕਰੰਸੀ ਨੋਟ ਬੰਦ ਕਰਨ ਦਾ ਬੇਮਿਸਾਲ ਫੈਸਲਾ ਕਈ ਥੋੜਚਿਰੀਆਂ ਆਰਥਿਕ ਨਾਕਾਮੀਆਂ ਦੀਆਂ ਸੰਭਾਵਨਾਵਾਂ ਨਾਲ ਭਰਿਆ ਹੋਇਆ ਸੀ।

ਸਾਡੇ ਚੋਂ ਕਈ ਅਰਥ ਸ਼ਾਸਤਰੀਆਂ ਨੂੰ ਉਮੀਦ ਸੀ ਕਿ ਅਰਥ ਵਿਵਸਥਾ ਦੇ ਰਸਮੀਕਰਨ ਅਤੇ ਵਿਸਥਾਰ ਲਈ ਅਗਲੀਆਂ ਨੀਤੀਗਤ ਤਬਦੀਲੀਆਂ ਵਾਸਤੇ ਨੋਟਬੰਦੀ ਦਾ ਇਹ ਪੀੜਾਦਾਇਕ ਫੈਸਲਾ ਇਕ ਲਾਜ਼ਮੀ ਪ੍ਰੇਰਕ ਵਾਲਾ ਕੰਮ ਕਰੇਗਾ ਪਰ ਅਜੇ ਤੱਕ ਇਨ੍ਹਾਂ ਉਮੀਦਾਂ ਨੂੰ ਬੂਰ ਨਹੀਂ ਪਿਆ ਹੈ। ਇਸ ਦੇ ਲਈ ਸ਼ਾਇਦ ਭਾਰਤ ਸਰਕਾਰ ਹੀ ਇਕੱਲੀ ਦੋਸ਼ੀ ਨਹੀਂ। ਕਈ ਵਿਚਾਰ ਚਰਚਿਆਂ ਤੋਂ ਇਹ ਪ੍ਰਭਾਵ ਮਿਲਿਆ ਹੈ ਕਿ ਰਿਜ਼ਰਵ ਬੈਂਕ ਖੁਦ ਨੂੰ ਭਾਰਤੀ ਬੈਂਕਿੰਗ ਤੰਤਰ ਵਿੱਚ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਵਾਲੇ ਪਹਿਰੇਦਾਰ ਵਜੋਂ ਦੇਖਦੀ ਹੈ ਤੇ ਸ਼ਾਇਦ ਇਹੋ ਵਜ੍ਹਾ ਹੈ ਕਿ ਇਹ ਡਿਜੀਟਲੀਕਰਨ ਵਰਗੇ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਸਹਾਈ ਸਿੱਧ ਨਹੀਂ ਹੋ ਰਹੀ। ਇਨ੍ਹਾਂ ਗੱਲਾਂ ਕਾਰਨ ਨੋਟਬੰਦੀ ਦੀ ਕਵਾਇਦ ਦੀ ਸਾਨੂੰ ਬਹੁਤ ਜ਼ਿਆਦਾ ਕੀਮਤ ਚੁਕਾਉਣੀ ਪਈ ਹੈ, ਨਾ ਕਿ ਆਰਥਿਕ ਵਿਕਾਸ ਵਿੱਚ ਆਈ ਥੋੜਚਿਰੀ ਗਿਰਾਵਟ ਕਾਰਨ।

# ਗੌਰੀ ਲੰਕੇਸ਼ ਨੂੰ ਦੇਸ਼ ਭਗਤਾਂ ਵੱਲੋਂ ਸ਼ਰਧਾਂਜ਼ਲੀ- ਫ਼ਿਰਕੂ ਤਾਕਤਾਂ ਖਿਲਾਫ਼ ਸਾਂਝੀ ਆਵਾਜ਼ ਦਾ ਸੱਦਾ

**ਜਲੰਧਰ–** ਕੌਮੀ ਪੱਧਰ 'ਤੇ ਜਾਣੀ-ਪਹਿਚਾਣੀ ਕਰਨਾਟਕਾਂ ਦੀ ਲੇਖਿਕਾ, ਪੱਤਰਕਾਰ, ਕੰਨੜ ਮੈਗਜ਼ੀਨ 'ਲੰਕੇਸ਼ ਪੱਤ੍ਰਿਕਾ' ਦੀ ਸੰਪਾਦਕ ਅਤੇ ਨਿਧੱੜਕ ਸਮਾਜ-ਸੇਵਕਾ ਗੌਰੀ ਲੰਕੇਸ਼ ਦੇ ਵਹਿਸ਼ੀਆਨਾ ਕਤਲ ਖਿਲਾਫ਼ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੰਗਾਮੀ ਸ਼ੋਕ ਸਭਾ ਕੀਤੀ ਗਈ।



ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਯੋਜਿਤ ਸ਼ੋਕ ਸਭਾ 'ਚ ਖੜ੍ਹੇ ਹੋ ਕੇ ਇਸ ਸੰਵੇਦਨਸ਼ੀਲ, ਨਿਰਭੈ ਅਤੇ ਸਮਾਜ-ਹਿਤੈਸ਼ੀ ਪੱਤਰਕਾਰ ਨੂੰ ਸ਼ਰਧਾਂਜ਼ਲੀ ਅਰਪਣ ਕਰਦਿਆਂ ਫ਼ਿਰਕੂ ਜਨੂੰਨੀਆਂ ਖਿਲਾਫ਼ ਜੂਝਣ ਦਾ ਅਹਿਦ ਲਿਆ ਹੈ।

ਸ਼ੋਕ ਸਭਾ ਦੁਆਰਾ ਪਾਸ ਸ਼ੋਕ ਮਤੇ 'ਚ ਕਿਹਾ ਗਿਆ ਹੈ ਕਿ ਗੌਰੀ ਲੰਕੇਸ਼ ਪੂਰੀ ਬੇਬਾਕੀ ਨਾਲ ਨਿਰੰਤਰ ਹਿੰਦੂਤਵ ਫਾਸ਼ੀਪੁਣੇ ਖਿਲਾਫ਼ ਲਿਖਦੀ ਆ ਰਹੀ ਸੀ। ਉਹ ਸਮਾਜਕ ਭਾਈਚਾਰਕ ਸਾਂਝ, ਸਦਭਾਵਨਾ ਅਤੇ ਲੋਕ-ਹੱਕਾਂ ਦੀ ਅਡੋਲ ਝੰਡਾਬਰਦਾਰ ਸੀ।

ਮਤੇ 'ਚ ਕਿਹਾ ਗਿਆ ਹੈ ਕਿ ਜਿਸ ਬੁਜ਼ਦਿਲਾਨਾ ਧੋਖੇਧੜੀ ਨਾਲ ਇਕੱਲਿਆਂ ਵੇਖਕੇ ਗੌਰੀ ਲੰਕੇਸ਼ ਉਪਰ ਕਾਤਲੀ ਗਰੋਹ ਨੇ ਬੰਗਲੌਰ ਵਿਖੇ ਉਹਨਾਂ ਦੀ ਰਿਹਾਇਸ਼ਗਾਹ 'ਤੇ ਕਾਤਲਾਨਾ ਵਾਰ ਕੀਤਾ ਇਹ ਅੰਦਾਜ਼, ਵਿਗਿਆਨ ਦਾ ਚਾਨਣ ਵੰਡਣ ਵਾਲੇ ਡਾ. ਦਾਬੋਲਕਰ ਅਤੇ ਡਾ. ਕਲਬੁਰਗੀ ਦੇ ਕਤਲਾਂ ਸਮੇਂ ਵਰਤੇ ਢੰਗ-ਤਰੀਕੇ ਦੀ ਯਾਦ ਦੁਹਰਾਉਂਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮਤੇ 'ਚ ਸਿੱਧੀ ਉਂਗਲ ਰੱਖਦਿਆਂ ਕਿਹਾ ਹੈ ਕਿ ਹਿੰਦੂਤਵੀ ਫ਼ਿਰਕੂ ਤਾਕਤਾਂ ਗੌਰੀ ਦੀ ਹੱਤਿਆ ਦੀਆਂ ਦੋਸ਼ੀ ਹਨ, ਜਿਹੜੀਆਂ ਫ਼ਿਰਕੂ ਜ਼ਹਿਰ ਉਗਲਣ ਅਤੇ ਖ਼ੂਨੀ ਗਰੋਹਾਂ ਦੀ ਪੁਸ਼ਤਪਨਾਹੀ ਕਰਨ, ਮੁਲਕ ਅੰਦਰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਮੁਕੰਮਲ ਸੰਘੀ ਨੱਪਣ ਲਈ ਅਨੇਕਾਂ ਹੱਥ ਕੰਡੇ ਅਪਣਾ ਰਹੀਆਂ ਹਨ।

ਦੇਸ਼ ਭਗਤ ਯਾਦਗਾਰ ਨੇ ਇਤਰਾਜ਼ ਜਤਾਇਆ ਹੈ ਕਿ ਬੰਗਲੌਰ ਪੁਲਸ ਵੱਲੋਂ ਤੱਟ ਫੱਟ ਇਹ ਬਿਆਨ ਕਿ,''ਕਤਲ ਪਿੱਛੇ ਕਿਸਦਾ ਹੱਥ ਹੈ, ਕੁਝ ਵੀ ਕਿਹਾ ਨਹੀਂ ਜਾ ਸਕਦਾ'' ਜਾਰੀ ਕਰਕੇ ਅਸਲ 'ਚ ਉਹਨਾਂ ਦੋਸ਼ੀਆਂ ਉਪਰ ਹਿਫ਼ਾਜਤੀ ਛੱਤਰੀ ਤਣੀ ਹੈ, ਜਿਹੜੇ ਯੋਜਨਾਬੱਧ ਢੰਗ ਨਾਲ ਹਰ ਜਾਗਦੀ ਜ਼ਮੀਰ ਨੂੰ ਖ਼ਾਮੋਸ਼ ਕਰਨਾ ਚਾਹੁੰਦੇ ਹਨ।

ਗੌਰੀ ਲੰਕੇਸ਼ ਦੀ ਹੱਤਿਆ ਨੂੰ ਤਿੱਖੀ ਚੁਣੌਤੀ ਵਜੋਂ ਲੈਣ ਦੀ ਅਪੀਲ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੇਖਕਾਂ, ਸਾਹਿਤਕਾਰਾਂ, ਰੰਗ ਕਰਮੀਆਂ, ਬੁੱਧੀਜੀਵੀਆਂ, ਪੱਤਰਕਾਰਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਅਤੇ ਮਿਹਨਤਕਸ਼ ਲੋਕਾਂ ਦੀ ਪ੍ਰਤੀਨਿਧਤਾ ਕਰਦੀਆਂ ਸਮੂਹ ਸੰਸਥਾਵਾਂ/ ਵਿਅਕਤੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਇਕ ਜੁੱਟ ਹੋ ਕੇ ਫ਼ਿਰਕੂ ਫਾਸ਼ੀ ਹੱਲਿਆਂ ਖਿਲਾਫ਼ ਆਵਾਜ਼ ਉਠਾਉਣ ਲਈ ਅੱਗੇ ਆਉਣ।

ਸ਼ੋਕ ਸਭਾ 'ਚ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ, ਕਾਮਰੇਡ ਨੌਨਿਹਾਲ ਸਿੰਘ, ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਚਰੰਜੀ ਲਾਲ ਕੰਗਣੀਵਾਲ ਅਤੇ ਦੇਵ ਰਾਜ ਨਯੀਅਰ ਹਾਜ਼ਰ ਸਨ।

**ਅਮੋਲਕ ਸਿੰਘ, 91-94170 76735**

# ਸਾਹਿਤ ਸਭਾ ਵਲੋਂ ਗੌਰੀ ਲੰਕੇਸ਼ ਦੀ ਹੱਤਿਆ ਤੇ ਦੁਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਿਨੀਅਰ ਪੱਤਰਕਾਰ ਅਤੇ ਲੇਖਿਕਾ ਗੌਰੀ ਲੰਕੇਸ਼ ਦੀ ਤਿੰਨ ਅਸਮਾਜਿਕ ਹੱਤਿਆਰਿਆਂ ਵਲੋਂ ਸੱਤ ਗੋਲੀਆਂ ਮਾਰ ਕੇ ਕਤਲ ਕਰਨ ਵਾਲੀ ਘਟਨਾ ਤੇ ਗਹਿਰਾ ਦੁਖ ਪ੍ਰਗਟ ਕੀਤਾ ਗਿਆ। ਡਾ. ਕਰਮਜੀਤ ਸਿੰਘ ,ਸਭਾ ਦੇ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਗੌਰੀ ਲੰਕੇਸ਼ ਇੱਕ ਬੇਬਾਕ ਲਿਖਣ ਵਾਲੀ ਜਰਨਲਿਸਟ ਸੀ ਜਿਸ ਦੀ ਹੱਤਿਆ ਨੇ ਭਾਰਤ ਵਿਚ ਅਜ਼ਾਦੀ ਨਾਲ ਪੜ੍ਹਨ, ਲਿਖਣ ਅਤੇ ਬੋਲਣ ਨੂੰ ਸੰਘੀ ਘੁਟਣਾ ਸਿੱਧ ਕਰ ਦਿੱਤਾ ਹੈ। ਗੌਰੀ ਲੰਕੇਸ਼ ਵਿਦਰੋਹੀਧਾਰਾ ਦੀ ਇੱਕ ਸਿਰਕੱਢ ਅਵਾਜ਼ ਸੀ।ਆਮ ਲੋਕਾਂ ਦੇ ਹੱਕ ਵਿਚ ਅਵਾਜ਼ ਬੁਲੰਦ ਕਰਨਾ ਅਤੇ ਅਸਮਾਜਿਕ ਅਨਸਰਾਂ ਦੇ ਬੱਖੀਏ ਉਧੇੜਨ ਤੋਂ ਉਸਨੂੰ ਰਤਾ ਖੌਫ਼ ਨਹੀਂ ਸੀ।

ਸ਼ਾਇਦ ਇਸੀ ਕਾਰਨ ਉਸਨੂੰ ਇਸਦਾ ਖਮਿਆਜ਼ਾ ਆਪਣੀ ਜਾਨ ਦੇ ਕੇ ਚੁਕਾਉਣਾ ਪਿਆ। ਗੌਰੀ ਲੰਕੇਸ਼ ਨੇ ਰਾਣਾ ਆਯੂਬ ਦੀ ਸੰਸਾਰ ਪ੍ਰਸਿੱਧ ਕਿਤਾਬ 'ਗੁਜਰਾਤ ਫਾਇਲਜ਼' ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕੀਤਾ ਸੀ ਅਤੇ ਇਸੇ ਭਾਸ਼ਾ ਵਿਚ ਕੱਢੇ ਜਾ ਰਹੇ ਹਫਤਾਵਰੀ ਪਰਚੇ 'ਲੰਕੇਸ਼ ਪੱਤ੍ਰਿਕੇ' ਦੀ ਉਹ ਮੁਖ ਸੰਪਾਦਕਾ ਸੀ। ਗੌਰੀ ਇਸ ਪਰਚੇ ਵਿਚ ਭਾਰਤ ਦੇ ਭਖਦੇ ਮਸਲਿਆਂ ਤੇ ਭਾਵਪੂਰਤ ਟਿੱਪਣੀਆਂ ਕਰਦੀ ਸੀ ਅਤੇ ਸੱਚ ਉਜਾਗਰ ਕਰਨ ਤੋਂ ਸੰਕੋਚ ਨਹੀਂ ਸੀ ਕਰਦੀ। ਇਹੀ ਗੱਲ ਉਸਦੇ ਵਿਰੋਧੀਆਂ ਅਤੇ ਕਾਤਲਾਂ ਨੂੰ ਹਜ਼ਮ ਨਹੀਂ ਹੋਈ।

ਇਸ ਤੋਂ ਪਹਿਲਾਂ ਵੀ ਨਰਿੰਦਰ ਦਾਬੋਲਕਰ, ਪਨਸਾਰੇ ਅਤੇ ਡਾ. ਕਲਬੁਰਗੀ ਨੂੰ ਸੱਚ ਬੋਲਣ ਕਰਕੇ ਆਪਣੀ ਜਾਨ ਦੇਣੀ ਪਈ। ਰਾਜ ਅਤੇ ਕੇਂਦਰ ਦੀ ਸਰਕਾਰ ਅੱਜ ਤੱਕ ਇਨ੍ਹਾਂ ਦੇ ਕਾਤਲਾਂ ਨੂੰ ਨਹੀਂ ਲੱਭ ਸਕੀ। ਇੰਜ ਲਗਦਾ ਹੈ ਜਿਵੇਂ ਇਹ ਸਾਰਾ ਕੁਝ ਕਿਸੇ ਗਿਣੀ ਮਿੱਥੀ ਸਾਜਿਸ਼ ਦਾ ਹੀ ਹਿੱਸਾ ਹੋਵੇ। ਇਨ੍ਹਾਂ ਵਿਦਵਾਨ ਲੇਖਕਾਂ ਦੇ ਕਾਤਲਾਂ ਨੂੰ ਸ਼ਾਇਦ ਇਹ ਭਰਮ ਹੋਵੇਗਾ ਕਿ ਸਰੀਰਕ ਮੌਤ ਇਨ੍ਹਾਂ ਦਾ ਨਾਮੋ ਨਿਸ਼ਾਨ ਮਿਟਾ ਸਕਦੀ ਹੈ ਪਰ ਉਹ ਗਲਤ ਹਨ ਕਿਉਂ ਕਿ ਵਿਚਾਰ ਕਦੇ ਮਰਿਆ ਨਹੀਂ ਕਰਦੇ। ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਕਹਿਣ ਵਾਂਗ ਇਹ ਤਾ ਸਦਾ ਲਈ ਅਮਰ ਹੋ ਜਾਇਆ ਕਰਦੇ ਹਨ।

ਉਨ੍ਹਾਂ ਨੇ ਮੰਗ ਕੀਤੀ ਕਿ ਗੌਰੀ ਲੰਕੇਸ਼ ਦੇ ਕਾਤਲਾਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕਰਕੇ ਅਣਮਨੁਖੀ ਕਾਰੇ ਦੀ ਸਜ਼ਾ ਦਿੱਤੀ ਜਾਵੇ। ਇਸ ਮੌਕੇ ਕੁਲਤਾਰ ਸਿੰਘ ਕੁਲਤਾਰ, ਜਸਬੀਰ ਸਿੰਘ ਧੀਮਾਨ, ਡਾ. ਮਨਮੋਹਨ ਸਿੰਘ ਤੀਰ, ਸੁਰਿੰਦਰ ਕੰਗਵੀ, ਡਾ. ਸਰਦੂਲ ਸਿੰਘ, ਕਹਾਣੀਕਾਰ ਸਤੀਸ਼ ਕੁਮਾਰ, ਕਹਾਣੀਕਾਰਾ ਤ੍ਰਿਪਤਾ ਕੇ. ਸਿੰਘ, ਪ੍ਰਿੰਸੀ. ਸਤਵੰਤ ਕਲੋਟੀ, ਦਰਸ਼ਨ ਸਿੰਘ ਦਰਸ਼ਨ, ਡਾ. ਰਵਿੰਦਰ ਕੌਰ, ਪ੍ਰਿੰਸੀ. ਦਾਸ ਭਾਰਤੀ, ਪ੍ਰਿੰਸੀ. ਗੁਰਦਿਆਲ ਸਿੰਘ ਫੁਲ, ਸੁਰਿੰਦਰ ਸੱਲ੍ਹਣ, ਹਰਵਿੰਦਰ ਸਾਹਬੀ, ਅਮਨਗੀਤ ਸਿੰਘ, ਪ੍ਰੀਤ ਨੀਤ ਪੁਰ, ਅਵਤਾਰ ਲੰਗੇਰੀ, ਸੋਮਦੱਤ ਦਿਲਗੀਰ, ਲਖਵਿੰਦਰ ਰਾਮ, ਸੰਦੀਪ ਸਿੰਘ ਸੀਕਰੀ, ਡਾ. ਅਜੀਤ ਸਿੰਘ ਜੱਬਲ, ਕੁਲਵਿੰਦਰ ਕੌਰ ਰੂਹਾਨੀ, ਗੌਰਵ ਕਾਲੀਆ, ਲਵਦੀਪ ਸਿੰਘ, ਯੋਧਾ ਮੱਲ ਆਦਿ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ)**

# ਅਰਿਹੰਤ ਕਾਲਜ ਆਫ ਐਜੂਕੇਸ਼ਨ ਬਰੇਟਾ (ਮਾਨਸਾ) ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ

**ਬਰੇਟਾ (ਦੀਪ)–** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋ ਐਲਾਨੇ ਬੀ. ਐਡ. ਭਾਗ ਦੂਜਾ (ਸਮੈਸਟਰ ਚੌਥਾ) ਵਿਚੋਂ ਅਰਿਹੰਤ ਕਾਲਜ ਆਫ ਐਜੂਕੇਸ਼ਨ ਬਰੇਟਾ (ਮਾਨਸਾ) ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ। ਵਿਭਾਗ ਦੇ ਪ੍ਰਿੰਸੀਪਲ ਡਾ: ਸੁਨੀਤਾ ਆਰੀਆ ਨੇ ਦੱਸਿਆ ਕਿ ਵਿਦਿਆਰਥਣ ਕਿਰਨਦੀਪ ਕੌਰ ਨੇ 81.8 ਫੀਸਦੀ ਅੰਕ, ਮੋਨਿਕਾ ਨੇ 81.4 ਫੀਸਦੀ ਅੰਕ, ਸਵਿਤਾ ਠਾਕੁਰ ਨੇ 79.8 ਫੀਸਦੀ ਅੰਕ, ਪਰਵਿੰਦਰ ਕੌਰ ਨੇ 77.8 ਫੀਸਦੀ ਅੰਕ, ਰਿਤਿਕਾ ਬਾਂਸਲ ਨੇ 77.6 ਫੀਸਦੀ ਅੰਕ ਅਤੇ ਸਮਸ਼ੇਰ ਸਿੰਘ ਨੇ 77.4 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿਚੋ ਕ੍ਰਮਵਾਰ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਅਤੇ ਛੇਵਾਂ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਬਾਕੀ ਵਿਦਿਆਰਥੀਆਂ ਨੇ ਵੀ ਪਹਿਲੇ ਦਰਜੇ ਵਿਚ ਰਹਿ ਕੇ ਪ੍ਰੀਖਿਆ ਪਾਸ ਕੀਤੀ।



ਕਾਲਜ ਮੁਖੀ ਅਤੇ ਮਨੇਜਮੈਟ ਕਮੇਟੀ ਦੇ ਚੇਅਰਮੈਨ ਡਾ. ਮਨੋਜ ਬਾਲਾ ਦੁਆਰਾ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਗਈ ਅਤੇ ਸਟਾਫ ਨੂੰ ਵੀ ਚੰਗੇ ਨਤੀਜੇ ਲਈ ਮੁਬਾਰਕ-ਬਾਦ ਦਿੱਤੀ ਗਈ।

# ਸ਼ਹੀਦ ਭਗਤ ਸਿੰਘ ਨੂੰ ਬੇਕਸੂਰ ਕਰਾਰ ਦੇਣ ਸਬੰਧੀ ਪਟੀਸ਼ਨ ਦੀ ਛੇਤੀ ਸੁਣਵਾਈ ਲਈ ਚਾਰਾਜੋਈ

ਲਾਹੌਰ- ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਬੇਕਸੂਰ ਕਰਾਰ ਦੇਣ ਦੀ ਮੰਗ ਕਰਦੀ ਪਟੀਸ਼ਨ ਨੂੰ ਲਾਹੌਰ ਹਾਈ ਕੋਰਟ ਦੇ ਬੈਂਚ ਵੱਲੋਂ ਵੱਡੇ ਬੈਂਚ ਕੋਲ ਭੇਜੇ ਜਾਣ ਲਈ ਆਖੇ ਜਾਣ ਤੋਂ ਬਾਅਦ ਇਸ ਦੀ ਛੇਤੀ ਸੁਣਵਾਈ ਲਈ ਹਾਈ ਕੋਰਟ ਵਿੱਚ ਨਵੀਂ ਪਟੀਸ਼ਨ ਦਾਇਰ ਕੀਤੀ ਗਈ ਹੈ। ਗ਼ੌਰਤਲਬ ਹੈ ਕਿ ਮੁਢਲੀ ਪਟੀਸ਼ਨ ਨੂੰ ਵੱਡੇ ਬੈਂਚ ਕੋਲ ਭੇਜੇ ਜਾਣ ਦੇ ਫ਼ੈਸਲੇ ਨੂੰ ਸੱਤ ਮਹੀਨੇ ਦਾ ਸਮਾਂ ਲੰਘ ਚੁੱਕਾ ਹੈ ਤੇ ਹਾਲੇ ਤੱਕ ਵੱਡਾ ਬੈਂਚ ਕਾਇਮ ਨਹੀਂ ਕੀਤਾ ਗਿਆ।

ਪਟੀਸ਼ਨਰ ਵਕੀਲ ਇਮਤਿਆਜ਼ ਰਸ਼ੀਦ ਕੁਰੈਸ਼ੀ, ਜੋ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਅਹੁਦੇਦਾਰ ਵੀ ਹਨ, ਨੇ ਬੀਤੇ ਦਿਨ ਛੇਤੀ ਸੁਣਵਾਈ ਲਈ ਨਵੀਂ ਪਟੀਸ਼ਨ ਦਾਇਰ ਕੀਤੀ। ਉਨ੍ਹਾਂ ਇਸ ਖ਼ਬਰ ਏਜੰਸੀ ਨੂੰ ਦੱਸਿਆ, ''ਮੈਂ ਭਗਤ ਸਿੰਘ ਦੇ ਕੇਸ ਦੀ ਛੇਤੀ ਸੁਣਵਾਈ ਲਈ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਮੈਂ ਰਜਿਸਟਰਾਰ ਨੂੰ ਬੇਨਤੀ ਕੀਤੀ ਹੈ ਕਿ ਇਸ ਦੀ ਸੁਣਵਾਈ ਦੀ ਤਰੀਕ ਮੁਕੱਰਰ ਕੀਤੀ ਜਾਵੇ। ਉਮੀਦ ਹੈ ਕਿ ਇਸ ਮਹੀਨੇ



ਸੁਣਵਾਈ ਸ਼ੁਰੂ ਹੋ ਜਾਵੇਗੀ।'' ਉਨ੍ਹਾਂ ਕਿਹਾ ਕਿ ਉਨ੍ਹਾਂ ਮੁਲਕ ਦੀ ਫੈਡਰਲ ਹਕੂਮਤ ਨੂੰ ਵੀ ਲਿਖਿਆ ਹੈ ਕਿ ਲਾਹੌਰ ਦੇ ਸ਼ਾਦਮਾਨ ਚੌਕ ਵਿੱਚ ਸ਼ਹੀਦ ਦਾ ਬੁੱਤ ਲਾਇਆ ਜਾਵੇ, ਜਿਥੇ ਉਸ ਨੂੰ ਦੋ ਹੋਰ ਸਾਥੀਆਂ (ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ) ਸਣੇ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਆਪਣੀ ਪਟੀਸ਼ਨ ਵਿੱਚ ਲਿਖਿਆ ਹੈ ਕਿ ਸ਼ਹੀਦ ਭਗਤ ਸਿੰਘ ਨੇ ਅਣਵੰਡੇ ਭਾਰਤ ਦੀ ਆਜ਼ਾਦੀ ਦੀ ਲੜਾਈ ਲੜੀ ਸੀ। ਅੰਗਰੇਜ਼ ਹਕੂਮਤ ਨੇ 23 ਮਾਰਚ, 1931 ਨੂੰ ਲਾਹੌਰ ਸਾਜ਼ਿਸ਼ ਕੇਸ ਤਹਿਤ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦਿੱਤੀ ਸੀ।

ਉਨ੍ਹਾਂ ਖ਼ਿਲਾਫ਼ ਇਹ ਕੇਸ ਅੰਗਰੇਜ਼ ਪੁਲੀਸ ਅਫ਼ਸਰ ਜੌਹਨ ਪੀ. ਸਾਂਡਰਸ ਦੇ ਕਤਲ ਲਈ ਦਰਜ ਕੀਤਾ ਗਿਆ ਸੀ। ਗ਼ੌਰਤਲਬ ਹੈ ਕਿ 2014 ਵਿੱਚ ਲਾਹੌਰ ਪੁਲੀਸ ਨੇ 1928 ਵਿੱਚ ਹੋਏ ਸਾਂਡਰਸ ਕਤਲ ਦੀ ਅਸਲ ਐਫ਼ਆਈਆਰ ਦੀ ਕਾਪੀ ਅਦਾਲਤ ਦੇ ਹੁਕਮਾਂ 'ਤੇ ਪਟੀਸ਼ਨਰ ਨੂੰ ਮੁਹੱਈਆ ਕਰਵਾਈ ਸੀ। ਇਸ ਐਫ਼ਆਈਆਰ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਂ ਦਰਜ ਨਹੀਂ ਹੈ।

# ਵਿਕਾਸ ਬਰਾਲਾ ਦੀ ਜ਼ਮਾਨਤ ਅਰਜ਼ੀ ਮੁੜ ਰੱਦ

**ਚੰਡੀਗੜ੍ਹ–** ਸਥਾਨਕ ਅਦਾਲਤ ਨੇ ਹਰਿਆਣਾ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸੁਭਾਸ਼ ਬਰਾਲਾ ਦੇ 'ਕਾਕੇ' ਵਿਕਾਸ ਬਰਾਲਾ ਦੀ ਜ਼ਮਾਨਤ ਅਰਜ਼ੀ ਦੂਜੀ ਵਾਰ ਰੱਦ ਕਰ ਦਿੱਤੀ ਹੈ। ਯੂਟੀ ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਜਨੀਸ਼ ਕੁਮਾਰ ਨੇ ਅਰਜ਼ੀ 'ਤੇ ਸੁਣਵਾਈ ਕਰਦਿਆਂ ਸਖ਼ਤ ਸ਼ਬਦਾਂ ਵਿੱਚ ਫੈਸਲਾ ਸੁਣਾਇਆ ਹੈ। ਵਿਕਾਸ ਉੱਤੇ ਹਰਿਆਣਾ ਦੇ ਇੱਕ ਸੀਨੀਅਰ ਆਈ ਏ ਐਸ ਅਫਸਰ ਦੀ ਬੇਟੀ ਨੂੰ ਅੱਧੀ ਰਾਤ ਵੇਲੇ ਸ਼ਰੇਰਾਹ ਰੋਕਣ ਅਤੇ ਅਗਵਾ ਕਰਨ ਦਾ ਦੋਸ਼ ਹੈ। ਮੁਲਜ਼ਮ ਦਾ ਇੱਕ ਸਾਥੀ ਅਸ਼ੀਸ਼ ਕੁਮਾਰ ਵੀ ਬੁੜੈਲ ਜੇਲ੍ਹ ਵਿੱਚ ਬੰਦ ਹੈ ਜਿਹੜਾ ਕਿ ਕੇਸ ਵਿੱਚ ਸਹਿ ਮੁਲਜ਼ਮ ਹੈ।

ਮੁਲਜ਼ਮਾਂ ਨੇ ਅਦਾਲਤ ਵਿੱਚ ਜ਼ਮਾਨਤ ਲਈ ਦਿੱਤੀ ਅਰਜ਼ੀ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਫਸਾਉਣ ਲਈ ਕੇਸ ਵਿਚਲੀ ਸਾਰੀ ਕਹਾਣੀ ਮਨਘੜਤ ਹੈ। ਅਜਿਹੇ ਹੋਰਨਾਂ ਕੇਸਾਂ ਵਿੱਚ ਫਸੇ ਮੁਲਜ਼ਮਾਂ ਨੂੰ ਜਲਦ ਜ਼ਮਾਨਤ ਮਿਲਦੀ ਰਹੀ ਹੈ ਅਤੇ ਉਹ ਕਈ ਚਿਰਾਂ ਤੋਂ ਜੇਲ੍ਹ ਵਿੱਚ ਬੰਦ ਹਨ। ਇਸ ਕਰਕੇ ਉਨ੍ਹਾਂ ਨੂੰ ਵੀ ਜ਼ਮਾਨਤ ਦਿੱਤੀ ਜਾਵੇ। ਸਰਕਾਰੀ ਧਿਰ ਦੇ ਵਕੀਲ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਮੁਲਜ਼ਮਾਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਗ਼ਲਤ ਦੱਸਿਆ ਹੈ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਆਂ ਸੁਣਨ ਤੋਂ ਬਾਅਦ ਜ਼ਮਾਨਤ ਦੀ ਅਰਜ਼ੀ ਖ਼ਾਰਜ ਕਰ ਦਿੱਤੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਘਟਨਾ ਬਾਰੇ ਪ੍ਰਾਪਤ ਜਾਣਕਾਰੀ ਤੋਂ ਸਾਹਮਣੇ ਆਇਆ ਹੈ ਕਿ ਮੁਲਜ਼ਮ ਵਾਰ ਵਾਰ ਲੜਕੀ ਨੂੰ ਰੋਕ ਕੇ ਆਪਣੇ ਇਰਾਦਿਆਂ ਨੂੰ ਅੰਜਾਮ ਦੇਣ ਲਈ ਦ੍ਰਿੜ੍ਹ ਸਨ। ਅੱਜ ਦੇ ਆਧੁਨਿਕ ਯੁੱਗ ਵਿੱਚ ਲੜਕੀਆਂ ਦਾ ਕੰਮ ਕਾਜ ਲਈ ਦੇਰ ਰਾਤ ਬਾਹਰ ਨਿਕਲਣਾ ਜ਼ਰੂਰੀ ਹੋ ਗਿਆ ਹੈ ਅਤੇ ਉਨ੍ਹਾਂ ਦੀ ਸਰੁੱਖਿਆ ਲਈ ਮਾੜੇ ਅਨਸਰਾਂ ਨੂੰ ਸਬਕ ਦੇਣਾ ਜ਼ਰੂਰੀ ਹੈ। ਇਸੇ ਦੌਰਾਨ ਪਤਾ ਲੱਗਾ ਹੈ ਕਿ ਪੁਲੀਸ ਵਲੋਂ ਪੀੜ੍ਹਤ ਲੜਕੀ ਦੀ ਮੰਗ 'ਤੇ ਉਸ ਨੂੰ ਦੋ ਗਨਮੈਨ ਦਿੱਤੇ ਗਏ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ

ਫ਼ਿਰੋਜ਼ਪੁਰ- ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ ਵਿੱਚ ਅੱਜ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵੱਲੋਂ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਗੁਰੂਸਰ ਜ਼ਾਮਨੀ ਸਾਹਿਬ ਬਜੀਦਪੁਰ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਐਸਜੀਪੀਸੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਕਿਸੇ ਕਾਰਨ ਸ਼ਿਰਕਤ ਨਹੀਂ ਕਰ ਸਕੇ। ਉਨ੍ਹਾਂ ਦੀ ਥਾਂ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਪੁੱਜੇ। ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਰਾਇ ਸਿੰਘ ਨੇ ਕੀਰਤਨ ਸਰਵਣ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮਾਨ ਸਿੰਘ ਤੇ ਗਿਆਨੀ ਜਸਵੰਤ ਸਿੰਘ ਨੇ ਸੰਗਤ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ। ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਾਂ ਦਾ ਸਮੁੱਚਾ ਇਤਿਹਾਸ ਕੁਰਬਾਨੀਆਂ ਦੀ ਵਿਲੱਖਣ ਗਾਥਾ ਹੈ। ਸਾਰਾਗੜ੍ਹੀ ਜੰਗ ਦੇ 21 ਸਿੱਖ ਫ਼ੌਜੀਆਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਦੁਸ਼ਮਣਾਂ ਦਾ ਦਲੇਰੀ ਨਾਲ ਮੁਕਾਬਲਾ ਕਰ ਕੇ ਦਰਸਾ ਦਿੱਤਾ ਸੀ ਕਿ ਸਿੱਖ ਮੈਦਾਨ-ਏ-ਜੰਗ ਵਿੱਚੋਂ ਕਦੇ ਪਿੱਛੇ ਨਹੀਂ ਹਟਦੇ। ਇਸ ਇਤਿਹਾਸ ਨੂੰ ਨੌਜਵਾਨ ਪੀੜ੍ਹੀ ਤੱਕ ਲਿਜਾਣਾ ਸਮੇਂ ਦੀ ਮੁੱਖ ਲੋੜ ਹੈ। ਭਾਈ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਗੁਰੂ ਸਾ-ਹਬਾਨ ਤੋਂ ਦ੍ਰਿੜ੍ਹ ਇਰਾਦੇ ਤੇ ਹਿੰਮਤ ਦੀ ਗੁੜ੍ਹਤੀ ਪ੍ਰਾਪਤ ਕਰ ਕੇ ਸਿੱਖਾਂ ਨੇ ਸਮੇਂ ਸਮੇਂ ਹੱਕ, ਸੱਚ ਤੇ ਅਣਖ ਲਈ



ਕਈ ਜੰਗਾਂ ਲੜ ਕੇ ਇਤਿਹਾਸ ਸਿਰਜਿਆ ਹੈ। ਸਾਰਾਗੜ੍ਹੀ ਦੀ ਜੰਗ ਵੀ ਇਸੇ ਲੜੀ ਦਾ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਕੌਮ ਨੂੰ ਕੁਰਬਾਨੀ ਦਾ ਜਜ਼ਬਾ ਆਪਣੀ ਵਿਰਾਸਤ ਵਿੱਚੋਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕੌਮ ਦੇ ਨੌਜਵਾਨਾਂ ਤੇ ਬੱਚਿਆਂ ਨੂੰ ਆਪਣੇ ਸ਼ਹੀਦਾਂ ਦੇ ਇਤਿਹਾਸ ਨਾਲ ਜੋੜਨ ਲਈ ਸਿੱਖ ਸੰਸਥਾਵਾਂ ਤੇ ਮਾਪਿਆਂ ਨੂੰ ਰਲ ਕੇ ਯਤਨ ਕਰਨੇ ਹੋਣਗੇ। ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਵੀ ਦਿੱਤੀ। ਇਸ ਮੌਕੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਸਤਪਾਲ ਸਿੰਘ ਤਲਵੰਡੀ, ਜੋਗਿੰਦਰ ਕੌਰ ਬਠਿੰਡਾ, ਸ਼੍ਰੋਮਣੀ ਕਮੇਟੀ ਮੈਂਬਰ ਦਰਸ਼ਨ ਸਿੰਘ ਸ਼ੇਰਖਾਂ, ਪ੍ਰੀਤਮ ਸਿੰਘ ਮਲਸੀਆਂ, ਗੁਰਮੀਤ ਸਿੰਘ ਬੂਹ, ਦਰਸ਼ਨ ਸਿੰਘ ਮੋਠਾਂਵਾਲਾ, ਲਖਬੀਰ ਸਿੰਘ ਰਾਈਆਂ ਵਾਲਾ, ਗੁਰਿੰਦਰ ਕੌਰ, ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਕਿਰਨਬੀਰ ਕੌਰ, ਗੁਰਵਿੰਦਰ ਸਿੰਘ, ਬੀਬੀ ਜਸਵਿੰਦਰ ਕੌਰ ਜ਼ੀਰਾ, ਜਨਮੇਜਾ ਸਿੰਘ ਸੇਖੋਂ, ਹਰੀ ਸਿੰਘ ਜ਼ੀਰਾ, ਜੋਗਿੰਦਰ ਸਿੰਘ ਜਿੰਦੂ, ਸੁਖਦੇਵ ਸਿੰਘ ਭੂਰਾ ਕੋਹਨਾ, ਕੇਵਲ ਸਿੰਘ, ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਅਤੇ ਕੁਲਵੰਤ ਸਿੰਘ ਮੈਨੇਜਰ ਗੁਰਦੁਆਰਾ ਜ਼ਾਮਨੀ ਸਾਹਿਬ ਹਾਜ਼ਰ ਸਨ।

# ਸਿੱਖ ਕਤਲੇਆਮ: ਅਭਿਸ਼ੇਕ ਦਾ ਪੌਲੀਗ੍ਰਾਫ ਟੈਸਟ 3 ਤੋਂ

ਨਵੀਂ ਦਿੱਲੀ- ਸੀਬੀਆਈ ਨੇ ਇਥੋਂ ਦੀ ਇਕ ਅਦਾਲਤ 'ਚ ਦੱਸਿਆ ਕਿ ਵਿਵਾਦਤ ਅਸਲਾ ਡੀਲਰ ਅਭਿਸ਼ੇਕ ਵਰਮਾ, ਜੋ 1984 ਸਿੱਖ ਕਤਲੇਆਮ ਦਾ ਗਵਾਹ ਹੈ, ਦਾ ਪੌਲੀਗ੍ਰਾਫ ਟੈਸਟ 3 ਅਕਤੂਬਰ ਤੋਂ ਕਰਾਇਆ ਜਾਵੇਗਾ। ਐਡੀਸ਼ਨਲ ਚੀਫ ਮੈਟਰੋਪੋਲਿਟਨ ਮੈਜਿਸਟਰੇਟ ਅਮਿਤ ਅਰੋੜਾ ਨੂੰ ਸੀਬੀਆਈ ਨੇ ਦੱਸਿਆ ਕਿ ਸਰਕਾਰੀ ਫੌਰੈਂਸਿਕ ਲੈਬ, ਰੋਹਿਨੀ ਨੇ ਟੈਸਟ ਲਈ ਤਾਰੀਖ਼ਾਂ ਦੀ ਪੁਸ਼ਟੀ ਕਰ ਦਿੱਤੀ ਹੈ।

# ਕੰਮ-ਚਲਾਊ, ਬੁੱਤਾ-ਸਾਰੂ ਦਿੱਖ ਬਣਦੀ ਜਾਪਣ ਲੱਗੀ ਹੈ ਪੰਜਾਬ ਸਰਕਾਰ ਦੀ

**ਪੰਜਾਬ ਦੀ ਨਵੀਂ ਸਰਕਾਰ ਕਹਿੰਦੀ ਹੈ ਕਿ ਰਾਜ ਵਿੱਚੋਂ ਨਸ਼ੇ ਖ਼ਤਮ ਕਰਨ ਲਈ ਸਰਕਾਰੀ ਯਤਨ ਹੋਏ ਹਨ। ਹਜ਼ਾਰਾਂ ਨਸ਼ੱਈਆਂ ਤੋਂ ਚਿੱਟਾ ਫੜ ਕੇ ਜੇਲ੍ਹੀਂ ਡੱਕ ਦਿੱਤਾ ਗਿਆ ਹੈ, ਪਰ ਕੀ ਸਪਲਾਈ ਚੇਨ, ਜਿਸ ਕਾਰਨ ਪੂਰਾ ਪੰਜਾਬ ਤਬਾਹੀ ਕੰਢੇ ਪੁੱਜਾ, ਸਰਕਾਰ ਖ਼ਤਮ ਕਰ ਸਕੀ? ਕੀ ਨਸ਼ਾ-ਛੁਡਾਊ ਕੇਂਦਰਾਂ 'ਚ ਸਰਕਾਰ ਵਾਧਾ ਕਰ ਸਕੀ? ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਕੋਈ ਸਾਰਥਕ ਪ੍ਰੋਗਰਾਮ ਨਵੀਂ ਸਰਕਾਰ ਵੱਲੋਂ ਪੇਸ਼ ਕੀਤਾ ਜਾ ਸਕਿਆ? ਕੀ ਸਰਕਾਰ ਵੱਲੋਂ ਸ਼ਹਿਰਾਂ, ਪਿੰਡਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹੋਰ ਵਿੱਦਿਅਕ ਤੇ ਸਮਾਜਿਕ ਅਦਾਰਿਆਂ 'ਚ ਨਸ਼ੇ ਛੱਡਣ ਜਾਂ ਨਸ਼ਿਆਂ ਦੇ ਜ਼ਿੰਦਗੀ 'ਤੇ ਪੈਂਦੇ ਮੰਦੇ ਅਸਰਾਂ ਸੰਬੰਧੀ ਕੋਈ ਜਾਗਰੂਕਤਾ ਮੁਹਿੰਮ ਚਾਲੂ ਕੀਤੀ ਗਈ? ਜਾਪਦਾ ਤਾਂ ਇੰਜ ਹੈ, ਜਿਵੇਂ ਸੂਬੇ ਦਾ ਸੱਭਿਆਚਾਰਕ ਮਹਿਕਮਾ ਰਾਜ ਦੇ ਸੱਭਿਆਚਾਰਕ ਵਿਰਸੇ ਨੂੰ ਬਚਾਉਣ ਲਈ ਨਵੀਂ ਪਾਲਿਸੀ ਬਣਾਉਣ ਦੇ ਆਹਰ ਵਿੱਚ ਆਪਣੇ ਇਸ ਮੁੱਖ ਨਿਸ਼ਾਨੇ ਨੂੰ ਹੀ ਭੁੱਲੀ ਬੈਠਾ ਹੈ।**



**ਗੁਰਮੀਤ ਸਿੰਘ ਪਲਾਹੀ**
91-98158-02070

ਪੰਜਾਬ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮ ਠੱਪ ਪਏ ਹਨ। ਪਿੰਡ ਪੰਚਾਇਤਾਂ ਕੋਲ ਸਰਕਾਰੀ ਗ੍ਰਾਂਟਾਂ ਲੱਗਭੱਗ ਖ਼ਤਮ ਹੋ ਚੁੱਕੀਆਂ ਹਨ ਤੇ ਨਵੀਂਆਂ ਗ੍ਰਾਂਟਾਂ ਮਿਲ ਨਹੀਂ ਰਹੀਆਂ। ਸ਼ਹਿਰਾਂ ਵਿੱਚ ਵੀ ਵਿਕਾਸ ਕਾਰਜ ਨਹੀਂ ਹੋ ਰਹੇ; ਸਿਰਫ਼ ਸਧਾਰਨ, ਚਾਲੂ ਕੰਮ, ਬੱਸ ਚਾਲੂ ਰੱਖਣ ਲਈ ਯਤਨ ਹੋ ਰਹੇ ਹਨ। ਸਰਕਾਰ ਨੇ ਸ਼ਹਿਰੀ ਸਥਾਨਕ ਸਰਕਾਰਾਂ ਨੂੰ ਕੋਈ ਗ੍ਰਾਂਟ ਨਹੀਂ ਦਿੱਤੀ। ਸਰਕਾਰ ਕੋਲ ਖ਼ਜ਼ਾਨੇ ਵਿੱਚ ਰਕਮ ਨਹੀਂ। ਬਜ਼ੁਰਗਾਂ-ਵਿਧਵਾਵਾਂ ਨੂੰ ਨਿਗੂਣੀਆਂ ਮਾਸਿਕ ਪੈਨਸ਼ਨਾਂ ਵੀ ਨਹੀਂ ਮਿਲ ਰਹੀਆਂ। ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਲਈ ਜੋੜ-ਤੋੜ ਕਰਨਾ ਪੈ ਰਿਹਾ ਹੈ। ਵਿਕਾਸ ਕੰਮਾਂ ਵਾਸਤੇ ਗ੍ਰਾਂਟਾਂ ਲਈ ਪੈਸੇ ਕਿੱਥੋਂ ਆਉਣ? ਇਹ ਸਰਕਾਰ ਦਾ ਤਰਕ ਹੈ। ਅਕਾਲੀ-ਭਾਜਪਾ ਸਰਕਾਰ ਜਾਂਦੀ-ਜਾਂਦੀ ਖ਼ਜ਼ਾਨਾ ਹੀ ਖ਼ਾਲੀ ਕਰ ਗਈ ਸੀ।

ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਪਿੰਡਾਂ 'ਚ ਲਾਗੂ ਕਰਨ 'ਚ ਖੜੋਤ ਆਈ ਹੋਈ ਹੈ। ਪਿਛਲੀ ਸਰਕਾਰ ਨੇ ਕੇਂਦਰੀ ਸਰਕਾਰ ਵੱਲੋਂ ਆਈ ਗ੍ਰਾਂਟ ਦੀ ਸਹੀ ਵਰਤੋਂ ਨਹੀਂ ਕੀਤੀ, ਉਸ ਦੀ ਵਰਤੋਂ ਦੇ ਸਰਟੀਫਿਕੇਟ ਨਹੀਂ ਦਿੱਤੇ। ਨਵੀਂ ਗ੍ਰਾਂਟ ਕੇਂਦਰ ਵੱਲੋਂ ਤਦੇ ਆਉਣੀ ਹੁੰਦੀ ਹੈ, ਜਦੋਂ ਪਿਛਲੀ ਲਈ ਰਕਮ ਦਾ ਹਿਸਾਬ-ਕਿਤਾਬ ਸਾਫ਼ ਹੋ ਜਾਏ। ਇਹ ਹਿਸਾਬ-ਕਿਤਾਬ ਠੀਕ ਨਹੀਂ ਰੱਖਿਆ ਗਿਆ। ਕੁਝ ਪਿੰਡਾਂ ਨੂੰ ਕਰੋੜਾਂ ਰੁਪਏ ਦੀ ਗ੍ਰਾਂਟ ਦਿੱਤੀ ਗਈ, ਕੁਝ ਇੱਕ ਨੂੰ ਲੱਖਾਂ ਦੀ ਅਤੇ ਕੁਝ ਪਿੰਡ ਸਰਕਾਰ ਦੀ ਇਸ ਗ੍ਰਾਂਟ ਤੋਂ ਖ਼ਾਲੀ ਰਹੇ। ਹੁਣ ਵਾਲੀ ਸਰਕਾਰ ਨੇ ਇਸ ਪੈਸੇ ਦਾ ਮਿਲਾਣ ਕਰਨ ਮੌਕੇ 'ਤੇ ਖ਼ਰਚ ਕੀਤੀ ਰਕਮ ਦੀ ਸ਼ਨਾਖ਼ਤ ਕਰਨ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਵਰਤੇ ਸਾਮਾਨ ਦੀ ਘੋਖ-ਪੜਤਾਲ ਕਰਨ ਦਾ ਯਤਨ ਕੀਤਾ ਹੈ, ਪਰ ਸਰਕਾਰ ਦਾ ਕਹਿਣਾ ਹੈ ਕਿ ਕੁਝ ਹੱਥ-ਪੱਲੇ ਨਹੀਂ ਪੈ ਰਿਹਾ। ਹੱਥ-ਪੱਲੇ ਪਵੇ ਵੀ ਕੀ ਤੇ ਕਿਵੇਂ? ਪਿਛਲੇ ਸਾਲਾਂ 'ਚ ਨੌਕਰਸ਼ਾਹੀ ਦਾ ਤਾਂ ਸਿਆਸੀਕਰਨ ਹੋ ਚੁੱਕਾ ਸੀ। ਨਵੇਂ ਅਫ਼ਸਰ ਕਿੱਥੋਂ ਆਉਣ? ਨਵੀਂ ਬਾਬੂਸ਼ਾਹੀ ਕਿੱਥੋਂ ਆਵੇ? ਸਰਕਾਰ ਦੇ ਕੰਮ ਦੀ ਵਾਗਡੋਰ ਤਾਂ ਉਹਨਾਂ ਦੇ ਹੱਥ ਹੀ ਹੈ। ਫ਼ਾਈਲ ਹੁਣ ਵੀ ਉਵੇਂ ਚੱਲਦੀ ਹੈ, ਜਿਵੇਂ ਪਹਿਲਾਂ ਚੱਲਦੀ ਸੀ।

ਪੰਜਾਬ ਦੀ ਨਵੀਂ ਸਰਕਾਰ ਕਹਿੰਦੀ ਹੈ ਕਿ ਰਾਜ ਵਿੱਚੋਂ ਨਸ਼ੇ ਖ਼ਤਮ ਕਰਨ ਲਈ ਸਰਕਾਰੀ ਯਤਨ ਹੋਏ ਹਨ। ਹਜ਼ਾਰਾਂ ਨਸ਼ੱਈਆਂ ਤੋਂ ਚਿੱਟਾ ਫੜ ਕੇ ਜੇਲ੍ਹੀਂ ਡੱਕ ਦਿੱਤਾ ਗਿਆ ਹੈ, ਪਰ ਕੀ ਸਪਲਾਈ ਚੇਨ, ਜਿਸ ਕਾਰਨ ਪੂਰਾ ਪੰਜਾਬ ਤਬਾਹੀ ਕੰਢੇ ਪੁੱਜਾ, ਸਰਕਾਰ ਖ਼ਤਮ ਕਰ ਸਕੀ? ਕੀ ਨਸ਼ਾ-ਛੁਡਾਊ ਕੇਂਦਰਾਂ 'ਚ ਸਰਕਾਰ ਵਾਧਾ ਕਰ ਸਕੀ? ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਕੋਈ ਸਾਰਥਕ ਪ੍ਰੋਗਰਾਮ ਨਵੀਂ ਸਰਕਾਰ ਵੱਲੋਂ ਪੇਸ਼ ਕੀਤਾ ਜਾ ਸਕਿਆ? ਕੀ ਸਰਕਾਰ ਵੱਲੋਂ ਸ਼ਹਿਰਾਂ, ਪਿੰਡਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹੋਰ ਵਿੱਦਿਅਕ ਤੇ ਸਮਾਜਿਕ ਅਦਾਰਿਆਂ 'ਚ ਨਸ਼ੇ ਛੱਡਣ ਜਾਂ ਨਸ਼ਿਆਂ ਦੇ ਜ਼ਿੰਦਗੀ 'ਤੇ ਪੈਂਦੇ ਮੰਦੇ ਅਸਰਾਂ ਸੰਬੰਧੀ ਕੋਈ ਜਾਗਰੂਕਤਾ ਮੁਹਿੰਮ ਚਾਲੂ ਕੀਤੀ ਗਈ? ਜਾਪਦਾ ਤਾਂ ਇੰਜ ਹੈ, ਜਿਵੇਂ ਸੂਬੇ ਦਾ ਸੱਭਿਆਚਾਰਕ ਮਹਿਕਮਾ ਰਾਜ ਦੇ ਸੱਭਿਆਚਾਰਕ ਵਿਰਸੇ ਨੂੰ ਬਚਾਉਣ ਲਈ ਨਵੀਂ ਪਾਲਿਸੀ ਬਣਾਉਣ ਦੇ ਆਹਰ ਵਿੱਚ ਆਪਣੇ ਇਸ ਮੁੱਖ ਨਿਸ਼ਾਨੇ ਨੂੰ ਹੀ ਭੁੱਲੀ ਬੈਠਾ ਹੈ। ਕੀ ਨਿੱਤ ਦੇ ਨਵੇਂ ਬਿਆਨ, ਗੁੰਝਲਦਾਰ ਗੱਲਾਂ ਪੰਜਾਬ ਦੇ ਨਸ਼ਿਆਂ ਅਤੇ ਬੇਰੁਜ਼ਗਾਰੀ 'ਚ ਡੁੱਬਦੇ ਨੌਜਵਾਨਾਂ ਨੂੰ ਕੋਈ ਆਸਰਾ ਦੇ ਸਕਦੇ ਹਨ?

ਨਵੀਂ ਸਰਕਾਰ ਆਉਂਦੀ ਹੈ। ਨਵੇਂ ਪ੍ਰੋਗਰਾਮ ਦੇਂਦੀ ਹੈ। ਕੁਝ ਪੁਰਾਣੀ ਸਰਕਾਰ ਦੀਆਂ ਚੰਗੀਆਂ ਪਾਲਿਸੀਆਂ ਆਪਣੇ ਅਨੁਸਾਰ ਬਦਲਦੀ ਹੈ, ਕੁਝ ਨਵੀਂਆਂ ਲਾਗੂ ਕਰਨ ਦਾ ਯਤਨ ਕਰਦੀ ਹੈ। ਨਵੇਂ ਪ੍ਰੋਗਰਾਮਾਂ ਦੀ, ਨਵੇਂ ਰੁਜ਼ਗਾਰ ਦੀ, ਨਵੀਂ ਸਰਕਾਰੀ ਪਹਿਲ-ਕਦਮੀ ਦੀ, ਨਵੀਂ ਕਿਸਮ ਦੀ ਸਰਕਾਰੀ ਊਰਜਾ ਦੀ ਹਰ ਨਵੀਂ ਸਰਕਾਰ ਤੋਂ ਜਨਤਾ ਆਸ ਰੱਖਦੀ ਹੈ, ਪਰ ਜਾਪਦਾ ਹੈ ਕਿ ਨਵੀਂ ਸਰਕਾਰ ਤਾਂ ਜਿਵੇਂ ਖੜੋਤ 'ਚ ਹੀ ਆ ਗਈ ਹੈ। ਕੋਈ ਨਵਾਂ ਪ੍ਰੋਗਰਾਮ ਸ਼ੁਰੂ ਨਹੀਂ ਹੋਇਆ। ਹਾਲੇ ਅੱਧਾ ਵਰ੍ਹਾ ਵੀ ਨਹੀਂ ਬੀਤਿਆ, ਲੋਕਾਂ 'ਚ ਚਰਚਾ ਇਵੇਂ ਦੀ ਹੋਣ ਲੱਗ ਪਈ ਹੈ ਕਿ ਸੱਭੋ ਸਰਕਾਰਾਂ ਇੱਕੋ ਜਿਹੀਆਂ ਹੁੰਦੀਆਂ ਹਨ।

ਪੁਰਾਣੀ ਸਰਕਾਰ ਵਿਸ਼ੇਸ਼ ਐਕਟ ਬਣਾ ਕੇ ਅਧਿਆਪਕਾਂ ਸਮੇਤ 27000 ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਫ਼ੈਸਲਾ ਕਰ ਗਈ ਸੀ।

ਸੂਬੇ ਦੇ ਸਿੱਖਿਆ ਵਿਭਾਗ ਦੀ ਗੱਲ ਹੀ ਲੈ ਲਉ। ਐੱਸ ਐੱਸ ਏ, ਰਮਸਾ, ਸਿੱਖਿਆ ਪ੍ਰੋਵਾਈਡਰ, ਈ ਜੀ ਐੱਸ, ਏ ਆਈ ਈ, ਐੱਸ ਟੀ ਆਰ, ਆਈ ਈ ਵੀ, ਪੀ ਟੀ ਏ ਸਕੀਮਾਂ ਤਹਿਤ 16184 ਅਧਿਆਪਕ ਠੇਕੇ 'ਤੇ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ ਬਹੁਤੇ ਵਰਗਾਂ ਨੂੰ 6000 ਰੁਪਏ ਤੋਂ ਲੈ ਕੇ 10,300 ਰੁਪਏ ਤੱਕ ਤਨਖ਼ਾਹ ਦਿੱਤੀ ਜਾ ਰਹੀ ਹੈ। ਇਹੋ ਹਾਲ ਪੇਂਡੂ ਵਿਕਾਸ ਵਿਭਾਗ ਦਾ ਹੈ। ਏ ਪੀ ਓ ਤੇ ਕਲਰਕ ਮਨਰੇਗਾ ਸਕੀਮ ਅਤੇ ਹੋਰ ਸਕੀਮਾਂ ਹੇਠ ਕੰਮ ਕਰਦੇ ਹਨ। ਸਿਹਤ ਵਿਭਾਗ 'ਚ ਨਰਸਾਂ, ਫਾਰਮਾਸਿਸਟ, ਚੌਥਾ ਦਰਜਾ ਕਰਮਚਾਰੀ ਕੰਮ ਕਰਦੇ ਹਨ। ਵੱਖੋ-ਵੱਖਰੇ ਮਹਿਕਮਿਆਂ 'ਚ ਦਿਹਾੜੀਦਾਰ ਕਾਮੇ ਵੀ ਹਨ। ਪੰਜਾਬ ਦੇ ਇਹਨਾਂ ਕਰਮਚਾਰੀਆਂ ਦੇ ਨਾਲ-ਨਾਲ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਦੇ ਨਾਲ ਲਗਵੇਂ ਸੁਵਿਧਾ ਸੈਂਟਰਾਂ ਦੇ ਕਾਮੇ ਵੀ ਇਸ ਆਸ ਵਿੱਚ ਬੈਠੇ ਸਨ ਕਿ ਨਵੀਂ ਸਰਕਾਰ ਉਹਨਾਂ ਨੂੰ ਪੱਕਿਆਂ ਕਰ ਦੇਵੇਗੀ। ਮੌਜੂਦਾ ਸਰਕਾਰ ਨੇ ਇਹ ਫ਼ੈਸਲਾ ਜਿਵੇਂ ਠੁੱਸ ਹੀ ਕਰ ਦਿੱਤਾ ਹੈ। ਜਿਸ ਤਰ੍ਹਾਂ ਪਿਛਲੀ ਸਰਕਾਰ ਸਿੱਖਿਆ ਦੇ ਨਿੱਜੀਕਰਨ ਤੇ ਮੁਲਾਜ਼ਮਾਂ ਲਈ ਠੇਕਾ ਪ੍ਰਣਾਲੀ ਲਾਗੂ ਕਰ ਕੇ ਕੰਮ-ਚਲਾਊ ਤੇ ਬੁੱਤਾ-ਸਾਰੂ ਕੰਮ ਕਰ ਰਹੀ ਸੀ, ਉਸੇ ਰਾਹ ਹੁਣ ਵਾਲੀ ਸਰਕਾਰੀ ਚੱਲ ਰਹੀ ਪ੍ਰਤੀਤ ਹੁੰਦੀ ਹੈ। ਪਿੰਡਾਂ ਦੇ ਸਕੂਲ ਅਧਿਆਪਕਾਂ ਤੋਂ ਖ਼ਾਲੀ ਪਏ ਹਨ। ਪੰਜ-ਛੇ ਟੀਚਰਾਂ ਦੀ ਥਾਂ ਇੱਕੋ ਟੀਚਰ ਪੰਜ-ਪੰਜ ਕਲਾਸਾਂ ਨੂੰ ਪੜ੍ਹਾ ਰਿਹਾ ਹੈ। ਇਹ ਹਾਲ ਪ੍ਰਾਇਮਰੀ ਸਕੂਲਾਂ ਦਾ ਹੀ ਨਹੀਂ, ਮਿਡਲ ਸਕੂਲਾਂ ਦਾ ਵੀ ਹੈ, ਜਿੱਥੇ ਤਿੰਨ-ਤਿੰਨ ਕਲਾਸਾਂ ਲਈ ਸਿਰਫ਼ ਇੱਕੋ ਟੀਚਰ ਨਿਯੁਕਤ ਹੈ।

ਸਿਹਤ ਵਿਭਾਗ ਦਾ ਹਾਲ ਸਿੱਖਿਆ ਵਿਭਾਗ ਤੋਂ ਵੀ ਭੈੜਾ ਹੈ। ਪਿੰਡਾਂ 'ਚ ਸਰਕਾਰੀ ਡਿਸਪੈਂਸਰੀਆਂ ਹਨ, ਪਰ ਡਾਕਟਰ ਅਤੇ ਹੋਰ ਸਿਹਤ ਅਮਲਾ ਨਹੀਂ ਹੈ, ਪਖਾਨੇ ਨਹੀਂ, ਮੰਜਿਆਂ ਦਾ ਪ੍ਰਬੰਧ ਨਹੀਂ, ਦਵਾਈਆਂ ਦੀ ਥੁੜ ਆਮ ਹੈ। ਬਹੁਤੇ ਸਰਕਾਰੀ ਹਸਪਤਾਲਾਂ 'ਚ ਸਪੈਸ਼ਲਿਸਟ ਡਾਕਟਰਾਂ ਦੀ ਕਮੀ ਹੈ। ਐਕਸਰੇ ਮਸ਼ੀਨਾਂ ਅਤੇ ਹੋਰ ਮਸ਼ੀਨਰੀ ਕੰਮ ਕਰਨ ਦੇ ਯੋਗ ਹੀ ਨਹੀਂ ਹੈ। ਹਸਪਤਾਲ ਦੇ ਵਾਰਡਾਂ 'ਚ ਸਫ਼ਾਈ ਦਾ ਬੁਰਾ ਹਾਲ ਇਸ ਕਰ ਕੇ ਦਿੱਸਦਾ ਹੈ ਕਿ ਸਫ਼ਾਈ ਕਰਮਚਾਰੀਆਂ ਦੀ ਕਮੀ ਹੈ। ਸਿਹਤ ਤੇ ਸਿੱਖਿਆ ਸਹੂਲਤਾਂ ਜੁਟਾਉਣ ਲਈ ਸਾਧਨ ਨਹੀਂ। ਪਿੰਡਾਂ ਤੇ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਗ੍ਰਾਂਟਾਂ ਦੇਣ ਵਾਸਤੇ ਰਕਮ ਨਹੀਂ, ਕਿਉਂਕਿ ਸਰਕਾਰ ਦਾ ਕਹਿਣਾ ਹੈ ਕਿ ਖ਼ਜ਼ਾਨਾ ਖ਼ਾਲੀ ਹੈ, ਪਰ ਇਹ ਬਹਾਨਾ ਲੋਕਾਂ ਨੂੰ ਕਿੰਨਾ ਚਿਰ ਵਰਚਾ-ਪਰਚਾ ਸਕੇਗਾ?

ਫ਼ੈਸਲੇ ਲੈਣ ਦੇ ਮਾਮਲੇ ਵਿੱਚ ਸਰਕਾਰ ਦੀ ਦ੍ਰਿੜ੍ਹਤਾ, ਪਾਰਦਰਸ਼ਤਾ, ਅਧਿਕਾਰੀਆਂ ਦੇ ਕੰਮ ਕਰਨ ਦੀ ਲਗਨ, ਭ੍ਰਿਸ਼ਟਾਚਾਰ-ਮੁਕਤ ਕੰਮ-ਕਾਰ ਨਵੀਂ ਸਰਕਾਰ ਦੀ ਦਿੱਖ ਬਣਾਉਣ 'ਚ ਸਹਾਈ ਹੋ ਸਕਦੇ ਸਨ, ਪਰ ਭ੍ਰਿਸ਼ਟਾਚਾਰ ਤਾਂ ਸਰਕਾਰੀ ਕੰਮ-ਕਾਰਾਂ 'ਚ ਉਵੇਂ ਹੀ ਦਿਖਾਈ ਦੇ ਰਿਹਾ ਹੈ, ਜਿਵੇਂ ਛੇ ਮਹੀਨੇ ਪਹਿਲਾਂ ਸੀ। ਸਿਹਤ ਤੇ ਸਿੱਖਿਆ ਸਹੂਲਤਾਂ 'ਚ ਕੋਈ ਸੌਖ-ਸੁਧਾਰ ਕਿਧਰੇ ਦਿਖਾਈ ਨਹੀਂ ਦੇ ਰਿਹਾ। ਪਿੰਡ ਪੰਚਾਇਤਾਂ ਦੇ ਸਰਪੰਚ ਹਾਲੇ ਤੱਕ ਵੀ ਪੰਚਾਇਤ ਵਿਭਾਗ ਦੇ ਕਰਮਚਾਰੀਆਂ ਦੇ ਮੁਥਾਜ ਬਣੇ ਦਿੱਸਦੇ ਹਨ। ਉਹਨਾਂ ਨੂੰ ਆਪਣੇ ਢੰਗ ਨਾਲ ਕੰਮ ਕਰਨ ਦੀ ਖੁੱਲ੍ਹ ਮਹਿਕਮੇ ਵੱਲੋਂ ਨਵੀਂ ਸਰਕਾਰ ਆਉਣ ਉੱਤੇ ਵੀ ਨਹੀਂ ਮਿਲੀ। ਸ਼ਹਿਰਾਂ 'ਚ ਕਾਰਪੋਰੇਸ਼ਨਾਂ, ਮਿਊਂਸਪਲ ਕਾਰਪੋਰੇਸ਼ਨਾਂ 'ਚ ਵੱਢੀ, ਲੁੱਟ-ਖਸੁੱਟ, ਤਹਿ-ਬਾਜ਼ਾਰੀ ਉਵੇਂ ਹੀ ਚੱਲਦੀ ਹੈ, ਜਿਵੇਂ ਪਹਿਲੀ ਸਰਕਾਰ ਵੇਲੇ ਸੀ। ਮਾਫੀਆ ਗਰੋਹ ਹਾਲੇ ਵੀ ਪੰਜਾਬ 'ਚ ਉਵੇਂ ਹੀ ਸਰਗਰਮ ਹਨ, ਜਿਵੇਂ ਪਿਛਲੀ ਸਰਕਾਰ ਵੇਲੇ ਸਨ, ਬੱਸ ਉੱਪਰਲੇ ਬੌਸ ਬਦਲ ਗਏ ਹਨ।

ਕੀ ਚੁਣੇ ਗਏ ਨਵੇਂ ਹਾਕਮ ਆਪਣੇ ਵਾਅਦਿਆਂ ਦੀ ਪੂਰਤੀ ਲਈ ਕੋਈ ਨਵੀਂ ਪਹਿਲ-ਕਦਮੀ ਕਰ ਸਕੇ ਹਨ? ਕੀ ਪਹਿਲੇ ਸ਼ਾਸਕਾਂ ਨਾਲੋਂ ਆਪਣਾ ਪ੍ਰਭਾਵ ਵੱਖਰਾ ਕਰ ਸਕੇ ਹਨ? ਪਿਛਲੀ ਤਿਮਾਹੀ ਦੇ ਕੀਤੇ ਕੰਮਾਂ-ਕਾਰਾਂ ਤੋਂ ਇੰਜ ਜਾਪਣ ਲੱਗ ਪਿਆ ਹੈ ਕਿ ਮੁੱਖ ਮੰਤਰੀ ਦਾ ਦਫ਼ਤਰ ਬਿਲਕੁਲ ਉਵੇਂ ਹੀ ਕੇਂਦਰੀਕ੍ਰਿਤ ਕੰਮ ਕਰਨ ਲੱਗ ਪਿਆ ਹੈ, ਜਿਵੇਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਫ਼ਤਰ ਕੰਮ ਕਰਦਾ ਹੈ। ਨਹੀਂ ਤਾਂ ਚੁਣੇ ਨੁਮਾਇੰਦੇ, ਹਾਕਮ ਧਿਰ ਦੇ ਹਲਕਾ ਐੱਮ ਐਲ ਏ ਲੋਕਾਂ ਵਿੱਚ ਕਿਉਂ ਨਾ ਵਿਚਰਨ? ਕਿਉਂ ਨਾ ਸਰਕਾਰ ਦੇ ਕੰਮਾਂ-ਕਾਰਾਂ ਦੀ ਗੱਲ ਲੋਕਾਂ ਨਾਲ ਸਾਂਝੀ ਕਰਨ? ਕਿਉਂ ਨਾ ਲੋਕਾਂ ਦੇ ਦੁੱਖਾਂ-ਸੁੱਖਾਂ 'ਚ ਭਾਈਵਾਲੀ ਕਰਨ?

ਪੰਜਾਬ ਦਾ ਸੜਕਾਂ ਬਾਰੇ ਮੰਤਰੀ ਕੀ ਕਦੇ ਰਾਜ ਦੇ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਵੇਖਣ ਲਈ ਦੌਰੇ 'ਤੇ ਗਿਆ ਤੇ ਕੀ ਉਸ ਨੇ ਮੁੱਖ ਮੰਤਰੀ ਜਾਂ ਕੈਬਨਿਟ ਨੂੰ ਰਿਪੋਰਟ ਦਿੱਤੀ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਕਿਹੋ ਜਿਹੀ ਦੁਰਦਸ਼ਾ ਹੈ? ਕੀ ਪੰਜਾਬ ਦਾ ਸਿਹਤ ਮੰਤਰੀ ਕਦੇ ਪਿੰਡਾਂ ਦੇ ਸਰਕਾਰੀ ਸਿਹਤ ਕੇਂਦਰਾਂ ਦੀ ਸਿਹਤ ਵੇਖਣ ਲਈ ਘਰੋਂ ਨਿਕਲਿਆ ਤੇ ਉਸ ਨੇ ਆਪਣੀ ਸਰਕਾਰ ਸਾਹਮਣੇ ਇਹ ਪੱਖ ਰੱਖਿਆ ਕਿ ਸਿਹਤ ਕੇਂਦਰਾਂ ਦੀ ਹਾਲਤ ਅਸਲੋਂ ਨਾਜ਼ੁਕ ਹੈ? ਕੀ ਕਦੇ ਸਿੱਖਿਆ ਮੰਤਰੀ ਨੇ ਉਹਨਾਂ ਸਕੂਲਾਂ 'ਚ ਜਾ ਕੇ ਬੱਚਿਆਂ, ਅਧਿਆਪਕਾਂ, ਮਾਪਿਆਂ ਦਾ ਹਾਲ-ਚਾਲ ਜਾਣਨ ਲਈ ਸਮਾਂ ਕੱਢਿਆ, ਜਿੱਥੇ ਇਮਾਰਤਾਂ ਤੋਂ ਬਿਨਾਂ ਸਕੂਲ ਹਨ, ਇੱਕੋ ਟੀਚਰ ਸੌ-ਸੌ ਬੱਚਿਆਂ ਨੂੰ 8-10 ਵਿਸ਼ੇ ਪੜ੍ਹਾਉਂਦਾ ਹੈ ਤੇ ਉਹ ਵੀ ਵੱਖ-ਵੱਖ ਕਲਾਸਾਂ ਦੇ?

ਕੀ ਪੰਜਾਬ ਦਾ ਪੰਚਾਇਤਾਂ ਵਾਲਾ ਮੰਤਰੀ ਪਿੰਡਾਂ ਦੇ ਕੰਮੀਆਂ ਦੇ ਵਿਹੜੇ 'ਚ ਜਾ ਕੇ ਉਹਨਾਂ ਦੀ ਹਾਲਤ ਵੇਖਣ ਦਾ ਹੀਆ ਕਰ ਸਕਿਆ ਹੈ, ਜਿਹੜੇ ਕਰਜ਼ੇ, ਰੋਗਾਂ-ਦੁੱਖਾਂ ਨਾਲ ਗਰੱਸੇ ਪਏ ਹਨ ਤੇ ਉਹਨਾਂ ਦੀ ਸੁਣਨ ਵਾਲਾ ਕੋਈ ਨਹੀਂ, ਉਹਨਾਂ ਨੂੰ ਮੱਛਰ, ਮੱਖੀ, ਗੰਦਗੀ ਤੋਂ ਨਿਜਾਤ ਦੁਆਉਣ ਵਾਲਾ ਕੋਈ ਨਹੀਂ?

ਮੁੱਖ ਮੰਤਰੀ ਨੇ ਮੁਹਾਲੀ ਵਿਖੇ ਇੱਕੋ ਦਿਨ 27000 ਨੌਜਵਾਨਾਂ ਵਿੱਚੋਂ 3000 ਨੂੰ ਸਰਕਾਰੀ ਵਿਭਾਗਾਂ ਲਈ ਨਿਯੁਕਤੀ ਪੱਤਰ ਦਿੱਤੇ ਹਨ। ਬਾਕੀ 24000 ਨੌਜਵਾਨਾਂ ਨੂੰ 34 ਕੰਪਨੀਆਂ ਵੱਲੋਂ ਇੱਕ ਸਮਝੌਤੇ ਤਹਿਤ ਰੁਜ਼ਗਾਰ ਦੇਣ ਦਾ ਐਲਾਨ ਕੀਤਾ ਹੈ। ਸਰਕਾਰ ਕੋਲ ਇਸ ਗੱਲ ਦਾ ਕੀ ਜਵਾਬ ਹੈ ਕਿ ਉਸ ਨੇ ਕਿੰਨੇ ਅਧਿਆਪਕ, ਕਿੰਨੇ ਕਲਰਕ, ਕਿੰਨੇ ਇੰਜੀਨੀਅਰ, ਕਿੰਨੀਆਂ ਨਰਸਾਂ, ਕਿੰਨੇ ਡਾਕਟਰ ਪੰਜਾਬ ਦੇ ਵੱਖੋ-ਵੱਖਰੇ ਵਿਭਾਗਾਂ 'ਚ ਨਿਯੁਕਤ ਕੀਤੇ ਹਨ? ਸਮੇਂ ਦੀ ਮੰਗ ਦ੍ਰਿੜ੍ਹਤਾ ਨਾਲ ਫ਼ੈਸਲੇ ਲੈ ਕੇ ਉਹਨਾਂ ਨੂੰ ਲੋਕ ਹਿੱਤ ਵਿੱਚ ਲਾਗੂ ਕਰਨ ਦੀ ਹੈ। ਤਦੇ ਭ੍ਰਿਸ਼ਟਾਚਾਰ ਖ਼ਤਮ ਹੋਵੇਗਾ, ਵੱਢੀ-ਖੋਰੀ ਰੁਕੇਗੀ ਤੇ ਸਾਫ਼-ਸੁਥਰਾ ਪ੍ਰਸ਼ਾਸਨ ਹੋਵੇਗਾ।

# ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਵਿਖੇ ਪ੍ਰਭਾਤ ਫੇਰੀ





ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਸ੍ਰੀ ਚਰਨ ਛੋਹ ਗੰਗਾ ਵਿਖੇ ਪ੍ਰਭਾਤ ਫੇਰੀ ਕੱਢਦੇ ਹੋਏ। ਸੰਗਤਾਂ ਅੰਮ੍ਰਿਤ ਵੇਲੇ ਪ੍ਰਭਾਤ ਫੇਰੀ 'ਚ ਅਮਿਤ ਕੁਮਾਰ ਪਾਲ ਵਲੋਂ ਪ੍ਰਭਾਤ ਫੇਰੀ ਦੀ ਸੇਵਾ ਕੀਤੀ ਗਈ। ਸੰਗਤਾਂ ਨਾਲ ਹਾਜਰ ਗੁਰੂ ਘਰ ਦੇ ਪ੍ਰਧਾਨ ਸੰਤ ਸੁਰਿੰਦਰ ਦਾਸ ਜੀ, ਸੰਤ ਜੋਗਿੰਦਰਪਾਲ ਜੋਹਰੀ ਜੀ, ਸੰਤ ਗਰਧਾਰੀ ਲਾਲ ਜੀ, ਸੰਤ ਜਗਤਾਰ ਸਿੰਘ ਅਤੇ ਬਾਬਾ ਬੰਤਾ ਰਾਮ ਘੇੜਾ ਜੀ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਕੀਰਤਨ ਰਾਹੀਂ ਸੰਗਤਾ ਨੂੰ ਨਿਹਾਲ ਕੀਤਾ। ਸੰਗਤਾਂ ਬੀਤੀ ਰਾਤ ਤੋਂ ਦਰਸ਼ਨ ਕਰਨ ਲਈ ਗੁਰੂ ਘਰ ਨਤਮਸਤਕ ਹੋਈਆਂ।

# ਗੁਰਦੁਆਰਾ ਗੁਰੂ ਕੇ ਮਹਿਲ ਡਰੌਲੀ ਭਾਈ ਵਿਖੇ ਗੁਰਮਤਿ ਸਮਾਗਮ ਹੋਇਆ

**ਮੋਗਾ-** ਜ਼ਿਲ੍ਹੇ ਦੇ ਇਤਿਹਾਸਕ ਨਗਰ ਡਰੌਲੀ ਭਾਈ ਦੇ ਗੁਰਦੁਆਰਾ ਗੁਰੂ ਕੇ ਮਹਿਲ ਅਟਾਰੀ ਸਾਹਿਬ ਪਾਤਸ਼ਾਹੀ ਛੇਵੀ, ਸੱਤਵੀਂ, ਨੌਵੀ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਹਿਲੇ ਪ੍ਰਕਾਸ਼ ਪੁਰਬ, ਬਾਬਾ ਜੀਵਨ ਸਿੰਘ (ਭਾਈ ਜੈਤਾ) ਜੀ ਦੇ ਸ਼ਹੀਦੀ ਦਿਵਸ ਤੇ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲੇ ਮਹਾਂਪੁਰਸ਼ਾਂ



ਦੀ ਪਾਵਨ ਯਾਦ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਹੋਇਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਅਤੇ ਕਾਰ ਸੇਵਾ ਸੰਸਥਾ ਡਰੌਲੀ ਭਾਈ ਦੇ ਮੁਖੀ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਤੇ ਸੇਵਾਦਾਰਾਂ ਦੀ ਦੇਖ-ਰੇਖ ਹੇਠ ਸਜੇ ਗੁਰਮਤਿ ਸਮਾਗਮ 'ਚ ਭਾਈ ਬਾਬਕ ਜੀ ਗੁਰਮਤਿ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਰਾਗ ਆਧਾਰਿਤ ਗੁਰ ਸ਼ਬਦ ਕੀਰਤਨ ਕੀਤਾ ਗਿਆ।

ਉਪਰੰਤ ਪੰਥ ਪ੍ਰਸਿੱਧ ਵਿਦਵਾਨਾਂ ਬਾਬਾ ਗੁਰਪ੍ਰੀਤ ਸਿੰਘ ਜੀ ਰੰਧਾਵੇ ਵੇਲੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗਿ: ਲਖਵੀਰ ਸਿੰਘ ਮੋਗਾ ਵੱਲੋਂ ਗੁਰਮਤਿ ਵਿਚਾਰਾਂ, ਕਵੀਸ਼ਰ ਗਿ: ਸੁੱਚਾ ਸਿੰਘ ਡੇਰਾ ਪਠਾਣਾਂ, ਢਾਡੀ ਗਿਆਨੀ ਕੁਲਵੰਤ ਸਿੰਘ ਪੰਡੋਰੀ ਆਦਿ ਵਿਦਵਾਨਾਂ ਵੱਲੋਂ ਇਤਿਹਾਸਕ ਵਿਚਾਰਾਂ, ਕਵੀਸ਼ਰੀ ਤੇ ਢਾਡੀ ਵਾਰਾਂ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਖੀਰ 'ਚ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਵੱਲੋਂ ਉਕਤ ਵਿਦਵਾਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

**ਰਿਪੋਰਟ- ਡਾ ਬਲਦੇਵ ਸਿੰਘ, ਘੱਲ ਕਲਾਂ, ਮੋਗਾ (9815065177)**

# ਉੱਤਰੀ ਕੋਰੀਆ ਸ਼ਾਂਤੀ ਨਾਲ ਰਹੇਗਾ ਤਾਂ ਜੰਗ ਤੋਂ ਬਚਿਆ ਰਹੇਗਾ

**(ਸਫਾ 1 ਦੀ ਬਾਕੀ)**

ਭਵਿੱਖ ਬਿਹਤਰ ਬਣਾ ਸਕਦਾ ਹੈ। ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਸ਼ਾਂਤੀ ਨਾਲ ਰਹਿ ਸਕਦਾ ਹੈ ਤਾਂ ਦੁਨੀਆ ਦੇ ਹੋਰ ਦੇਸ਼ ਵੀ ਉਸ ਦੇ ਨਾਲ ਸ਼ਾਂਤੀ ਨਾਲ ਰਹਿਣਗੇ। ਉਨ੍ਹਾਂ ਅੱਗੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਮਜ਼ਬੂਤ ਸੰਬੰਧਾਂ ਦੇ ਬਿਨਾਂ ਪ੍ਰਸਤਾਵ ਪਾਸ ਹੋਣਾ ਸੰਭਵ ਨਹੀਂ ਸੀ। ਸੁਰੱਖਿਆ ਪਰੀਸ਼ਦ ਨੇ ਸਾਰਿਆਂ ਦੀ ਸਹਿਮਤੀ ਨਾਲ ਉੱਤਰੀ ਕੋਰੀਆ 'ਤੇ ਕੱਪੜਾ ਬਰਾਮਦ ਅਤੇ ਕੱਚੇ ਤੇਲ ਦੇ ਦਰਾਮਦਗੀ 'ਤੇ ਪਾਬੰਦੀ ਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਸੁਰੱਖਿਆ ਪਰੀਸ਼ਦ ਨੇ ਇਹ ਪਾਬੰਦੀ ਉੱਤਰੀ ਕੋਰੀਆ ਵਲੋਂ 3 ਸਤੰਬਰ ਨੂੰ ਕੀਤੇ ਗਏ 6ਵੇਂ ਅਤੇ ਸਭ ਤੋਂ ਸ਼ਕਤੀਸ਼ਾਲੀ ਪਰਮਾਣੂ ਪਰੀਖਣ ਕਾਰਨ ਲਾਇਆ ਗਿਆ ਹੈ।

# ਅਮਰੀਕਾ ਨੂੰ ਡਰਾਇਆ ਨਹੀ ਜਾ ਸਕਦਾ- ਟਰੰਪ

**(ਸਫਾ 1 ਦੀ ਬਾਕੀ)**

ਹੋਈ ਸੀ। 11 ਸਤੰਬਰ 2001 ਨੂੰ ਅਲਕਾਇਦਾ ਦੇ ਅੱਤਵਾਦੀਆਂ ਨੇ ਅਮਰੀਕਾ ਦੇ ਵਰਲਡ ਟ੍ਰੇਡ ਸੈਂਟਰ, ਪੈਂਟਾਗਨ ਤੇ ਪੈਂਸਲਵੇਨੀਆ ਦੇ ਨੇੜੇ ਇਕ ਮੈਦਾਨ 'ਚ ਜਹਾਜ਼ ਵਾੜ ਦਿੱਤੇ ਸਨ, ਜਿਸ ਨਾਲ ਵੱਡੀ ਗਿਣਤੀ 'ਚ ਲੋਕ ਮਾਰੇ ਗਏ ਸਨ। ਮਰਨ ਵਾਲਿਆਂ 'ਚ ਭਾਰਤੀ ਵੀ ਸ਼ਾਮਲ ਸਨ। ਟਰੰਪ ਨੇ ਅਮਰੀਕੀ ਰਾਸ਼ਟਰਪਤੀ ਦੇ ਤੌਰ 'ਤੇ 9/11 ਦੀ ਪਹਿਲੀ ਬਰਸੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸਾਡੇ 'ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਨੇ ਸੋਚਿਆ ਸੀ ਕਿ ਉਸ ਸਾਡੇ 'ਚ ਡਰ ਪੈਦਾ ਕਰ ਦੇਣਗੇ ਤੇ ਸਾਡੇ ਹਿੰਮਤ ਨੂੰ ਕਮਜ਼ੋਰ ਕਰ ਦੇਣਗੇ। ਰਾਸ਼ਟਰਪਤੀ ਨੇ ਪੈਂਟਾਗਨ 'ਚ ਅੱਤਵਾਦੀਆਂ ਨੂੰ ਸਖਤ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਅਮਰੀਕਾ ਨੂੰ ਡਰਾਇਆ ਨਹੀਂ ਜਾ ਸਕਦਾ ਤੇ ਜੋ ਅਜਿਹਾ ਕਰਨ ਦੀ ਕੋਸ਼ਿਸ਼ ਕਰਨਗੇ, ਉਹ ਉਨ੍ਹਾਂ ਮਰੇ ਹੋਏ ਅੱਤਵਾਦੀਆਂ ਦੀ ਲਿਸਟ 'ਚ ਸ਼ਾਮਲ ਹੋ ਜਾਣਗੇ, ਜਿਨ੍ਹਾਂ ਨੇ ਸਾਡੀ ਹਿੰਮਤ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਕੀਤੀ ਸੀ।

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg, California's monthly programs

**Devoted families are requesting entire Sangat to attend the following functions:**

**September 17, 2017** Sukhmani Sahib Path and Langar sewa – Open

Bhai Dharam Singh, Ardassia of Sri Harmandir Sahib will come to Gurughar for Katha sewa.

**September 24, 2017** Sukhmani Sahib Path and Langar Sewa - Open

**October 6-7-8, 2017** 77th Barsi of Hazoor Shri Nabh Kanwal Raja Sahib

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib " on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.



Bhai Dharam Singh

## October 19, 2017 (Thursday)

## Diwali Celebrations

Diwali will be celebrated in Gurughar like previous years.

Sukhmani Sahib Path will start at 6:00 PM.

After, Sukhmani Sahib Path and Kirtan; Prasad, sweets and GURU KA LANGAR will be served.

*Please bring a candle to light that day.*

*www.sriguruavidasstemple.com*

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਰੇਸ਼ਮ ਲਾਲ ਮੱਲ ਦਾ ਅਕਾਲ ਚਲਾਣਾ ਮੱਲ-ਰਾਮ ਪਰਿਵਾਰਾਂ ਨੂੰ ਗਹਿਰਾ ਸਦਮਾ















ਰਿਪੋਰਟ ਅਤੇ ਤਸਵੀਰਾਂ:
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਸੈਕਰਾਮੈਂਟੋ –** ਉਮਰ ਛੋਟੀ ਜਾਂ ਵੱਡੀ, ਬੱਚਾ ਹੈ ਜਾਂ ਜਵਾਨ ਜਾਂ ਬਜ਼ੁਰਗ ਸਭ ਨੇ ਇਕ ਨਾ ਇਕ ਦਿਨ ਇਸ ਫਾਨੀ ਸੰਸਾਰ ਤੋਂ ਕੂਚ ਕਰ ਜਾਣਾ ਹੈ। ਇਸ ਸੰਸਾਰ ਅੰਦਰ ਰੂਹਾਨੀਅਤ ਦੇ ਮਸੀਹਾ ਵੀ ਰਹਿ ਨਾ ਸਕੇ ਤੇ ਇਸ ਸੰਸਾਰ ਤੋਂ ਰੁਖਸਤ ਹੋਣ ਤੋਂ ਪਹਿਲਾਂ ਦੁਨਿਆਵੀ ਜੀਵਾਂ ਨੂੰ ਕਦਮ-ਕਦਮ 'ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਹੋਕਾ ਤੇ ਰੂਹਾਨੀਅਤ ਦੇ ਸੰਦੇਸ਼/ਉਪਦੇਸ਼ 'ਜੋ ਉਪਜੈ ਸੋ ਬਿਨਸੈ (ਸ੍ਰੀ ਗੁਰੂ ਰਵਿਦਾਸ ਜੀ' ਤੇ 'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕਿ ਕਾਲਿ ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ।।' ਦਿੰਦੇ ਹੋਏ ਚਲੇ ਗਏ ਉਹ ਜੀਵ ਹੈ ਜਾਂ ਬਨਸਪਤੀ ਜਾਂ ਕੁਝ ਹੋਰ, ਜੋ ਉਪਜਿਆ ਜਾਂ ਪੈਦਾ ਹੋਇਆ, ਉਹ ਇਕ ਨਾ ਇਕ ਦਿਨ ਇਸ ਫਾਨੀ ਸੰਸਾਰ ਤੋਂ ਉਠ ਜਾਵੇਗਾ। ਫਿਰ ਜਦੋਂ ਇਸ ਅਟੱਲ ਸਚਾਈ ਦਾ ਪਤਾ ਹੀ ਹੈ ਤਾਂ ਕਿਉਂ ਨਾ ਕੋਈ ਐਸਾ ਚੰਗਾ ਕੰਮ ਕਰ ਜਾਈਏ ਕਿ ਮਰ ਜਾਣ ਉਪਰੰਤ ਕੋਈ ਇਕ ਅੱਧਾ ਵੀ ਯਾਦ ਕਰੇ ਤਾਂ ਸਾਡਾ ਜੀਵਨ ਸਫਲ ਹੈ।

4 ਸਤੰਬਰ ਦਿਨ ਸੋਮਵਾਰ ਨੂੰ ਪੰਜਾਬੀ ਭਾਈਚਾਰੇ ਦੀ ਪ੍ਰਮੁੱਖ ਸ਼ਖਸੀਅਤ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਸਾਬਕਾ ਚੇਅਰਮੈਨ ਬਲਵੀਰ ਮੱਲ ਦੇ ਕਜ਼ਨ ਭਰਾ ਰੇਸ਼ਮ ਲਾਲ ਮੱਲ 47 ਸਾਲ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਸਦਾ ਸਦਾ ਲਈ ਅਲਵਿਦਾ ਆਖ ਗਿਆ। ਮਰਹੂਮ ਰੇਸ਼ਮ ਲਾਲ ਮੱਲ ਆਪਣੇ ਪਿੱਛੇ ਮਾਤਾ ਸ੍ਰੀਮਤੀ ਗੁਰਮੇਜ਼ ਕੌਰ, ਸੁਪਤਨੀ ਰਣਜੀਤ ਕੌਰ, ਸਪੁੱਤਰ ਅਮਰਦੀਪ ਸਿੰਘ ਮੱਲ ਤੇ ਦੋ ਸਪੁੱਤਰੀਆਂ ਮਨਵੀਰ ਕੌਰ ਅਤੇ ਸਲੋਨੀ ਨੂੰ ਗਹਿਰੇ ਸਦਮੇ ਵਿਚ ਛੱਡ ਗਿਆ।

ਸਵਰਗੀ ਰੇਸ਼ਮ ਲਾਲ ਮੱਲ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਖਜਾਨਚੀ ਸ੍ਰੀ ਸੁਰਿੰਦਰ ਮੱਲ ਅਤੇ ਮਹਿੰਦਰ ਮੱਲ ਤੇ ਜੋਗਿੰਦਰ ਮੱਲ ਦਾ ਛੋਟਾ ਤੇ ਹਰਮੇਸ਼ ਲਾਲ ਮੱਲ ਦਾ ਵੱਡਾ ਭਰਾ ਸੀ। ਇਸ ਤੋਂ ਇਲਾਵਾ ਹਰਬੰਸ ਕੌਰ ਅਤੇ ਸੁਰਿੰਦਰ ਕੌਰ ਦੋ ਭੈਣਾਂ ਦਾ ਭਰਾ ਸਭ ਨੂੰ ਅਚਾਨਕ ਗਹਿਰੇ ਸਦਮੇ 'ਚ ਛੱਡ ਗਿਆ।

ਸਵਰਗੀ ਰੇਸ਼ਮ ਲਾਲ ਮੱਲ ਦਾ ਅੰਤਿਮ ਸਸਕਾਰ 8 ਸਤੰਬਰ ਨੂੰ ਸੈਕਰਾਮੈਂਟੋ ਦੇ ਨਾਰਥ ਸੈਕਰਾਮੈਂਟੋ ਫਿਊਨਰਲ ਹੋਮ 725 ਐਲ-ਕਮੀਨੋ ਐਵੀਨਿਊ ਵਿਖੇ ਕੀਤਾ ਗਿਆ। ਇਸ ਮੌਕੇ ਮੱਲ-ਰਾਮ ਪਰਿਵਾਰਾਂ ਤੋਂ ਇਲਾਵਾ ਉਹਨਾਂ ਦੇ ਨਜ਼ਦੀਕੀ ਸਕੇ ਸਬੰਧੀ, ਰਿਸ਼ਤੇਦਾਰ, ਯਾਰਾਂ-ਦੋਸਤਾਂ ਨੇ ਇਸ ਵਿਛੜੀ ਰੂਹ ਦੇ ਸਸਕਾਰ ਤੇ ਪਹੁੰਚ ਕੇ ਦੁਖੀ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਇਸ ਸੋਗਮਈ ਸਮੇਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਦੇ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਇਸ ਦੁੱਖ ਦੀ ਘੜੀ ਵਿਚ ਸਰਵ ਸ੍ਰੀ ਅਟਾਰਨੀ ਜੈਕ ਰਾਮ, ਡਾ. ਹਰਮੇਸ਼ ਕੁਮਾਰ, ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ), ਰਮੇਸ਼ ਬੰਗੜ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਹੰਸ ਰਾਜ ਕਾਜਲਾ (ਸਾਬਕਾ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਗੁਰਨਾਮ ਸਿੰਘ, ਕਸ਼ਮੀਰੀ ਭਾਟੀਆ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ), ਰਮੇਸ਼ ਸੁਮਨ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ) ਤੇ ਅਟਾਰਨੀ ਸ੍ਰੀ ਅਜੈ ਪਾਲ ਰਾਮ (ਕਾਨੂੰਨੀ ਸਲਾਹਕਾਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ) ਆਦਿ ਨੇ ਵਿਛੜੀ ਰੂਹ ਦੇ ਜੀਵਨ ਪ੍ਰਤੀ ਦੋ ਸ਼ਬਦ ਰੱਖਦਿਆਂ ਸ਼ਰਧਾਂਜਲੀ ਦਿੰਦਿਆਂ ਮੱਲ-ਰਾਮ ਪਰਿਵਾਰਾਂ ਨਾਲ, ਉਹਨਾਂ ਦੇ ਦੁੱਖ ਨੂੰ ਆਪਣਾ ਦੁੱਖ ਦੱਸਦਿਆਂ ਕਿਹਾ ਕਿ ਉਹ ਦੁੱਖੀ ਪਰਿਵਾਰ ਦੇ ਨਾਲ ਖੜ੍ਹੇ ਹਨ।


ਸਾਰੇ ਦੁਖੀ ਵਕਤਾਵਾਂ ਦੀ ਇਕ ਗੱਲ ਸਾਂਝੀ ਸੀ ਕਿ ਰੇਸ਼ਮ ਬੇਸ਼ੱਕ ਛੋਟੀ ਉਮਰੇ ਚਲਿਆ ਗਿਆ ਪਰ ਆਪਣੇ ਤਿੰਨੇ ਬੱਚਿਆਂ ਨੂੰ ਉਚ ਵਿਦਿਆ ਦਾ ਦੁਆਰ ਜ਼ਰੂਰ ਦਿਖਾ ਗਿਆ। ਉਚ ਵਿਦਿਆ ਦਾ ਦੁਆਰ ਜੀਵਨ ਜਾਚ ਦਾ ਮਾਰਗ ਸੁਖਾਵਾਂ ਕਰਦਾ ਹੀ ਨਹੀਂ ਬਲਕਿ ਸਮਾਜਿਕ/ਆਰਥਿਕ ਰੁਤਬਾ ਵੀ ਦਿਵਾਉਂਦਾ ਹੈ। ਬੱਸ, ਇਹੀ ਹੈ ਰੇਸ਼ਮ ਦੀ ਵਿਸ਼ੇਸ਼ ਖਾਸੀਅਤ ਜੋ ਉਸ ਦੇ ਸਦੀਵੀ ਵਿਛੋੜੇ ਦੇ ਬਾਵਜੂਦ ਵੀ ਇਕ ਜਿਸਮਾਨੀ ਘਾਟ ਨੂੰ ਛੱਡ ਕੇ ਬਾਕੀ ਸਭ ਜਗਾ, ਉਹ ਉਹਨਾਂ ਨਾਲ ਖੜ੍ਹਾ ਨਜ਼ਰ ਆਵੇਗਾ।

ਸਸਕਾਰ ਉਪਰੰਤ ਮੱਲ-ਰਾਮ ਪਰਿਵਾਰਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਸਭ ਦੁਖੀ ਹਿਰਦੇ, ਦੁਖੀ ਪਰਿਵਾਰ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਪਹੁੰਚੇ, ਜਿੱਥੇ ਭਾਈ ਜਸਪਾਲ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਬੇ ਵੈਰਾਗਮਈ ਕੀਰਤਨ ਕੀਤਾ ਅਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਭਾਈ ਨਿਰਮਲ ਸਿੰਘ ਨੇ ਅਰਦਾਸ ਕੀਤੀ ਤੇ ਉਸ ਪਰਵਰਦਗਾਰ ਅੱਗੇ ਸੋਗਮਈ ਹੱਥ ਜੋੜ ਕੇ ਬੇਨਤੀ ਕੀਤੀ ਕਿ ਇਸ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਇਸ ਮੌਕੇ ਸਾਬਕਾ ਸਕੱਤਰ ਜੀਵਨ ਰੱਤੂ ਨੇ ਰੂਹਾਨੀ ਲਫਜ਼ 'ਚ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਤੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਦੁਖੀ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਤੇ ਉਪਰੰਤ ਪੱਗੜੀ (ਪਰਿਵਾਰਕ ਜ਼ਿੰਮੇਵਾਰੀ) ਦੀ ਰਸਮ ਨੂੰ ਪੂਰਾ ਕੀਤਾ ਗਿਆ।

**– ਪ੍ਰੇਮ ਕੁਮਾਰ ਚੁੰਬਰ**

# MAHA RISHI VALMIK SABHA USA
## YUBA CITY, CALIFORNIA



**ਗੁਰੂ ਪਿਆਰੀ ਸਾਧ ਸੰਗਤ ਜੀਓ !**

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਕੈਲੇਫੋਰਨੀਆ ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣ-ਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨ ਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਵਿਚ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਾਓ ਜੀ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਓਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ, ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ : 13, 14, 15 ਅਕਤੂਬਰ

**ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ**

**Place: 84/86 Percy Ave, Yuba City, CA 95991.**
**Phone: 530-777-9385**

For more information : President- Prem Sondhi 530-751-3887
Vice President- Santokh Singh Gill 530-740-3056, Secretary- Palwinder Sahota- 530-674-9766



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**
1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# A & S
## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਲਈ ਮਦਦ ਭੇਜੀ








**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਕਾਰਜ ਕਰਦੇ ਹੋਏ ਟੈਕਸਸ ਹੜ੍ਹ ਪੀੜਤਾਂ ਦੀ ਮਦਦ ਲਈ ਜੀਵਨ ਲਈ ਲੋੜੀਂਦੀਆਂ ਵਸਤਾਂ ਨੂੰ ਇਕੱਤਰ ਕਰਕੇ ਟੈਕਸਸ ਨੂੰ ਰਵਾਨਾ ਕੀਤਾ ਗਿਆ, ਜਿਸ ਵਿਚ ਬੇਅੰਤ ਸੰਗਤਾਂ ਨੇ ਸੇਵਾ ਕੀਤੀ ਅਤੇ ਪ੍ਰਬੰਧਕ ਕਮੇਟੀ ਦੇ ਇਸ ਕਾਰਜ ਨੂੰ ਸ਼ਲਾਘਾਯੋਗ ਦੱਸਿਆ।

ਗੁਰੂ ਘਰ ਵੱਲੋਂ ਹੁਣ ਤੱਕ 3 ਸਤੰਬਰ ਦਿਨ ਐਤਵਾਰ, 10 ਸਤੰਬਰ ਦਿਨ ਐਤਵਾਰ, 11 ਸਤੰਬਰ ਦਿਨ ਸੋਮਵਾਰ ਨੂੰ ਤਿੰਨ ਟਰੱਕ ਟੈਕਸਸ ਲਈ ਰਵਾਨਾ ਕੀਤੇ ਜਾ ਚੁੱਕੇ ਹਨ। 10 ਸਤੰਬਰ ਦਿਨ ਐਤਵਾਰ ਨੂੰ ਯੂਬਾ ਸਿਟੀ ਦੇ ਮੇਅਰ ਮਾਣਯੋਗ ਸਰ ਸਟੈਨਲੀ ਕਲੀਵਲੈਂਡ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਗੁਰੂ ਘਰ ਵੱਲੋਂ ਹੋ ਰਹੇ ਸਮਾਜ ਭਲਾਈ ਦੇ ਕਾਰਜ ਦੀ ਸ਼ਲਾਘਾ ਕੀਤੀ ਅਤੇ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ਼ਿੰਗਾਰਾ ਸਿੰਘ ਰੱਲ੍ਹ, ਸਮੂਹ ਮੈਂਬਰ ਸਾਹਿਬਾਨ ਅਤੇ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ ਇਸ ਮਹਾਨ ਕਾਰਜ ਨੂੰ ਸਫਲ ਬਣਾਉਣ ਵਿਚ ਸ਼ਾਮਲ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ।

### ਸੁਖਮਨੀ ਸਾਹਿਬ ਦੇ ਪਾਠਾਂ ਦੀ ਸੇਵਾ ਕਰਵਾਈ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 10 ਸਤੰਬਰ ਦਿਨ ਐਤਵਾਰ ਨੂੰ ਸ. ਅਜੈਬ ਸਿੰਘ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸੇਵਾ ਕਰਵਾਈ ਗਈ, ਜਿਸ ਵਿਚ 10 ਸਤੰਬਰ ਦਿਨ ਐਤਵਾਰ ਨੂੰ ਗੁਰੂ ਘਰ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਜੋਗਿੰਦਰ ਸਿੰਘ ਸ਼ੌਂਕੀ, ਬੀਬੀ ਅਲੋਚਨਾ ਰਾਏ ਦੇ ਜਥੇ ਨੇ ਵੀ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਗੁਰੂ ਘਰ ਵੱਲੋਂ ਹੋ ਰਹੇ ਸਮਾਜ ਭਲਾਈ ਦੇ ਕਾਰਜਾਂ ਬਾਰੇ ਸੰਗਤਾਂ ਨੂੰ ਦੱਸਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਅਜੈਬ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

### ਸੁਖਮਨੀ ਸਾਹਿਬ ਦੇ ਪਾਠਾਂ ਦੀ ਸੇਵਾ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 7 ਸਤੰਬਰ ਦਿਨ ਵੀਰਵਾਰ ਨੂੰ ਸ. ਬਿਕਰਮਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸੇਵਾ ਕਰਵਾਈ ਗਈ, ਜਿਸ ਵਿਚ ਗੁਰੂ ਘਰ ਵਿਖੇ ਗੁਰਸਿੱਖ ਬੀਬੀ ਵੱਲੋਂ 7 ਸਤੰਬਰ ਦਿਨ ਵੀਰਵਾਰ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਵੱਲੋਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਬਿਕਰਮਜੀਤ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532

L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।
LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਗੁਰੂ ਅਮਰਦਾਸ ਜੀ



ਗੁਰੂ ਨਾਨਕ ਦੇਵ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਅਤੇ ਪ੍ਰਫੁਲਿਤ ਕਰਨ ਦੇ ਆਸ਼ੇ ਵਿਚ ਸਿੱਖ ਗੁਰੂਆਂ ਵੱਲੋਂ ਸਮੇਂ-ਸਮੇਂ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ ਗਿਆ। ਗੁਰੂ ਅੰਗਦ ਦੇਵ ਜੀ ਨੇ ਨਵੇਂ ਉਭਰੇ ਇਸ ਸਮਾਜ ਸੁਧਾਰਕ ਧਰਮ ਨੂੰ ਬੜੀ ਦ੍ਰਿੜ੍ਹਤਾ ਨਾਲ ਚਲਾਈ ਰੱਖਣ ਦਾ ਬੀੜਾ ਚੁੱਕੀ ਰੱਖਿਆ। ਇਕ ਨਿਰੰਤਰ ਸੁਧਾਰ ਵਿਚ ਗੁਰੂਆਂ ਨੇ ਮੁਕਤੀ ਦੇ ਵਿਚਾਰ ਨੂੰ ਨਵਾਂ ਅਰਥ ਦਿੱਤਾ। ਮੁਕਤੀ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ ਗਿਆ। ਇਸ ਆਸ਼ੇ ਨੂੰ ਅੱਗੇ ਵਧਾਉਣ ਲਈ ਤੀਸਰੇ ਗੁਰੂ ਸਾਹਿਬਾਨ ਗੁਰੂ ਅਮਰਦਾਸ ਜੀ ਦਾ ਆਗਮਨ ਪਿੰਡ ਬਾਸਰਕੇ ਗਿਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਸਾਖ ਸੁਦੀ 14 ਜਾਂ 8 ਜੇਠ ਸੰਮਤ 1536 ਅਰਥਾਤ ਮਈ 1472 ਨੂੰ ਪਿਤਾ ਤੇਜਭਾਨ ਭੱਲਾ ਅਤੇ ਮਾਤਾ ਬਖਤ ਕੌਰ ਦੇ ਘਰ ਹੋਇਆ, ਜਿਹਨਾਂ ਦਾ ਪਰਿਵਾਰ ਹਿੰਦੂ ਸੀ। ਹਰ ਸਾਲ ਗੰਗਾ ਹਰਿਦੁਆਰ ਤੀਰਥ ਅਸਥਾਨ ਤੇ ਜਾਇਆ ਕਰਦੇ ਸਨ। ਗੁਰੂ ਜੀ ਦਾ ਵਿਆਹ ਮਾਤਾ ਮਨਸੀ ਦੇਵੀ ਨਾਲ ਹੋਇਆ। ਉਹਨਾਂ ਦੇ ਦੋ ਪੁੱਤਰ ਅਤੇ ਦੋ ਧੀਆਂ ਸਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁਖ ਤੋਂ ਬਾਣੀ ਦੇ ਕੁਝ ਸ਼ਬਦ ਸੁਣੇ ਕਿ ਉਹਨਾਂ ਦੇ ਮਨ ਤੇ ਇਸਦਾ ਡੂੰਘਾ ਪ੍ਰਭਾਵ ਪਿਆ। ਗੁਰ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾਂ ਨੇ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਉਹਨਾਂ ਨੇ ਗੁਰੂ ਅੰਗਦ ਦੇਵ ਨੂੰ ਆਪਣਾ ਗੁਰੂ ਧਾਰ ਲਿਆ। ਉਹ ਗੁਰੂ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹਨਾਂ ਨੇ ਲੱਗਭੱਗ 12 ਸਾਲ ਗੁਰੂ ਦੀ ਸੇਵਾ ਤਨ ਮਨ ਨਾਲ ਕੀਤੀ। ਉਹ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਪਾਣੀ ਲਿਆਇਆ ਕਰਦੇ ਸਨ। ਗੁਰੂ ਕੇ ਲੰਗਰ ਵਾਲੇ ਲੱਕੜੀ ਅਤੇ ਪਾਣੀ ਦੀ ਸੇਵਾ ਵੀ ਕਰਦੇ। ਕਈ ਲੋਕ ਉਹਨਾਂ ਦਾ ਮਖੌਲ ਵੀ ਉਡਾਉਂਦੇ ਸਨ। ਪਰ ਉਹ ਹਮੇਸ਼ਾ ਗੁਰੂ ਦੇ ਸਤਿਕਾਰ ਵਿਚ ਰਹੇ। ਗੁਰੂ ਪ੍ਰਤੀ ਉਹਨਾਂ ਦੀ ਸ਼ਰਧਾ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀ ਧੰਨ ਹੋ, ਨਿਥਾਵਿਆਂ ਦੀ ਥਾਂ ਹੋ, ਨਿਆਸਰਿਆਂ ਦਾ ਆਸਰਾ ਹੋ ਆਦਿ ਨਾਵਾਂ ਨਾ ਲਸਨਮਾਨ ਕੀਤਾ। ਉਹਨਾਂ ਨੂੰ ਆਪਣਾ ਉਤਰਾਧਿਕਾਰੀ ਮਾਰਚ 1552 ਨੂੰ ਬਣਾ ਕੇ ਗੁਰਗੱਦੀ ਸੌਂਪ ਦਿੱਤੀ। ਜਦੋਂ ਆਪ ਜੀ ਦੀ ਉਮਰ ਸੱਤ ਦਹਾਕੇ ਪਾਰ ਕਰ ਚੁੱਕੀ ਸੀ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ ਉਹਨਾਂ ਨੇ ਆਪਣਾ ਟਿਕਾਣਾ ਗੋਇੰਦਵਾਲ ਸਾਹਿਬ ਬਣਾ ਲਿਆ।

ਆਪਣੇ 22 ਸਾਲ ਦੇ ਗੁਰੂ ਕਾਲ ਵਿਚ ਅਧਿਆਤਮਕ ਉਪਦੇਸ਼ ਦੇ ਨਾਲ-ਨਾਲ ਸਮਾਜ ਸੁਧਾਰ ਦੇ ਵੀ ਕੰਮ ਕੀਤੇ। ਪਹਿਲੇ ਗੁਰੂਆਂ ਵਾਂਗ ਉਹਨਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ। ਸਿੱਖ ਗੁਰੂ ਸੰਸਾਰ ਨੂੰ ਸੱਚਾ ਤੇ ਅਰਥ ਭਰਪੂਰ ਮੰਨਦੇ ਸਨ। ਜਦਕਿ ਲੋਕ ਝੂਠੇ ਰੀਤੀ ਰਿਵਾਜਾਂ ਅਤੇ ਕਰਮਕਾਂਡਾ ਵਿਚ ਫਸੇ ਸਨ। ਗੁਰੂ ਜੀ ਨੇ ਮਨੁੱਖਤਾ ਵਿਚੋਂ ਹਰ ਪ੍ਰਕਾਰ ਦੀ ਧਰਮ-ਵੰਡ, ਵਰਣ ਵੰਡ, ਜਾਤ-ਪਾਤ, ਉਚ ਨੀਚ ਦੀ ਵੰਡ ਖਤਮ ਕਰਦਿਆਂ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਹਨਾਂ ਉਪਦੇਸ਼ ਦਿੱਤਾ ਕਿ ਉਚੀ ਜਾਤ ਉਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ-ਭਾਵ ਨੂੰ ਮਿਟਾਉਣ ਲਈ ਗੁਰੂ ਨਾਨਕ ਸਾਹਿਬ ਨੇ ਲੰਗਰ ਸੰਸਥਾ ਸ਼ੁਰੂ ਕੀਤੀ। ਲੰਗਰ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੱਠੇ ਹੋ ਕੇ ਬੈਠਦੇ ਅਤੇ ਲੰਗਰ ਛਕਦੇ। ਗੁਰੂ ਅਮਰਦਾਸ ਜੀ ਅਜਿਹੇ ਵਿਅਕਤੀ ਨੂੰ ਨਹੀਂ ਮਿਲਦੇ ਸਨ, ਜੋ ਜਾਤ-ਪਾਤ ਦੇ ਭੇਦ-ਭਾਵ ਕਾਰਨ ਸਾਂਝੇ ਲੰਗਰਾਂ ਵਿਚ ਭੋਜਨ ਨਹੀਂ ਛਕਦਾ ਸੀ। ਇੱਥੋਂ ਤੱਕ ਵੀ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਉਹ ਅਜਿਹੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦੇ ਬਾਦਸ਼ਾਹ ਅਕਬਰ ਨਾਲ ਚੰਗੇ ਸਬੰਧ ਬਣ ਗਏ ਤਾਂ ਗੁਰੂ ਜੀ ਨੇ ਗੈਰ ਮੁਸਲਿਮਾਂ ਨੂੰ ਤੀਰਥ ਅਸਥਾਨਾਂ ਦੇ ਮਹਿਸੂਲ ਤੋਂ ਮੁਕਤ ਕਰਵਾ ਲਿਆ। ਉਹਨਾਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਵਿਆਹ ਕਰਨ 'ਤੇ ਜ਼ੋਰ ਦਿੱਤਾ।

ਗੁਰੂ ਅਮਰਦਾਸ ਜੀ ਨੇ ਬੜੇ ਸਾਰਥਕ ਅਤੇ ਯੋਜਨਾਬੱਧ ਤਰੀਕੇ ਨਾਲ ਸਿੱਖ ਧਰਮ ਪ੍ਰਚਾਰਿਆ।ਉਹਨਾਂ ਨੇ ਪ੍ਰਚਾਰਕ ਦੌਰੇ ਵੀ ਕੀਤੇ। ਦੂਰ-ਦੂਰ ਤੱਕ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ।ਉਹਨਾਂ ਨੇ 22 ਪ੍ਰਚਾਰ ਕੇਂਦਰ ਸਥਾਪਤ ਕੀਤੇ। ਹਰ ਕੇਂਦਰ ਤੇ ਸਥਾਨਕ ਉਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕਾਂ ਨੂੰ ਮੁਖੀ ਬਣਾਇਆ। ਜੋ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਦਾ ਹੁਕਮ ਸੁਣਾਉਂਦੇ। ਗੁਰੂ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ ਸਨ ਜੋ ਸਮਾਜ ਭਲਾਈ ਦੇ ਕਾਰਜਾਂ ਲਈ ਵਰਤਿਆ ਜਾਂਦਾ ਸੀ। ਗੁਰੂ ਜੀ ਨੇ ਇਕ ਅਲਿਆਰ ਨਾਂ ਦੇ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ। ਭਾਈ ਗੁਰਦਾਸ ਜੋ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਆਗਰਾ ਵਾਸਤੇ ਪ੍ਰਚਾਰਕ ਥਾਪਿਆ।

ਸਮਾਜਿਕ ਬੁਰਾਈਆਂ ਨੂੰ ਦੂਰ ਕਰਦੇ ਹੋਏ ਉਹਨਾਂ ਨੇ ਸਤੀ ਦੀ ਰਸਮ ਤੋਂ ਵਰਜਿਆ। ਉਹਨਾਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਤੋਂ ਬਾਅਦ ਪ੍ਰਾਣ ਤਿਆਗ ਦੇਵੇ ਸਗੋਂ ਪਤੀ ਤੋਂ ਬਾਅਦ ਆਪਣਾ ਚਾਲ ਚਲਣ ਉਚਾ ਰੱਖਣ ਅਤੇ ਨਾਮ ਜਪਣ ਤਦ ਵੱਡੀਆਂ ਸਤੀ ਕਹਾਉਣਗੀਆਂ। ਇਸ ਤਰ੍ਹਾਂ ਇਸਤਰੀ ਨੂੰ ਇਸ ਬੰਧਨ ਤੋਂ ਮੁਕਤ ਕਰਕੇ ਮਾਣ ਦਿੱਤਾ। ਉਹਨਾਂ ਨੇ ਮੁੜ ਵਿਆਹ ਦੀ ਪ੍ਰਥਾ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਇਸਤਰੀਆਂ ਦੇ ਮੂੰਹ ਢਕ ਕੇ ਘੁੰਡ ਵਿਚ ਰਹਿਣ ਦੇ ਰਿਵਾਜ ਨੂੰ ਵੀ ਖਤਮ ਕਰਕੇ ਇਸਤਰੀਆਂ ਨੂੰ ਪ੍ਰਬੰਧ ਸੇਵਾ ਵਿਚ ਲਾਇਆ, ਜਿਵੇਂ ਲੰਗਰਾਂ ਦੀ ਸੇਵਾ ਅਤੇ ਪ੍ਰਚਾਰ ਆਦਿ। ਉਹਨਾਂ ਨੇ ਇਸਤਰੀਆਂ ਨੂੰ ਵੀ ਪ੍ਰਚਾਰਕ ਨਿਯੁਕਤ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਨੂੰ ਦੂਰ ਕੀਤਾ।

ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜੋ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਉਹਨਾਂ ਨੇ ਜਨਮ, ਮਰਨ ਸਮੇਂ ਦੀਆਂ ਫਾਲਤੂ ਰਹੁ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਆਦਾ ਚਲਾਈ। ਗੁਰੂ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ।

ਗੁਰੂ ਨਾਨਕ ਸਾਹਿਬ ਨੇ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਸੀ, ਇਸਦੀ ਵਿਚਾਰਧਾਰਾ ਅਤੇ ਨਿਸ਼ਾਨੇ ਨਿਸ਼ਚਿਤ ਕੀਤੇ। ਅੱਗੇ ਨਿਰੰਤਰ ਗੁਰੂਆਂ ਨੇ ਇਸਨੂੰ ਜਥੇਬੰਦ ਕੀਤਾ, ਵਧਾਇਆ ਅਤੇ ਥਿੜਕਣ ਤੋਂ ਬਚਾਇਆ। ਉਹਨਾਂ ਦੀ ਹਦਾਇਤ ਤੇ ਚਲਦੇ ਹੋਏ ਗੁਰੂ ਜੀ ਨੇ ਸਮਾਜ ਨੂੰ ਗੁਰੂ ਸ਼ਬਦ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵੱਲੋਂ ਇਕੱਤਰ ਕੀਤੀ ਜਾ ਰਹੀ ਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਵੀ ਪਾਇਆ, ਜਿਸਦੇ ਤਹਿਤ 907 ਸ਼ਬਦ 19 ਰਾਗਾਂ ਵਿਚ ਦਰਜ ਕੀਤੇ। ਗੁਰੂ ਅਮਰਦਾਸ ਜੀ ਨੇ 1 ਸਤੰਬਰ 1674 ਨੂੰ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਅਤੇ 95 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

## ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਈ 'ਤੇ ਵਿਸ਼ੇਸ਼

# ਗੁਰਦੁਆਰਾ ਦਾਤਾ ਬੰਦੀ ਛੋੜ: ਇਤਿਹਾਸਕ ਪਰਿਪੇਖ

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਬਚਪਨ ਤੋਂ ਹੀ ਗੁਰੂ ਘਰ ਦੇ ਦੋਖੀਆਂ ਦੀਆਂ ਗਤੀਵਿਧੀਆਂ ਦਾ ਸਾਹਮਣਾ ਕਰਨਾ ਪਿਆ । ਇਸ ਦੌਰਾਨ ਉਨ੍ਹਾਂ ਦੇ ਤਾਇਆ, ਪ੍ਰਿਥੀਚੰਦ ਅਤੇ ਤਾਈ ਕਰਮੋ ਨੇ ਉਨ੍ਹਾਂ ਨੂੰ ਸਰੀਰਕ ਤੌਰ ਤੇ ਮਾਰ ਦੇਣ ਦੀਆਂ ਚਾਰ ਗੋਂਦਾਂ ਗੁੰਦੀਆਂ ਪਰ ਹਰ ਵਾਰ ਅਸਫਲਤਾ ਅਤੇ ਬਦਨਾਮੀ ਹੀ ਮਿਲੀ । ਗੁਰੂ ਜੀ ਅਜੇ 11 ਸਾਲ ਦੇ ਹੀ ਸਨ ਕਿ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਬਾਦਸ਼ਾਹ ਨੇ ਤਸੀਹੇ ਦਿਵਾ ਕੇ ਸ਼ਹੀਦ ਕਰਵਾ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਸੰਗਤਾਂ ਨੂੰ ਹੁਕਮ ਜਾਰੀ ਕੀਤੇ ਕਿ ਅੱਜ ਤੋਂ ਬਾਅਦ ਗੁਰੂ ਘਰ ਨੂੰ ਦਿੱਤੀ ਭੇਟਾ ਵਿਚ ਚੰਗੇ ਹਥਿਆਰ, ਚੰਗੇ ਘੋੜੇ ਅਤੇ ਨੌਜਵਾਨ ਸ਼ਾਮਿਲ ਕੀਤੇ ਜਾਣ । ਇਸ ਵਾਸਤੇ ਸਿੱਖਾਂ ਨੂੰ ਵਰਜ਼ਿਸ਼, ਕੁਸ਼ਤੀਆਂ ਅਤੇ ਘੋੜ ਸਵਾਰੀ ਕਰਨ ਦੇ ਨਾਲ-ਨਾਲ ਗਤਕਾ ਖੇਡਣ ਦੀ ਹਦਾਇਤ ਕੀਤੀ ਗਈ । ਗੁਰੂ ਸਾਹਿਬ ਨੇ ਸਿੱਖਾਂ ਨੂੰ ਅਕਾਲ ਪੁਰਖ ਉੱਤੇ ਭਰੋਸਾ ਰੱਖਦੇ ਹੋਏ ਜ਼ੁਲਮ ਦਾ ਟਾਕਰਾ ਕਰਨ ਦਾ ਉਪਦੇਸ਼ ਦਿੱਤਾ । ਇਸ ਤਰ੍ਹਾਂ ਸਿੱਖ ਫੌਜ ਦੀ ਨੀਂਹ ਰੱਖੀ ਗਈ।

ਬਾਦਸ਼ਾਹ ਕੰਨਾਂ ਦਾ ਬਹੁਤ ਕੱਚਾ ਸੀ । ਉਹ ਗੁਰੂ ਘਰ ਦੇ ਵਿਰੋਧੀਆਂ ਦੀਆਂ ਗੱਲਾਂ ਵਿੱਚ ਆ ਗਿਆ । ਉਸਨੇ ਗੁਰੂ ਜੀ ਨੂੰ ਵਾਰਤਾਲਾਪ ਵਾਸਤੇ ਦਿੱਲੀ ਬੁਲਾਇਆ ਅਤੇ ਗੱਲ ਬਾਤ ਕੀਤੀ। ਇਕ ਦਿਨ ਜਹਾਂਗੀਰ ਬਾਦਸ਼ਾਹ ਸ਼ਿਕਾਰ ਖੇਡਣ ਦੌਰਾਨ ਗੁਰੂ ਜੀ ਨੂੰ ਆਪਣੇ ਨਾਲ ਲੈ ਗਿਆ । ਰਸਤੇ ਵਿਚ ਤਾਕ ਲਗਾ ਕੇ ਬੈਠਾ ਇੱਕ ਸ਼ੇਰ ਅਚਾਨਕ ਬਾਦਸ਼ਾਹ ਦੇ ਉੱਤੇ ਟੁੱਟ ਪਿਆ। ਗੁਰੂ ਜੀ ਨੇ ਸ਼ੇਰ ਨੂੰ ਤੁਰੰਤ ਆਪਣੀ ਢਾਲ ਤੇ ਰੋਕਿਦਿਆਂ ਤਲਵਾਰ ਦੇ ਇਕੋ ਵਾਰ ਨਾਲ ਮਾਰ ਦਿੱਤਾ । ਬਾਦਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਕੀਤਾ।

ਪਰੰਤੂ ਬਾਅਦ ਵਿੱਚ ਬਾਦਸ਼ਾਹ ਨੇ ਸੋਚਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਾਹਦਤ ਨੇ ਸਿੱਖਾਂ ਨੂੰ ਭੈ-ਭੀਤ ਨਹੀਂ ਕੀਤਾ ਸਗੋਂ ਵਧੇਰੇ ਤਾਕਤਵਰ ਅਤੇ ਨਿਡਰ ਬਣਾ ਦਿੱਤਾ ਹੈ। ਸੋ, ਉਸਨੇ ਸਿੱਖਾਂ ਦੀ ਤਾਕਤ ਨੂੰ ਦਬਾਉਣ ਲਈ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਜਹਾਂਗੀਰ ਬਾਦਸ਼ਾਹ 1612 ਈ. ਵਿਚ ਬੀਮਾਰ

ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਗੁਰੂ ਅਰਜਨ ਦੇਵ ਜੀ ਵੀ ਪੂਰੇ ਬ੍ਰਹਮ ਗਿਆਨੀ ਸਨ, ਜਿਨ੍ਹਾਂ ਨੂੰ ਤੁਹਾਡੀ ਭੈੜੀ ਨੀਤੀ ਨੇ ਤਸੀਹੇ ਦੇ ਕੇ ਸ਼ਹੀਦ ਕਰਵਾ ਦਿੱਤਾ ।ਜਹਾਂਗੀਰ ਨੇ ਪਛਤਾਵਾ ਕਰਦਿਆ ਪੁੱਛਿਆ ਕਿ ਉਸਨੂੰ ਪਹਿਲਾਂ ਕਿਉਂ ਨਹੀਂ ਦੱਸਿਆ ਗਿਆ? ਹਜ਼ਰਤ ਮੀਆਂ ਮੀਰ ਦਾ ਉੱਤਰ ਸੀ, ਉਤੂੰ ਉਸ ਵੇਲੇ ਸੁਣਦਾ ਕਦੋਂ ਸੀ'' ਨੂਰਜਹਾਨ ਤੇ ਇੰਨ੍ਹਾਂ ਗੱਲਾਂ ਦਾ ਡੂੰਘਾ ਅਸਰ ਹੋਇਆ ਅਤੇ ਉਸਨੇ ਜਹਾਂਗੀਰ ਨੂੰ ਕਿਹਾ ਸਿੱਖਾ ਦੇ ਗੁਰੂ ਨੂੰ ਕੈਦ ਵਿਚ ਰੱਖਣਾ ਠੀਕ ਨਹੀਂ ਹੈ। ਤੈਨੂੰ ਇਸ ਗੁਨਾਹ ਦੀ ਮਾਰ ਤੋਂ ਕੋਮ ਵੀ ਨਹੀਂ ਬਚਾ ਸਕਦੀ। ਇਸ ਵਾਰਤਾ ਦੇ ਫਲਸਰੂਪ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ।

ਗੁਰੂ ਜੀ ਲਗਭਗ 2 ਸਾਲ 3 ਮਹੀਨੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਰਹੇ ।ਬੰਦੀਆਂ ਨਾਲ ਰਹਿੰਦਿਆਂ ਆਪ ਜੀ ਨੇ ਸਦੀਆਂ ਤੋਂ ਦੱਬੇ ਅਤੇ ਗੁਲਾਮੀ ਵਿਚ ਜੀਉਣ ਵਾਲੇ ਲੋਕਾਂ ਲਈ ਅਜ਼ਾਦੀ ਦੀ ਮਸ਼ਾਲ ਜਗਾਈ ਅਤੇ ਕਿਲ੍ਹੇ ਅੰਦਰ ਕੈਦ ਦਾ ਸੰਤਾਪ ਭੁਗਤ ਰਹੇ ਰਾਜੇ ਗੁਰੂ ਜੀ ਦੇ ਸ਼ਰਧਾਲੂ ਬਣ ਚੁੱਕੇ ਸਨ



ਅੰਗਰੇਜ਼ ਸਿੰਘ ਹੁੰਦਲ
91-98767-85672

ਕਿਲ੍ਹੇ ਤੋਂ ਬਾਹਰ ਆਉਂਦੇ ਸਮੇਂ ਰਾਜਿਆਂ ਨੇ ਜੈ ਦਾਤਾ ਬੰਦੀ ਛੋੜ ਦੇ ਜੈਕਾਰੇ ਲਗਾਏ। ਉਸੇ ਦਿਨ ਤੋਂ ਹੀ ਗੁਰੂ ਜੀ ਨੂੰ ਦਾਤਾ ਬੰਦੀ ਛੋੜ ਕਿਹਾ ਜਾਂਦਾ ਹੈ।

ਉਸੇ ਸਮੇਂ ਤੋਂ ਹੀ ਸੰਗਤਾਂ ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਵਿਚ ਪ੍ਰੰਮਪਰਾ ਗੱਤ ਚੱਲੀ ਆ ਰਹੀ ਅੱਸੂ ਦੀ ਮੱਸਿਆ ਮਨਾਉਂਦੀਆਂ ਹਨ। ਇਤਿਹਾਸਕ ਸਥਾਨ ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ ਵਿਖੇ ਬਾਬਾ ਉੱਤਮ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ





ਉਪਰੰਤ 1609 ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਲੋਹਗੜ੍ਹ ਕਿਲ੍ਹਾ ਵੀ ਉਸਾਰੇ ਗਏ।

ਚੰਦੂ ਮਿਹਰਬਾਨ ਅਤੇ ਹੋਰ ਗੁਰੂ ਵਿਰੋਧੀ ਅਨਸਰਾਂ ਨੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਿਸ਼ਾਨ ਸਾਹਿਬ ਬਣਾ ਲਿਆ ਹੈ, ਨਗਾਰਾ ਵਜਾਉਂਦੇ ਹਨ, ਤਖਤ ਤੇ ਬੈਠ ਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਦੇ ਹਨ ਅਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਂਦੇ ਹਨ ਪਰ ਅਸਲ ਵਿੱਚ ਗੁਰੂ ਦਾ ਮਨਸ਼ਾ ਆਪਣੇ ਪਿਤਾ ਦੀ ਸ਼ਹਾਦਤ ਦਾ ਬਦਲਾ ਲੈਣਾ ਹੈ।

ਹੋ ਗਿਆ।

ਜਦੋਂ ਹਕੀਮਾਂ, ਆਦਿ ਦੇ ਇਲਾਜ ਤੋਂ ਠੀਕ ਨਾ ਹੋਇਆ ਤਾਂ ਨੂਰਜਹਾਨ ਹਜ਼ਰਤ ਨਿਜ਼ਾਮੁੱਦੀਨ ਔਲੀਆ ਪਾਸ ਲੈ ਕੇ ਗਈ, ਜਿਥੇ ਸਾਈਂ ਮੀਆਂ ਮੀਰ ਅਤੇ ਫਖਰੁੱਦੀਨ ਵੀ ਬੈਠੇ ਸਨ। ਉਥੇ ਹੋ ਰਹੀਂ ਗੱਲ ਬਾਤ ਵਿਚ ਜਹਾਂਗੀਰ ਨੇ ਪੁੱਛਿਆ ਕਿ ਕੋਈ ਐਸਾ ਆਦਮੀ ਵੀ ਹੈ ਜਿਸਨੂੰ ਪੂਰਾ ਬ੍ਰਹਮ ਗਿਆਨ ਪ੍ਰਾਪਤ ਹੈ ? ਸਾਈਂ ਮੀਆਂ ਮੀਰ ਨੇ ਜਵਾਬ ਦਿੱਤਾ ਉਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ, ਜਿਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਦੇ ਕੈਦ ਕੀਤਾ ਹੋਇਆ ਹੈ।

।ਪਰੰਤੂ ਗੁਰੂ ਜੀ ਆਖਿਆ ਜਿੰਨ੍ਹਾਂ ਚਿਰ ਉਨ੍ਹਾਂ ਦੇ ਨਾਲ ਕਿਲ੍ਹੇ ਵਿੱਚ ਨਜ਼ਰਬੰਦ 52 ਰਾਜੇ ਅਤੇ ਹੋਰ ਰਾਜਸੀ ਕੈਦੀ ਜੋ ਰਿਹਾ ਨਹੀਂ ਕੀਤੇ ਜਾਂਦੇ । ਉਹ ਕਿਲ੍ਹੇ 'ਚੋ ਬਾਹਰ ਨਹੀਂ ਆਉਣਗੇ । ਬਾਦਸ਼ਾਹ ਨੇ ਆਖਿਆ ਕਿ ਜਿਹੜੇ ਗੁਰੂ ਦੀ ਕੰਨੀ ਜਾਂ ਹੱਥ ਫੜ੍ਹ ਕੇ ਆ ਜਾਣ ਉਨ੍ਹਾਂ ਨੂੰ ਰਿਹਾ ਕੀਤਾ ਜਾਵੇ । ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਸਿਲਵਾਇਆ । ਪ੍ਰਿੰਸੀਪਲ ਸਤਿਬੀਰ ਸਿੰਘ ਆਪਣੀ ਰਚਨਾ ਵਿੱਚ ਲਿਖਦੇ ਹਨ ਕਿ 1612 ਈ. ਗੁਰੂ ਸਾਹਿਬ ਦੀ ਰਿਹਾਈ ਹੋਈ । ਗੁਰੂ ਜੀ ਦੇ ਨਾਲ 52 ਰਾਜੇ ਚੋਲੇ ਦੀਆਂ ਕਲੀਆਂ ਅਤੇ ਦੋਵੇਂ ਹੱਥ ਫੜ ਕੇ ਬਾਹਰ ਆ ਗਏ ।

ਵਾਲਿਆਂ ਵੱਲੋਂ ਬਹੁਤ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਾਇਆ ਗਿਆ।

ਅੱਜ ਕੱਲ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਵਾਲੇ ਸੇਵਾ ਕਰਵਾ ਰਹੇ ਹਨ । ਇਸ ਅਸਥਾਨ ਤੇ ਗੁਰੂ ਜੀ ਦੀ ਰਿਹਾਈ ਵਾਲੀ ਅੱਸੂ ਦੀ ਮੱਸਿਆ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਂਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਤੋਂ ਨਗਰ ਕੀਰਤਨ ਕਰਦੇ ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਪੜਾਅ ਕਰਦੇ ਹੋਏ ਮਹੀਨੇ ਬਾਅਦ ਕੱਤਕ ਦੀ ਮੱਸਿਆ ਵਾਲੇ ਦਿਨ ਅੰਮ੍ਰਿਤਸਰ ਪੁੱਜੇ ਸਨ।

# ਡੇਰਾ ਕਾਂਡ 'ਤੇ ਵਿਚਾਰ-ਚਰਚਾ



ਦਰਸ਼ਨ ਸਿੰਘ ਬਾਜਵਾ
91-98783-83053

ਸਿਰਸੇ ਦੇ ਡੇਰਾ ਮੁਖੀ ਨੂੰ ਸਜਾ ਦਾ ਐਲਾਨ ਹੋਣ ਪਿੱਛੋਂ ਜੇਲ੍ਹ ਭੇਜੇ ਜਾਣ ਤੋਂ ਬਾਅਦ ਡੇਰਾ ਪ੍ਰੇਮੀ ਚੁੱਪ ਹਨ ਪਰ ਦੂਸਰੀਆਂ ਧਿਰਾਂ ਵੱਲੋਂ ਕਈ ਤਰ੍ਹਾਂ ਦੀ ਪ੍ਰਤੀਕਿਰਿਆ ਸੁਣਨ ਨੂੰ ਮਿਲ ਰਹੀ ਹੈ। ਕਈ ਡੇਰਾ ਮੁਖੀ ਨੂੰ ਸਜਾ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ। ਕਈ ਡੇਰਾ ਪ੍ਰੇਮੀਆਂ ਨੂੰ ਮਖੌਲ ਕਰ ਰਹੇ ਹਨ। ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਨੇ ਪ੍ਰੇਮੀਆਂ ਨੂੰ "ਘਰ ਵਾਪਸੀ" ਕਰਨ ਦਾ ਸੰਦੇਸ਼ ਦਿੱਤਾ ਹੈ। ਭਾਵੇਂ ਕਿ ਬਾਦਲ ਪਰਿਵਾਰ ਦੀ ਤਾਬੇਦਾਰੀ ਕਰਨ ਸਦਕਾ ਜਥੇਦਾਰ ਦੀ ਭਰੋਸੇਯੋਗਤਾ ਆਮ ਸਿੱਖਾਂ ਵਿੱਚ ਬਹੁਤੀ ਨਹੀਂ ਰਹੀ ਪਰ ਫਿਰ ਵੀ ਉਹਨਾਂ ਵੱਲੋਂ ਦਿੱਤਾ ਗਿਆ ਇਹ ਬਿਆਨ ਸ਼ਲਾਘਾਯੋਗ ਕਦਮ ਹੈ। ਦੁਖੀ ਹੋਇਆ ਜਾਂ ਨਿਰਾਸ਼ ਹੋਇਆ ਵਿਅਕਤੀ ਕਿਤੇ ਵੀ ਆਸਰਾ ਭਾਲ਼ਦਾ ਹੈ। ਜਿੱਧਰੋਂ ਵੀ ਉਸ ਨੂੰ ਪਿਆਰ ਮਿਲਦਾ ਦਿਖੇ ਉੱਧਰ ਨੂੰ ਹੀ ਉਸ ਦੀਆਂ ਭਾਵਨਾਵਾਂ ਵਹਿ ਜਾਂਦੀਆਂ ਹਨ। ਡੇਰੇ ਦੇ ਲੜ ਲੱਗੇ ਇਹ ਪ੍ਰੇਮੀ ਵੀ ਇਸੇ ਤਰ੍ਹਾਂ ਹੀ ਗਏ ਹਨ। ਇਹਨਾਂ ਨੂੰ ਪਿਆਰ ਨਾਲ ਹੀ ਘਰ ਵਾਪਸੀ ਕਰਵਾਈ ਜਾ ਸਕਦੀ ਹੈ। ਮਿਹਣੇ ਮਾਰਨ ਨਾਲ ਉਹ ਸਗੋਂ ਹੋਰ ਦੂਰ ਹੋਣਗੇ। ਜੇਕਰ ਡੇਰਾ ਬੰਦ ਵੀ ਕਰ ਦਿੱਤਾ ਜਾਵੇ ਤਾਂ ਵੀ ਇਹਨਾਂ ਲੋਕਾਂ ਨੇ ਸਿੱਖ ਧਰਮ ਵਿੱਚ ਵਾਪਸ ਨਹੀਂ ਮੁੜਨਾ। ਪਰ ਨਾਲ ਹੀ ਇਹ ਸਵਾਲ ਵੀ ਮੂੰਹ ਅੱਡੀ ਖੜ੍ਹਾ ਦਿਖ ਰਿਹਾ ਹੈ ਕਿ ਸਿੱਖ ਧਰਮ ਵਿੱਚ ਸਿੱਖ ਸਮਾਜ ਉਹਨਾਂ ਨਾਲ ਕਿਹੋ ਜਿਹਾ ਸਲੂਕ ਕਰੇਗਾ ? ਕੀ ਸਿੱਖ ਸਮਾਜ ਵਿੱਚ ਸਭ ਕੁੱਝ ਠੀਕ ਠਾਕ ਹੈ ? ਜੇ ਸਭ ਕੁੱਝ ਠੀਕ ਠਾਕ ਹੁੰਦਾ ਤਾਂ ਇਹ ਲੋਕ ਸਿੱਖ ਧਰਮ ਨੂੰ ਛੱਡ ਕੇ ਜਾਂਦੇ ਹੀ ਕਿਉਂ ? ਸਿੱਖ ਧਰਮ ਦੇ ਇਹ ਲੋਕ ਵਾਰਿਸ ਸਨ। ਧਰਮ ਦੇ ਅਸਲੀ ਮਾਲਕ। ਭਲਾ ਕੋਈ ਘਰ ਦਾ ਮਾਲਕ ਵੀ ਇਉਂ ਘਰ ਨੂੰ ਛੱਡ ਕੇ ਚਾਬੀਆਂ ਬਿਗਾਨੇ ਹੱਥ ਫੜਾ ਕੇ ਖਾਲੀ ਹੱਥ ਕਿਤੇ ਹੋਰ ਟਿਕਾਣਾ ਭਾਲਣ ਲਈ ਜਾਂਦਾ ਹੈ ? ਪਰ ਇਹ ਸਾਡੇ ਸਾਹਮਣੇ ਵਾਪਰਿਆ ਸੱਚ ਹੈ ਕਿ ਤੁਰ ਗਏ ਹੱਥ ਝਾੜ ਕੇ ਖਾਲੀ ਹੱਥ ਵਪਾਰੀ ...।

ਡੇਰੇ ਜਾਣ ਵਾਲਿਆਂ ਨੂੰ ਕੋਈ ਮੂਰਖ ਕਹਿ ਸਕਦਾ ਹੈ ਜਾਂ ਕੋਈ ਬੇਸਮਝ ਕਹਿ ਸਕਦਾ ਹੈ ਜਾਂ ਕੋਈ ਲਾਈਲੱਗ ਕਹਿ ਸਕਦਾ ਹੈ। ਇਹ ਗੱਲਾਂ ਕੋਈ ਵਿਅਕਤੀ ਉਹਨਾਂ ਦੇ ਮੂੰਹ 'ਤੇ ਵੀ ਕਹਿ ਸਕਦਾ ਹੈ। ਅੱਜ ਉਹ ਇਸ ਹਾਲਤ ਵਿੱਚ ਹਨ ਕਿ ਕੋਈ ਬੋਲੇਗਾ ਨਹੀਂ। ਪਰ ਤੁਸੀਂ ਸਿੱਖ ਧਰਮ ਦਾ ਇਤਿਹਾਸ ਪੜ੍ਹ ਕੇ ਦੇਖ ਲਓ ਜਾਂ ਡੇਰੇ ਦਾ ਕੁੱਝ ਸਮੇਂ ਦਾ ਇਤਿਹਾਸ ਪੜ੍ਹ ਕੇ ਵੇਖ ਲਓ। ਜਿਹੜੇ ਵਰਗ ਨੇ ਸਿੱਖ ਧਰਮ ਦੀ ਕਾਇਮੀ ਲਈ ਕੁਰਬਾਨੀਆਂ ਕੀਤੀਆਂ ਸਨ ਅੱਜ ਉਹੀ ਲੋਕ ਡੇਰੇ ਦੇ ਮਗਰ ਡਟੇ ਖੜੋਤੇ ਹਨ। ਇਹ ਪਹਿਲੀ ਵਾਰ ਵਾਪਰਿਆ ਸੀ ਕਿ ਸਿੱਖਾਂ ਦਾ ਮੁਕਾਬਲਾ ਕਰਨ ਵਾਲੀ ਕੋਈ ਧਿਰ ਪੰਜਾਬ ਵਿੱਚ ਖੜ੍ਹੀ ਦਿਖ ਰਹੀ ਸੀ। ਇਹਨਾਂ ਵਿੱਚ ਸਭ ਦੇ ਸਭ ਹੇਠਲੇ ਵਰਗ ਦੇ ਸਨ। ਸਿੱਧਾ ਕਹੀਏ ਚੂੜ੍ਹੇ ਚਮਾਰ ਜਾਂ ਹੋਰ ਨਿੱਕੀਆਂ ਸੁੱਕੀਆਂ ਕਹੀਆਂ ਜਾਣ ਵਾਲੀਆਂ ਜਾਤਾਂ। ਪਰਸੋਂ 29 ਅਗਸਤ ਦੀ ਹੀ ਖਬਰ ਸੀ ਕਿ ਸਿੱਖ ਦੀ ਕੁੱਟਮਾਰ ਦੇ ਮਾਮਲੇ ਵਿੱਚ ਬਠਿੰਡਾ ਪੁਲਿਸ ਵੱਲੋਂ 10 ਸਾਲ ਬਾਅਦ ਕਥਿਤ ਦੋਸ਼ੀ ਆਦਿੱਤਿਆ ਇੰਸਾ ਸਮੇਤ ਵੱਡੇ ਪ੍ਰੇਮੀ ਬਰੀ ਕਰ ਦਿੱਤੇ ਗਏ। ਕਿਸੇ ਸਿੱਖ ਨੂੰ ਕੁੱਟ ਮਾਰ ਕਰਨ ਦੀ ਇਹਨਾਂ ਵਿੱਚ ਹਿੰਮਤ ਕਿੱਥੋਂ ਆ ਗਈ ? ਇਸਦਾ ਮਤਲਬ ਇਹ ਕਦੇ ਨਹੀਂ ਲਿਆ ਜਾਣਾ ਚਾਹੀਦਾ ਕਿ ਉਹ ਗੁੰਮਰਾਹ ਹੋ ਗਏ ਜਾਂ ਫਿਰ ਉਹਨਾਂ ਨੂੰ ਸ਼ਾਸਨ ਪ੍ਰਸ਼ਾਸਨ ਦੀ ਹਮਾਇਤ ਸੀ। ਇਸਦਾ ਸਿੱਧਾ ਜਿਹਾ ਮਤਲਬ ਇਹ ਨਿੱਕਲਦਾ ਹੈ ਕਿ ਇਹ ਲੋਕ ਸਿੱਖ ਸਮਾਜ 'ਤੇ ਕਾਬਜ਼ ਧਿਰ ਦੀਆਂ ਵਧੀਕੀਆਂ ਦਾ ਸ਼ਿਕਾਰ ਰਹੇ ਹਨ ਅਤੇ ਉਨ੍ਹਾਂ ਤੋਂ ਬੇਹੱਦ ਦੁਖੀ ਹੋ ਕੇ ਆਪਣਾ ਘਰ ਭਾਵ ਸਿੱਖ ਧਰਮ ਛੱਡ ਕੇ ਜਾਣ ਲਈ ਮਜਬੂਰ ਹੋਏ ਹਨ। ਹੁਣ ਸਿੱਖਾਂ ਨਾਲ ਇਹਨਾਂ ਨੂੰ ਇੰਨੀ ਚਿੜ੍ਹ ਹੋ ਗਈ ਲੱਗਦੀ ਹੈ ਕਿ ਇਹ ਡਾਂਗ ਸੋਟਾ ਚਲਾਉਣ ਅਤੇ ਖਾਣ ਲਈ ਵੀ ਤਿਆਰ ਹੋ ਗਏ ਹਨ।

ਮੇਰੇ ਇੱਕ ਦੋਸਤ ਨੇ ਮੈਨੂੰ 25 ਅਗਸਤ ਦੇ ਫੈਸਲੇ ਸਮੇਂ ਦੀ ਪੰਚਕੂਲੇ ਦੀ ਇੱਕ ਵੀਡੀਓ ਦਿਖਾਈ ਜਿਸ ਵਿੱਚ ਪੁਲਿਸ ਮੁਲਾਜ਼ਮ ਡੇਰਾ ਪ੍ਰੇਮੀਆਂ ਨੂੰ ਡੰਡਿਆਂ ਨਾਲ ਬੁਰੀ ਤਰ੍ਹਾਂ ਕੁੱਟ ਰਹੇ ਸਨ। ਕੁੱਟ ਖਾ ਰਹੇ ਲੋਕਾਂ ਵਿੱਚ ਬੱਚਿਆਂ ਸਮੇਤ ਅਧਖੜ ਔਰਤਾਂ ਅਤੇ ਨੌਜਵਾਨ ਬੀਬੀਆਂ ਵੀ ਸਨ। ਵੀਡੀਓ ਦਿਖਾਉਣ ਵਾਲਾ ਬੰਦਾ ਹੱਸ ਰਿਹਾ ਸੀ ਪਰ ਮੈਂ ਇਸਦੇ ਅਗਲੇ ਪਾਰ ਜਾ ਕੇ ਦੇਖਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕੁੱਟ ਖਾਣ ਵਾਲੇ ਸਭ ਮੇਰੇ ਹੀ ਵੀਰ ਬਜੁਰਗ ਤੇ ਧੀਆਂ ਭੈਣਾਂ ਮਾਵਾਂ ਸਨ। ਇਹ ਸਾਰੇ ਤਾਂ ਗੜਬੜ ਕਰਨ ਵਾਲੇ ਨਹੀਂ ਸਨ। ਹੋ ਸਕਦਾ ਹੈ ਕਿ ਗੜਬੜ ਕਰਨ ਵਾਲੇ ਆਪਣਾ ਬਚਾਅ ਕਰ ਗਏ ਹੋਣ ਅਤੇ ਡਾਂਗਾਂ ਇਹਨਾਂ ਦੇ ਪੈ ਗਈਆਂ ਹੋਣ। ਜੇਕਰ ਡੇਰਾ ਮੁਖੀ ਬਰੀ ਹੋ ਜਾਂਦਾ ਤਾਂ ਇਹਨਾਂ ਨੂੰ ਤਾਂ ਕੁੱਝ ਨਹੀਂ ਸੀ ਮਿਲਣ ਵਾਲਾ। ਪਰ ਇਹ ਡਾਂਗਾਂ ਖਾ ਰਹੇ ਸਨ। ਇਹ ਕਿਸੇ ਲਈ ਮਰ ਮਿਟਣ ਦਾ ਜਜਬਾ ਹੁੰਦਾ ਹੈ। ਜਿਸਨੇ ਥੋੜ੍ਹਾ ਜਿਹਾ ਵੀ ਸਤਿਕਾਰ ਦਿੱਤਾ ਇਹ ਲੋਕ ਉਸ ਲਈ ਹੀ ਡਾਂਗਾਂ ਖਾਣ ਨੂੰ ਤਿਆਰ ਹੋ ਗਏ।

ਅਗਲੀ ਗੱਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਵੱਲੋਂ ਘਰ ਵਾਪਸੀ ਕਰਨ ਦੀ ਹੈ। ਉਹਨਾਂ ਦੀ ਗੱਲ ਦਰੁਸਤ ਹੈ ਪਰ ਇਹ ਮਾਮਲਾ ਇੰਨਾ ਅਸਾਨ ਨਹੀਂ ਕਿ ਜਥੇਦਾਰ ਨੇ ਅਪੀਲ ਕਰ ਦਿੱਤੀ ਅਤੇ ਉਹ ਚੁੱਪ ਕਰਕੇ ਘਰ ਵਾਪਸੀ ਕਰ ਲੈਣਗੇ। ਪਹਿਲਾਂ ਸਿੱਖ ਸਮਾਜ ਨੂੰ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨਾ ਪਵੇਗਾ। ਜੇ ਸਿੱਖ ਸਮਾਜ ਦੀ ਦਸ਼ਾ ਠੀਕ ਹੁੰਦੀ ਤਾਂ ਇਹ ਲੋਕ ਘਰ ਛੱਡ ਕੇ ਜਾਂਦੇ ਹੀ ਕਿਉਂ। ਹੁਣ ਵੀ ਮਾਹੌਲ ਸਾਵਾਂ ਨਹੀਂ ਹੋ ਸਕਿਆ।

ਅੱਜ ਵੀ ਸਿੱਖ ਸਮਾਜ ਪੂਰਾ ਜਾਤੀਵਾਦੀ ਹੈ। ਜਿਹੜੇ ਲੋਕ ਹੇਠਲੇ ਵਰਗ ਦੇ ਲੋਕਾਂ 'ਤੇ ਅੱਤਿਆਚਾਰ ਕਰਨ ਵਿੱਚ ਮਾਣ ਮਹਿਸੂਸ ਕਰਦੇ ਹਨ, ਕੁੱਝ ਮਾਮਲਿਆਂ ਨੂੰ ਛੱਡ ਕੇ ਸਿੱਖ ਸਮਾਜ ਅਕਸਰ ਉਹਨਾਂ ਅੱਤਿਆਚਾਰੀਆਂ ਨਾਲ ਹੀ ਖੜ੍ਹਾ ਦਿਖਦਾ ਹੈ। ਜਦੋਂ ਅਬੋਹਰ ਵਿੱਚ ਭੀਮ ਟਾਂਕ ਨਾਂਅ ਦੇ ਦਲਿਤ ਦੀਆਂ ਲੱਤਾਂ ਬਾਹਾਂ ਇਲੈਕਟ੍ਰਿਕ ਆਰੀ ਨਾਲ ਚੀਰ ਦਿੱਤੀਆਂ ਗਈਆਂ ਸਨ ਤਾਂ ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲੀ ਦਲ ਦੇ ਵੱਡੇ ਆਗੂ ਦੋਸ਼ੀ ਦੀ ਗਿਰਫਤਾਰੀ ਵਿਰੁੱਧ ਸੜਕਾਂ 'ਤੇ ਧਰਨੇ ਲਗਾ ਰਹੇ ਸਨ। ਜਦੋਂ ਫਿਰ ਵੀ ਕਾਨੂੰਨ ਦੇ ਡੰਡੇ ਨੇ ਉਸਨੂੰ ਜੇਲ੍ਹ ਭੇਜ ਦਿੱਤਾ ਤਾਂ ਅਖੌਤੀ ਜਥੇਦਾਰ ਉਸਦੀਆਂ ਮੁਲਾਕਾਤਾਂ ਕਰਨ ਜੇਲ੍ਹ ਵਿੱਚ ਜਾਂਦੇ ਰਹੇ। ਇਹਨਾਂ 'ਤੇ ਕੇਸ ਦਰਜ ਵੀ ਹੋਏ। ਇਹ ਸਿਰਫ ਇੱਕ ਉਦਾਹਰਣ ਹੈ। ਪੰਜਾਬ ਵਿੱਚ ਬਲਾਤਕਾਰ ਦਾ ਸ਼ਿਕਾਰ ਬਣਨ ਵਾਲੀਆਂ 95 ਫੀਸਦੀ ਔਰਤਾਂ ਹੇਠਲੇ ਵਰਗ ਦੀਆਂ ਹੁੰਦੀਆਂ ਹਨ ਅਤੇ ਬਲਾਤਕਾਰੀ ਅਕਸਰ ਉੱਚ ਮੰਨੀਆਂ ਜਾਂਦੀਆਂ ਜਾਤੀਆਂ ਦੇ ਹੁੰਦੇ ਹਨ ਅਤੇ ਬਹੁਤੇ ਸਿੱਖ ਸਮਾਜ ਨਾਲ ਸਬੰਧਤ ਹੁੰਦੇ ਹਨ। ਇਹ ਸੱਚ ਹੈ ਕਿ ਗੁਰੂ ਸਾਹਿਬਾਨ ਬਰਾਬਰੀ ਦਾ ਸਮਾਜ ਸਿਰਜਣਾ ਚਾਹੁੰਦੇ ਸਨ।

ਪਰ ਇਹ ਵੀ ਸੱਚ ਹੈ ਕਿ ਸਿੱਖ ਸਮਾਜ ਵੀ ਉਸ ਤਰ੍ਹਾਂ ਹੀ ਜਾਤਪਾਤ ਨੂੰ ਮੰਨਦਾ ਹੈ ਜਿਵੇਂ ਹਿੰਦੂ ਸਮਾਜ ਮੰਨਦਾ ਹੈ। ਕੁੱਝ ਲੋਕ ਸਿੱਖ ਧਰਮ ਵਿੱਚ ਸੁਧਾਰ ਲਿਆਉਣਾ ਚਾਹੁੰਦੇ ਹਨ। ਉਹ ਗਲਤੀਆਂ ਕਰਨ ਵਾਲੇ ਸਿੱਖਾਂ ਨੂੰ ਸਜਾਵਾਂ ਦਿੰਦੇ ਹਨ। ਪਰ ਅੱਜ ਤੱਕ ਉਹਨਾਂ ਨੇ ਜੋ ਵੀ ਲੋਕ ਦੋਸ਼ੀ ਕਰਾਰ ਦੇ ਕੇ ਉਹਨਾਂ ਦੀ ਕੁੱਟਮਾਰ ਕੀਤੀ ਹੈ ਉਹ ਸਭ ਕੁੱਟਮਾਰ ਹੇਠਲੇ ਵਰਗ ਦੇ ਗਰੀਬ ਲੋਕਾਂ ਦੇ ਹਿੱਸੇ ਹੀ ਆਈ ਹੈ। ਕਿਸੇ ਵੱਡੇ ਗੁਨਾਹਗਾਰ ਨੂੰ ਸਜਾ ਦੇਣ ਦੀ ਉਹ ਹਿੰਮਤ ਨਹੀਂ ਕਰ ਸਕੇ। ਵੱਡੇ ਦੋਸ਼ੀ ਅੱਜ ਵੀ ਖੁੱਲ੍ਹੇਆਮ ਆਜਾਦ ਘੁੰਮ ਰਹੇ ਹਨ।

ਮੇਰੇ ਵੱਲੋਂ ਸਿੱਖ ਸਮਾਜ ਦੇ ਆਗੂਆਂ ਨੂੰ ਸਵਾਲ ਹੈ ਕਿ ਉਹ ਕਿਹੜਾ ਵਿਸ਼ੇਸ਼ ਕਾਰਨ ਹੈ ਕਿ ਦਲਿਤ ਵਰਗ ਦੇ ਲੋਕ ਮੁੜ "ਘਰ ਵਾਪਸੀ" ਕਰਨ ?

1. ਕੀ ਸਿੱਖ ਸਮਾਜ ਦੇ ਸਕੂਲਾਂ ਵਿੱਚ ਇਹਨਾਂ ਦੇ ਬੱਚਿਆਂ ਦੀ ਫੀਸ ਮਾਫ ਹੈ ? ਜਦਕਿ ਈਸਾਈ ਤਾਂ ਮੁਫਤ ਪੜ੍ਹਾਈ ਕਰਵਾਉਂਦੇ ਹਨ।
2. ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿੱਚ ਲੱਗੇ ਅਧਿਆਪਕਾਂ ਵਿੱਚੋਂ ਕਿੰਨੇ ਕੁ ਦਲਿਤ ਵਰਗ ਦੇ ਹਨ ?
3. ਗੁਰਦੁਆਰਿਆਂ ਦੇ ਮਨੇਜਰਾਂ ਵਿੱਚੋਂ ਕਿੰਨੇ ਦਲਿਤ ਹਨ ?
4. ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਮੁਖੀਆ ਅੱਜ ਤੱਕ ਦਲਿਤ ਵਰਗ 'ਚੋਂ ਕਿਉਂ ਨਹੀਂ ਬਣ ਸਕਿਆ ?
5. ਅਕਾਲੀ ਦਲ ਦਾ ਪ੍ਰਧਾਨ ਕੋਈ ਦਲਿਤ ਕਿਉਂ ਨਹੀਂ ਬਣ ਸਕਿਆ ?
6. ਅਕਾਲੀ ਦਲ ਦੇ ਜਿਲ੍ਹਾ ਜਥੇਦਾਰਾਂ ਵਿੱਚੋਂ ਕੋਈ ਦਲਿਤ ਹੈ ?
7. ਕੀ ਸਿੱਖ ਸਮਾਜ ਜਾਤਪਾਤ ਨੂੰ ਖਤਮ ਕਰਨ ਦਾ ਹਮਾਇਤੀ ਹੈ ? ਜੇਕਰ ਹੈ ਤਾਂ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਜਾਤਪਾਤ ਦੇ ਖਿਲਾਫ ਹੁਕਮਨਾਮਾ ਜਾਰੀ ਕੀਤਾ ਜਾਵੇ। ਜਿਹੜਾ ਇਸ ਨੂੰ ਨਾ ਮੰਨੇ ਉਸ ਨੂੰ ਸਮਝਾਇਆ ਜਾਵੇ। ਨਾ ਸਮਝਣ 'ਤੇ ਪੰਥ 'ਚੋਂ ਬਾਹਰ ਕੀਤਾ ਜਾਵੇ।

ਜਾਤੀ ਮੁਕਤ ਅਤੇ ਆਰਥਿਕ ਬਰਾਬਰੀ ਦਾ ਸਮਾਜ ਗੁਰੂ ਸਾਹਿਬਾਨ ਦਾ ਮੁੱਖ ਟੀਚਾ ਸੀ। ਜੇਕਰ ਅੱਜ ਤੱਕ ਇਹ ਸਭ ਨਹੀਂ ਹੋ ਸਕਿਆ ਤਾਂ ਇਸ ਦਾ ਜਿੰਮੇਵਾਰ ਜੇ ਕਿਸੇ ਨੂੰ ਠਹਿਰਾਇਆ ਜਾ ਸਕਦਾ ਹੈ ਉਹ ਹੈ ਸਿੱਖ ਧਰਮ 'ਤੇ ਕਾਬਜ਼ ਜਮਾਤ। ਜੇ ਸਭ ਕੁੱਝ ਠੀਕ ਕਰਨਾ ਹੈ ਤਾਂ ਕੁੱਝ ਸਮੇਂ ਲਈ ਕਾਬਜ਼ ਜਮਾਤ ਆਪਣਾ ਕਬਜ਼ਾ ਛੱਡੇ ਅਤੇ ਸਿੱਖੀ ਦੇ ਅਸਲੀ ਵਾਰਸਾਂ ਨੂੰ ਕਬਜ਼ਾ ਦੇਵੇ। ਫਿਰ ਕਿਸੇ ਨੂੰ ਘਰ ਵਾਪਸੀ ਲਈ ਅਪੀਲ ਨਹੀਂ ਕਰਨੀ ਪਵੇਗੀ। ਇਹ ਦਾਅਵਾ ਹੈ ਜੋ ਗਲਤ ਸਾਬਤ ਨਹੀਂ ਹੋਵੇਗਾ।

## ਗੁਰੂ ਚੇਲਾ 3



ਸਾਹਿਤਕਾਰ ਅਮਨਪ੍ਰੀਤ ਸਿੰਘ
ਵਟਸ ਅਪ 09465554088

ਚੇਲਾ – ਗੁਰੂ ਜੀ, ਤੁਸੀਂ ਮੈਨੂੰ ਇਕ ਦਿਨ ਕਿਹਾ ਸੀ ਕਿ ਮੈਨੂੰ ਆਪਣਾ ਗਿਆਨ ਵਧਾਉਣਾ ਚਾਹੀਦਾ ਹੈ, ਤੁਹਾਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਮੈਂ ਆਪਣਾ ਗਿਆਨ ਵਧਾਉਣਾ ਸ਼ੁਰੂ ਕਰ ਦਿੱਤਾ ਹੈ ।

ਗੁਰੂ – ਚੇਲਿਆ ਇਹ ਤਾਂ ਬਹੁਤ ਵਧੀਆ ਗਲ ਹੈ।

ਚੇਲਾ – ਹੁਣ ਮੈਂ ਹਰ ਕਿਤਾਬ ਪੜਦਾ ਹਾਂ, ਹਰ ਵਿਸ਼ੇ ਉੱਤੇ ਚਰਚਾ ਕਰਦਾ ਹਾਂ ਕਿ ਪਹਿਲਾ ਵਿਸ਼ਵ ਯੁਧ ਕਿਵੇਂ ਹੋਇਆ ਸੀ, ਕਿਉਂ ਹੋਇਆ ਸੀ, ਕਿ ਉਸਦੇ ਨਤੀਜੇ ਨਿਕਲੇ, ਸ਼ਾਹ ਜਹਾਨ ਬਾਰੇ ਪੜਿਆ, ਬਿਜਲੀ ਕਦੋਂ ਅਤੇ ਕਿਵੇਂ ਪੈਦਾ ਹੋਈ, ਇਹ ਸਭ ਚੀਜ਼ਾਂ ਪੜੀਆਂ।

ਗੁਰੂ – ਹਾਹਾ, ਚੇਲਿਆ ਮੈਂ ਤੈਨੂੰ ਇਸ ਤਰਾਂ ਦਾ ਗਿਆਂ ਵਧਾਉਣ ਲਈ ਨਹੀਂ ਕਿਹਾ ਸੀ । ਇਹ ਤਾਂ ਦੁਨਿਆਵੀ ਗਿਆਨ ਹੈ । ਪ੍ਰਸ਼ਨ ਵੀ ਦੋ ਤਰਾਂ ਦੇ ਹੁੰਦੇ ਹਨ । ਇਕ ਤਾਂ ਆਪਾਂ ਨੂੰ ਬਾਹਰ ਲੈਕੇ ਜਾਂਦੇ ਹਨ ਅਤੇ ਦੂਸਰੇ ਆਪਣੇ ਅੰਦਰ । ਬਾਹਰਲੀ ਯਾਤਰਾ ਲਈ ਪਹਿਲੇ ਤਰਾਂ ਦੇ ਪ੍ਰਸ਼ਨ ਆਪਣੇ ਆਪ ਤੋਂ ਪੁਛਨੇ ਚਾਹੀਦੇ ਹਨ, ਅਤੇ ਆਪਣੇ ਅੰਦਰ ਦੀ ਯਾਤਰਾ ਲਈ ਆਪਣੇ ਆਪ ਤੋਂ ਦੂਜੇ ਤਰਾਂ ਦੇ ਪ੍ਰਸ਼ਨ ਪੁਛਨੇ ਚਾਹੀਦੇ ਹਨ । ਜੋ ਤੂੰ ਆਪਣੇ ਆਪ ਤੋਂ ਪ੍ਰਸ਼ਨ ਪੁਛੇ, ਇਹ ਸਭ ਪ੍ਰਸ਼ਨ ਤੈਨੂੰ ਆਪਣੇ ਆਪ ਤੋਂ ਬਾਹਰ ਵਲ ਲੈਕੇ ਜਾ ਰਹੇ ਹਨ ।

ਚੇਲਾ – ਪਰ ਗੁਰੂ ਜੀ ਮੈਂ ਤਾਂ ਆਪਣੇ ਅੰਦਰ ਜਾਣਾ ਚਾਹੁੰਦਾ, ਫਿਰ ਮੈਂ ਆਪਣੇ ਆਪ ਤੋਂ ਕਿਹੜੇ ਪ੍ਰਸ਼ਨ ਪੁਛਾਂ ਅਤੇ ਕਿਹੜੇ ਪ੍ਰਸ਼ਨਾਂ ਦੇ ਹੱਲ ਲਭਣ ਦੀ ਕੋਸ਼ਿਸ਼ ਕਰਾਂ ?

ਗੁਰੂ – ਤੂੰ ਕੁਝ ਇਸ ਤਰਾਂ ਆਪਣੇ ਆਪ ਤੋਂ ਪ੍ਰਸ਼ਨ ਪੁਛ। "ਮੈਂ ਕੌਣ ਹਾਂ ? ਮੈਂ ਜਦ ਵੀ ਕੁਝ ਕਰ ਰਿਹਾ ਹੁੰਦਾ ਹਾਂ, ਤਾਂ ਉਸ ਵਕਤ ਮੈਨੂੰ ਕੀ ਮਹਿਸੂਸ ਹੁੰਦਾ ਹੈ ? ਮੇਰਾ ਆਪਣੇ ਜੀਵਨ ਵਿਚ ਸਭ ਤੋਂ ਵਧੀਆ ਮਕਸਦ ਕੀ ਹੋ ਸਕਦਾ ਹੈ ? ਸੰਗੀਤ ਮੈਨੂੰ ਕਿਸ ਤਰਾਂ ਪ੍ਰਭਾਵਿਤ ਕਰਦਾ ਹੈ ? ਪਾਠ ਪੂਜਾ ਕਰਨ ਨਾਲ ਮੈਨੂੰ ਕਿੰਝ ਮਹਿਸੂਸ ਹੁੰਦਾ ਹੈ ? ਕੀ ਮੈਨੂੰ ਗੀਤ ਗਾਉਣੇ ਚਾਹੀਦੇ ਹਨ ? ਕੀ ਮੈਨੂੰ ਨਚਣਾ ਚਾਹੀਦਾ ਹੈ ? ਕੀ ਮੇਰੀ ਬੁਧੀ ਵਧ ਰਹੀ ਹੈ ? ਕੀ ਮੇਰੀ ਅੰਦਰੂਨੀ ਤਾਕਤ ਵਧ ਰਹੀ ਹੈ?" ਅਜਿਹੇ ਪ੍ਰਸ਼ਨਾਂ ਨਾਲ ਤੇਰੀ ਅੰਦਰ ਦੀ ਯਾਤਰਾ ਸ਼ੁਰੂ ਹੋਵੇਗੀ । ਅਜਿਹੇ ਪ੍ਰਸ਼ਨ ਤੂੰ ਆਪਣੇ ਆਪ ਤੋਂ ਪੁਛਨੇ ਹਨ ਅਤੇ ਫਿਰ ਇਹਨਾ ਦਾ ਹੱਲ ਲਭਣ ਦੀ ਕੋਸ਼ਿਸ ਕਰਨੀ ਹੈ ।

ਚੇਲਾ – ਠੀਕ ਹੈ ਗੁਰੂ ਜੀ । ਜਿਵੇਂ ਤੁਹਾਡਾ ਹੁਕਮ ।



ਐਸ. ਸੀ./ਐਸ. ਟੀ. ਵਿਧਾਇਕਾਂ ਅਤੇ ਸਾਂਸਦਾਂ ਦੀ ਫੋਰਮ ਦੇ ਇਕ ਪ੍ਰਤੀਨਿਧੀ ਮੰਡਲ ਨੇ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਨਾਲ ਨਵੀਂ ਦਿੱਲੀ ਵਿਖੇ ਮੁਲਾਕਾਤ ਕੀਤੀ। ਇਸ ਪ੍ਰਤੀਨਿਧੀ ਮੰਡਲ ਦੀ ਅਗਵਾਈ ਫੋਰਮ ਦੇ ਮੁੱਖ ਅਹੁਦੇਦਾਰ ਡਾ. ਚਰਨਜੀਤ ਅਟਵਾਲ ਨੇ ਕੀਤੀ। ਪ੍ਰਤੀਨਿਧੀ ਮੰਡਲ ਵਿਚ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ, ਸ੍ਰੀ ਅਜੈ ਟਮਟਾ, ਸ੍ਰੀ ਰਾਜ ਕੁਮਾਰ ਬੋਦਲੇ, ਅਰਜੁਣ ਘਟਨਾਨੀ, ਚੌਧਰੀ ਜੁਲਫਿਕਾਰ ਅਲੀ, ਜਸਟਿਸ ਕੇ. ਜੀ. ਬਾਲਾਕ੍ਰਿਸ਼ਨਲ ਫੋਰਮ ਦੇ ਕੌਮੀ ਕਾਰਜਕਾਰੀ ਪ੍ਰਧਾਨ ਇੰਦਰ ਇਕਬਾਲ ਸਿੰਘ ਅਟਵਾਲ, ਐਸ. ਸੀ. ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ, ਵਿਧਾਇਕ ਕੁਲਦੀਪ ਸਿੰਘ ਵੈਦ, ਸਾਂਸਦ ਡਾ. ਭਾਗੀਰਥ ਪ੍ਰਸਾਦ ਅਤੇ ਹੋਰ ਵਿਅਕਤੀ ਸ਼ਾਮਲ ਸਨ ਤਸਵੀਰ ਵਿਚ ਮਾਣਯੋਗ ਰਾਸ਼ਟਰਪਤੀ ਰਾਮਨਾਥ ਕੋਵਿੰਦਾ ਨਾਲ ਇਕ ਗਰੁੱਪ ਤਸਵੀਰ ਤਿਆਰ ਕਰਵਾਉਂਦੇ ਹੋਏ ਵਿਧਾਇਕ ਅਤੇ ਸਾਂਸਦ।

## ਸੈਂਕੜੇ ਲੋਕਾਂ ਵੱਲੋਂ ਰਿਆਨ ਸਕੂਲ ਦੇ ਬਾਹਰ ਮੁਜ਼ਾਹਰਾ

**ਗੁਰੂਗ੍ਰਾਮ–** ਰਿਆਨ ਇੰਟਰਨੈਸ਼ਨਲ ਸਕੂਲ ਦੇ ਬਾਹਰ ਸੈਂਕੜੇ ਲੋਕਾਂ ਨੇ ਇਕੱਠੇ ਹੋ ਕੇ ਰੋਸ ਮੁਜ਼ਾਹਰਾ ਕੀਤਾ ਤੇ ਸਕੂਲੀ ਵਿਦਿਆਰਥੀ ਦੇ ਕਤਲ ਕੇਸ 'ਚ ਸੀਬੀਆਈ ਜਾਂਚ ਦੀ ਮੰਗ ਕੀਤੀ। ਮੁਜ਼ਾਹਰਾਕਾਰੀਆਂ ਨੇ ਇਸੇ ਦੌਰਾਨ ਸਕੂਲ ਨੇੜੇ ਠੇਕੇ ਨੂੰ ਅੱਗ ਲਗਾ ਦਿੱਤੀ। ਇਸੇ ਦੌਰਾਨ ਹਰਿਆਣਾ ਸਰਕਾਰ ਨੇ ਕਿਹਾ ਹੈ ਕਿ ਉਹ ਕੇਸ ਦੀ ਸੀਬੀਆਈ ਜਾਂਚ ਕਰਾਉਣ ਦੇ ਖ਼ਿਲਾਫ਼ ਨਹੀਂ ਹਨ ਤੇ ਉਨ੍ਹਾਂ ਗੁਰੂਗ੍ਰਾਮ ਪੁਲੀਸ ਨੂੰ ਸਕੂਲ ਮਾਲਕ ਖ਼ਿਲਾਫ਼ ਜ਼ੁਵੇਨਾਈਲ ਐਕਟ ਤਹਿਤ ਕੇਸ ਦਰਜ ਕਰਨ ਲਈ ਕਿਹਾ ਹੈ। ਦੂਜੇ ਪਾਸੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਸ ਕੇਸ ਦੀ ਸੀਬੀਆਈ ਜਾਂਚ ਦੇ ਹੁਕਮ ਦੇਵੇ।

ਪ੍ਰਾਪਤ ਜਾਣਕਾਰੀ ਅਨੁਸਾਰ ਸੈਂਕੜੇ ਲੋਕਾਂ ਨੇ ਅੱਜ ਇਕੱਠੇ ਹੋ ਕੇ ਰਿਆਨ ਇੰਟਰਨੈਸ਼ਨਲ ਸਕੂਲ ਦੇ ਬਾਹਰ ਰੋਸ ਵਿਖਾਵਾ ਕੀਤਾ ਤੇ ਸਕੂਲ ਤੋਂ 50 ਮੀਟਰ ਦੀ ਦੂਰੀ 'ਤੇ ਸਥਿਤ ਇੱਕ ਠੇਕੇ ਨੂੰ ਵੀ ਅੱਗ ਲਗਾ ਦਿੱਤੀ। ਵਿਖਾਵਾਕਾਰੀਆਂ ਨੂੰ ਖਿੰਡਾਉਣ ਲਈ ਪੁਲੀਸ ਨੂੰ ਲਾਠੀਚਾਰਜ ਕਰਨਾ ਪਿਆ ਤੇ ਪੁਲੀਸ ਨੇ 20 ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿੱਚ ਵੀ ਲੈ ਲਿਆ। ਇਸ ਮੁਜ਼ਾਹਰੇ ਦੌਰਾਨ ਕੁਝ ਫੋਟੋ ਪੱਤਰਕਾਰਾਂ ਦੇ ਕੈਮਰੇ ਵੀ ਨੁਕਸਾਨੇ ਗਏ। ਕੁਝ ਮੁਜ਼ਾਹਰਾਕਾਰੀਆਂ ਨੇ ਸਕੂਲ ਕੈਂਪਸ 'ਚ ਸ਼ਰਾਬ ਦੀਆਂ ਬੋਤਲਾਂ ਵੀ ਸੁੱਟੀਆਂ। ਮੁਜ਼ਾਹਰਾਕਾਰੀਆਂ ਨੇ ਦੋਸ਼ ਲਾਇਆ ਕਿ ਡਰਾਈਵਰ ਤੇ ਕੰਡਕਟਰ ਵਿਹਲੇ ਸਮੇਂ ਇਸੇ ਠੇਕੇ 'ਤੇ ਬੈਠ ਕੇ ਸ਼ਰਾਬ ਪੀਂਦੇ ਸਨ। ਪ੍ਰਦਰਸ਼ਨਕਾਰੀ ਮੰਗ ਕਰ ਰਹੇ ਸਨ ਕਿ ਘਟਨਾ ਦੀ ਸੀਬੀਆਈ ਜਾਂਚ ਮੁਕੰਮਲ ਹੋਣ ਤੱਕ ਸਕੂਲ ਬੰਦ ਰੱਖਿਆ ਜਾਵੇ। ਗੁਰੂਗ੍ਰਾਮ ਪੁਲੀਸ ਦੇ ਲੋਕ ਸੰਪਰਕ ਅਫਸਰ ਰਵਿੰਦਰ ਕੁਮਾਰ ਨੇ ਦੱਸਿਆ ਕਿ ਗੁਰੂਗ੍ਰਾਮ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਹਲਕਾ ਲਾਠੀਚਾਰਜ ਕੀਤਾ ਹੈ ਤੇ ਪੁਲੀਸ ਨੇ ਸਕੂਲ ਦੇ ਬਾਹਰ ਮੁਜ਼ਾਹਰਾ ਕਰ ਰਹੇ 20 ਵਿਅਕਤੀਆਂ ਨੂੰ ਹਿਰਾਸਤ 'ਚ ਲੈ ਲਿਆ ਹੈ। ਦੂਜੇ ਪਾਸੇ ਗੁਰੂਗ੍ਰਾਮ ਦੇ ਪੁਲੀਸ ਕਮਿਸ਼ਨਰ ਸੰਦੀਪ ਖਿਰਵਾਰ ਨੇ ਮੀਡੀਆਕਰਮੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਇਨਕਾਰ ਕੀਤਾ ਹੈ। ਇਸੇ ਦੌਰਾਨ ਹਰਿਆਣਾ ਸਰਕਾਰ ਦੇ ਸਿੱਖਿਆ ਮੰਤਰੀ ਰਾਮ ਬਿਲਾਸ ਸ਼ਰਮਾ ਨੇ ਕਿਹਾ, 'ਉਹ ਰਿਆਨ ਇੰਟਰਨੈਸ਼ਨਲ ਸਕੂਲ ਦੀਆਂ ਖਾਮੀਆਂ ਮੰਨਦੇ ਹਨ, ਪਰ 1200 ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦਿਆਂ ਸਕੂਲ ਦੀ ਮਾਨਤਾ ਰੱਦ ਨਹੀਂ ਕੀਤੀ ਜਾ ਸਕਦੀ।' ਉਨ੍ਹਾਂ ਕਿਹਾ ਕਿ ਉਨ੍ਹਾਂ ਗੁਰੂਗ੍ਰਾਮ ਪੁਲੀਸ ਨੂੰ ਨਿਰਦੇਸ਼ ਦਿੱਤੇ ਹਨ ਕਿ ਸਕੂਲ ਦੇ ਮਾਲਕ ਅਲਬਰਟ ਪਿੰਟੋ ਖ਼ਿਲਾਫ਼ ਜ਼ੁਵੇਨਾਈਲ ਐਕਟ ਤਹਿਤ ਕੇਸ ਦਰਜ ਕੀਤਾ ਜਾਵੇ।

## ਸੱਚੇ ਪੱਤਰਕਾਰਾਂ ਦੇ ਨਾਮ



ਪੱਤਰਕਾਰੀ ਦੀ ਕਾਰ ਵੀ ਬਹੁਤ ਔਖੀ ਝੂਠ ਸੱਚ ਨਿਖਾਰਨਾ ਪੈ ਜਾਂਦਾ
ਫੜ ਕਲਮ ਫਿਰ ਸੱਚੇ ਦਿਲ ਨਾਲ ਨੰਗਾ ਕਈਆਂ ਨੂੰ ਕਰਨਾ ਪੈ ਜਾਂਦਾ।

ਸੁਣਿਆ ਹੈ ਕੰਮ ਇਹ ਬੜਾ ਔਖਾ ਸੱਚਾ ਪੱਤਰਕਾਰ ਰਾਹ ਇਸ ਪੈ ਜਾਂਦਾ
ਬਹੁਤ ਔਕੜਾਂ ਨੇ ਇਸ ਰਾਹ ਉਤੇ ਮੰਜ਼ਿਲ ਅੰਤ ਨੂੰ ਸੱਚ ਹੈ ਪਾ ਜਾਂਦਾ।

ਬੜਾ ਜ਼ੋਖਿਮ ਤੇ ਖਤਰਾ ਹੈ ਇਸ ਅੰਦਰ ਕਈ ਵਾਰੀ ਤਾਂ ਜਾਨ ਗਵਾ ਜਾਂਦਾ
ਪੱਤਰਕਾਰੀ ਨਹੀਂ ਪੱਤਰ ਕਾਲੇ ਕਰਨੇ ਕਲਮ ਜੁਲਮ ਦੇ ਖਿਲਾਫ ਉਠਾ ਜਾਂਦਾ।

ਧਰਮ ਕਰਮ ਉਹਨੂੰ ਸਾਰੇ ਇਕ ਲੱਗਣ ਭੇਦ ਭਾਵ ਉਹ ਸਭ ਮਿਟਾ ਜਾਂਦਾ
ਖੰਡੇ ਵਾਂਗ ਦੋ ਧਾਰੀ ਇਹ ਪੱਤਰਕਾਰੀ ਇਹਦੀ ਧਾਰ ਤੇ ਚੱਲ ਦਿਖਾ ਜਾਂਦਾ।

ਪੱਤਰਕਾਰ ਉਹ ਲਿਖੇ ਜੋ ਸਦਾ ਸੱਚ, ਖੌਫ ਮਰਨ ਦਾ 'ਦਿਲਾ' ਭੁਲਾ ਜਾਂਦਾ
ਮਰਨਾ ਜਾਣਦਾ ਹੋਵੇ ਵਾਂਗ ਆਸ਼ਕਾਂ ਦੇ ਕੱਫਣ ਬੰਨ੍ਹ ਕੇ ਸਿਰ ਤੇ ਆ ਜਾਂਦਾ।

– ਦਲਵੀਰ 'ਦਿਲ' ਨਿੱਜਰ

# ਚਰਿੱਤਰਵਾਨ ਹੋਣਾ- ਇਕ ਵਿਸ਼ੇਸ਼ ਗੁਣ



ਜਸਵੰਤ ਸਿੰਘ ਮਿੱਤਰ
91-99881-48286

ਭਾਰਤ ਦੀ ਸਿੱਖਿਆ ਪ੍ਰਣਾਲੀ ਵਿਚ ਵਿਦਿਆਰਥੀਆਂ ਨੂੰ ਚਰਿੱਤਰਵਾਨ ਹੋਣ 'ਤੇ ਕਾਫੀ ਜ਼ੋਰ ਦਿੱਤਾ ਜਾਂਦਾ ਹੈ। ਚਰਿੱਤਰਵਾਨ ਹੋਣਾ, ਵਿਦਿਆਰਥੀਆਂ ਦਾ ਅਤੇ ਨਾਗਰਿਕਾਂ ਦਾ ਇਕ ਵਿਸ਼ੇਸ਼ ਨਾਗਰਿਕ ਗੁਣ ਮੰਨਿਆ ਜਾਂਦਾ ਹੈ। ਸ਼ੁਰੂ ਤੋਂ ਹੀ ਸਿੱਖਿਆ ਸ਼ਾਸਤਰੀਆਂ ਨੇ, ਵਿਦਵਾਨਾਂ ਨੇ ਅਤੇ ਧਾਰਮਿਕ ਗੁਰੂਆਂ ਨੇ ਇਕ ਵਿਅਕਤੀ ਨੂੰ ਚਰਿੱਤਰਵਾਨ ਹੋਣ 'ਤੇ ਵਿਸ਼ੇਸ਼ ਮਹੱਤਵ ਦਿੱਤਾ ਹੈ। ਘਰ, ਪਰਿਵਾਰ, ਸਮਾਜ ਅਤੇ ਦੇਸ਼ 'ਚ ਚਰਿੱਤਰਵਾਨ ਵਿਅਕਤੀ ਨੂੰ ਸਮਾਜ ਵੱਲੋਂ ਵਿਸ਼ੇਸ਼ ਸਤਿਕਾਰ ਅਤੇ ਆਦਰ-ਮਾਣ ਦਿੱਤਾ ਜਾ ਰਿਹਾ ਹੈ। ਬਚਪਨ ਤੋਂ ਹੀ ਵਿਦਿਆਰਥੀਆਂ ਨੂੰ ਇਹ ਸਿੱਖਿਆ ਦਿੱਤੀ ਜਾਂਦੀ ਸੀ ਕਿ ਸੱਚੇ-ਸੁੱਚੇ ਅਤੇ ਉਚੇ ਇਖਲਾਕੀ ਬਣਨ ਲਈ ਆਪਣੀ ਅਹਿਮ ਭੂਮਿਕਾ ਨਿਭਾਉਣ। ਚਰਿੱਤਰਵਾਨ ਹੋਣਾ ਸਮਾਜ ਦੇ ਨਾਗਰਿਕਾਂ ਦਾ ਅਹਿਮ ਅਤੇ ਲਾਭਕਾਰੀ ਗੁਣ ਮੰਨਿਆ ਗਿਆ ਹੈ। ਇਕ ਵਿਦਵਾਨ ਨੇ ਇਸ ਸਬੰਧ ਵਿਚ ਇਕ ਉਦਾਹਰਣ ਵੀ ਦਿੱਤੀ ਹੈ ਜੋ ਵਿਸ਼ੇਸ਼ ਅਤੇ ਢੁਕਵੀਂ ਹੈ:-

If money is lost, nothing has lost,
If health is lost, something is lost,
If charactor is lost everything is lost.

ਇਸ ਢੁਕਵੀਂ ਉਦਾਹਰਣ ਅਨੁਸਾਰ ਰੁਪਿਆ ਤਾਂ ਆਉਣ ਜਾਣ ਵਾਲੀ ਵਸਤੂ ਹੈ, ਇਹ ਤਾਂ ਹੱਥਾਂ ਦੀ ਮੈਲ ਹੈ। ਜੇਕਰ ਇਹ ਨਸ਼ਟ ਹੋ ਗਈ ਜਾਂ ਚੋਰੀ ਹੋ ਗਈ ਤਾਂ ਇਸ ਨੂੰ ਦੁਬਾਰਾ ਮਿਹਨਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਧੰਨ ਨਸ਼ਟ ਹੋਣ ਨਾਲ ਤੁਹਾਡਾ ਕੁਝ ਵੀ ਨੁਕਸਾਨਿਆ ਨਹੀਂ ਗਿਆ ਹੈ। ਜੇਕਰ ਤੁਸੀਂ ਬਿਮਾਰ ਹੋ ਗਏ ਹੋ, ਤੁਹਾਡੀ ਸਿਹਤ ਖਰਾਬ ਹੋ ਗਈ ਹੈ। ਕਮਜ਼ੋਰ ਹੋ ਗਏ ਹੋ ਤਾਂ ਵਿਦਵਾਨ ਕਹਿੰਦਾ ਹੈ ਕਿ ਤੁਹਾਡਾ ਜ਼ਰੂਰ ਕੁਝ ਨੁਕਸਾਨ ਹੋਇਆ ਹੈ, ਪ੍ਰੰਤੂ ਡਾਕਟਰ ਤੁਹਾਡਾ ਨੁਕਸਾਨ ਪੂਰਾ ਕਰਵਾਏਗਾ। ਡਾਕਟਰ ਤੁਹਾਨੂੰ ਦਵਾਈਆਂ ਦੇ ਕੇ ਠੀਕ ਕਰ ਦੇਵੇਗਾ। ਇਸ ਲਈ ਤੁਹਾਨੂੰ ਬਹੁਤਾ ਫਿਕਰ ਨਹੀਂ ਕਰਨਾ ਚਾਹੀਦਾ। ਜੇਕਰ ਤੁਸੀਂ ਆਪਣਾ ਚਾਲ-ਚੱਲਣ ਬਰਬਾਦ/ਨਸ਼ਟ ਕਰ ਲਿਆ ਹੈ ਤਾਂ ਤੁਹਾਡਾ ਸਭ ਕੁਝ ਨਸ਼ਟ ਹੋ ਗਿਆ ਹੈ। ਵਿਦਵਾਨਾਂ ਨੇ ਪੂਰੇ ਭਰੋਸੇ ਨਾਲ ਸਲਾਹ ਦਿੱਤੀ ਹੈ ਕਿ ਤੁਹਾਨੂੰ ਆਪਣਾ ਚਰਿੱਤਰ ਸਾਫ ਸੁਥਰਾ ਅਤੇ ਨੇਕੀ ਵਾਲਾ ਅਤੇ ਦੂਜਿਆਂ ਨਾਲ ਚੰਗਾ ਵਰਤਾਓ ਵਾਲਾ ਰੱਖਣਾ ਚਾਹੀਦਾ ਹੈ।

ਚਰਿੱਤਰਵਾਨ ਹੋਣ ਦੇ ਜੇਕਰ ਸਹੀ ਅਰਥਾਂ ਨੂੰ ਜਾਣੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਦੇ ਸ਼ਬਦੀ ਅਰਥ ਬਹੁਤ ਵਿਸ਼ਾਲ ਹਨ। ਇਸ ਸ਼ਬਦ ਦੀ ਵਿਆਖਿਆ ਇਕ-ਦੋ ਸ਼ਬਦਾਂ 'ਚ ਕਰਨੀ ਬੜੀ ਮੁਸ਼ਕਿਲ ਹੈ ਪਰ ਫਿਰ ਲਿਖਿਆ ਜਾ ਸਕਦਾ ਹੈ ਕਿ ਉਹ ਵਿਅਕਤੀ ਜਿਸ 'ਚ ਹੇਠ ਲਿਖੇ ਗੁਣ ਪਾਏ ਜਾਣ ਅਤੇ ਉਹਨਾਂ ਤੇ ਪੂਰੀ ਤਰ੍ਹਾਂ ਅਮਲ ਵੀ ਕਰਦਾ ਹੈ, ਚਰਿੱਤਰਵਾਨ ਕਿਹਾ ਜਾ ਸਕਦਾ ਹੈ। ਆਤਮ ਸੰਜਮ, ਇਮਾਨਦਾਰੀ, ਸਚਾਈ (ਸੱਚ ਤੇ ਪਹਿਰਾ ਦੇਣ ਵਾਲਾ) ਆਪਸੀ ਪ੍ਰੇਮ, ਮਿਲਵਰਤਨ, ਹਮਦਰਦੀ, ਦੂਸਰਿਆਂ ਦਾ ਸਤਿਕਾਰ, ਧਾਰਮਿਕ ਸਹਿਸ਼ੀਲਤਾ, ਦੇਸ਼ ਪ੍ਰੇਮ ਅਤੇ ਭਗਤੀ, ਦੇਸ਼ ਦੀ ਏਕਤਾ ਤੇ ਅਖੰਡਤਾ 'ਚ ਪੱਕਾ ਵਿਸ਼ਵਾਸ ਰੱਖਣ ਵਾਲਾ, ਚਰਿੱਤਰਵਾਨ ਕਿਹਾ ਜਾ ਸਕਦਾ ਹੈ। ਵਿਅਕਤੀ ਸ਼ਾਂਤੀ ਅਤੇ ਸਦਭਾਵਨਾ 'ਚ ਲੀਨ ਹੋਵੇ। ਨਫਰਤ ਤੋਂ ਦੂਰ ਹੋਵੇ। ਨਿਮਰਤਾ ਅਤੇ ਸਹਿਜ ਦੇ ਗੁਣਾਂ ਦੇ ਨਾਲ ਨਾਲ ਨਿਮਰਤਾ, ਖਿਮਾ ਅਤੇ ਧੰਨਵਾਦ ਸ਼ਬਦਾਂ ਦਾ ਸਹੀ ਪ੍ਰਯੋਗ ਕਰਦਾ ਹੋਵੇ। ਨਿਆਏ ਅਤੇ ਅਨਿਆਏ ਅਤੇ ਸੱਚ-ਝੂਠ ਦੇ ਫਰਕ ਨੂੰ ਚੰਗੀ ਤਰ੍ਹਾਂ ਸਮਝਦਾ ਹੋਵੇ। ਧਾਰਮਿਕ ਅਤੇ ਅਧਾਰਮਿਕ ਕਾਰਜਾਂ 'ਚ ਫਰਕ ਸਮਝਦਾ ਹੋਵੇ। ਵਿਗਿਆਨਕ ਸੋਚ ਦਾ ਧਾਰਨੀ, ਅੰਧ ਵਿਸ਼ਵਾਸ ਤੋਂ ਦੂਰ ਅਤੇ ਮਨੁੱਖ ਦੀ ਭਲਾਈ ਕਰਨਾ ਉਸਦਾ ਅਹਿਮ ਕਰਤੱਵ ਹੋਵੇ। ਦੇਸ਼ ਪ੍ਰਤੀ ਉਸ ਦੀ ਵਫਾਦਾਰੀ ਅਸੀਮ ਹੋਵੇ ਅਤੇ ਲੋੜ ਪੈਣ ਤੇ ਉਹ ਦੇਸ਼ ਲਈ ਕੁਰਬਾਨੀ ਦੇਣ ਲਈ ਵੀ ਤਿਆਰ ਹੋਵੇ। ਉਸ 'ਚ ਘਰ, ਸਮਾਜ, ਦੇਸ਼ ਦੀ ਅਗਵਾਈ ਕਰਨ ਵਾਲਾ ਮਹੱਤਵਪੂਰਨ ਗੁਣ ਵੀ ਮੌਜੂਦ ਹੋਵੇ। ਉਹ ਭਾਰਤ ਦੀ ਇਸਤਰੀ ਨੂੰ ਪੂਰਨ ਰੂਪ ਵਿਚ ਸਤਿਕਾਰ ਕਰਨ ਵਾਲਾ ਹੋਵੇ। ਭਾਰਤੀ ਸਮਾਜ 'ਚ ਇਸਤਰੀ ਜਾਤੀ ਨਾਲ ਘੋਰ ਅਨਿਆਏ ਹੋ ਰਹੇ ਹਨ। ਇਹ ਸਿਰਫ ਇਸ ਕਰਕੇ ਹੀ ਹੈ ਕਿ ਭਾਰਤੀ ਸਮਾਜ ਵਿਚ ਇਸਤਰੀ ਜਾਤੀ ਨਾਲ ਸਰੀਰਕ, ਮਾਨਸਿਕ, ਆਰਥਿਕ ਅਤੇ ਸਮਾਜਿਕ ਤੌਰ ਤੇ ਬਹੁਤ ਅੱਤਿਆਚਾਰ ਹੁੰਦੇ ਹਨ। ਪ੍ਰੰਤੂ ਇਕ ਚਰਿੱਤਰਵਾਨ ਵਿਅਕਤੀ ਨਾ ਤਾਂ ਅਜਿਹਾ ਕਰੇਗਾ ਅਤੇ ਨਾ ਹੀ ਉਹ ਦੂਸਰਿਆਂ ਨੂੰ ਇਸਤਰੀ ਜਾਤੀ 'ਤੇ ਹੁੰਦੇ ਅੱਤਿਆਚਾਰ ਨੂੰ ਸਹਿਣ ਕਰੇਗਾ। ਉਹ ਉਸਦਾ ਸਰੀਰਕ ਸ਼ੋਸ਼ਣ ਨਹੀਂ ਕਰੇਗਾ। ਹਰੇਕ ਨੂੰ ਆਪਣੀ ਮਾਂ-ਭੈਣ ਸਮਝੇਗਾ, ਹਿੰਸਕ ਕਾਰਵਾਈਆਂ ਤੋਂ ਦੂਰ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰੇਗਾ ਅਤੇ ਆਪਣੇ ਦੇਸ਼ ਲਈ ਹਰ ਕੁਬਰਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਰਹੇਗਾ।

15 ਅਗਸਤ, 26 ਜਨਵਰੀ ਨੂੰ ਰਾਜਨੀਤਿਕ ਆਗੂ ਆਪਣੇ ਨਾਗਰਿਕਾਂ ਨੂੰ ਇਮਾਨਦਾਰ ਰਹਿਣ ਅਤੇ ਚੰਗੇ ਆਚਰਣ ਦੇ ਆਦਰਸ਼ ਨੂੰ ਅਪਣਾਉਣ ਲਈ ਰਾਜਨੀਤਿਕ ਆਗੂਆਂ, ਖਾਸ ਕਰਕੇ ਮੰਤਰੀਆਂ ਵੱਲੋਂ ਜਸਲਿਆਂ ਵਿਚ ਤਕਰੀਰਾਂ ਰਾਹੀਂ ਆਪ ਪ੍ਰਚਾਰਿਆ ਜਾਂਦਾ ਹੈ। ਵਿਦਿਆ ਵਿਭਾਗ 'ਚ ਕੰਮ ਕਰਦਿਆਂ ਮੈਨੂੰ ਇਹ ਸਮਝ ਨਹੀਂ ਆਈ ਕਿ ਵਿਦਿਆਰਥੀ ਕਿਸ ਤਰ੍ਹਾਂ ਬੇਈਮਾਨ ਹੋ ਸਕਦੇ ਹਨ। ਵਿਦਿਆਰਥੀ ਜੀਵਨ 'ਚ ਵਿਦਿਆਰਥੀ ਇਮਾਨਦਾਰ ਅਤੇ ਚਰਿੱਤਰਵਾਨ ਹੁੰਦੇ ਹਨ। ਸਮੱਸਿਆ ਤਾਂ ਉਸ ਸਮੇਂ ਉਤਪੰਨ ਹੁੰਦੀ ਹੈ ਜਦੋਂ ਉਹ ਰਾਜਨੀਤਿਕ ਪਾਰਟੀਆਂ 'ਚ ਸ਼ਾਮਲ ਹੋ ਕੇ ਆਪਣੇ ਆਗੂ ਦੇ ਕਿਰਦਾਰ ਨੂੰ ਦੇਖਦੇ ਹਨ। ਉਹ ਦੇਖਦੇ ਕਿ ਉਹਨਾਂ ਦੇ ਰਾਜਨੀਤਿਕ ਆਗੂ ਦੀਆਂ ਆਪਣੀ ਪਤਨੀ ਤੋਂ ਇਲਾਵਾ ਹੋਰ ਵੀ ਕਈ ਪ੍ਰੇਮਿਕਾਵਾਂ ਰੱਖੀਆਂ ਹੋਈਆਂ ਹਨ। ਉਹਨਾਂ ਕੋਲ ਧੰਨ ਦੇ ਭੰਡਾਰ ਹਨ।

ਸਮਝ ਅਤੇ ਸਮਝਾਉਣ ਦੀ ਸਮਰੱਥਾ ਤੋ ਉਪਰ ਹੋ ਕੇ ਉਹ ਵੀ ਉਹੀ ਕਾਰਜ ਕਰਨ ਲੱਗ ਜਾਂਦੇ ਹਨ, ਜੋ ਉਹਨਾਂ ਦੇ ਰਾਜਨੀਤਿਕ ਆਗੂ ਅਤੇ ਧਾਰਮਿਕ ਗੁਰੂ ਸ਼ਰੇਆਮ ਕਰਦੇ ਹਨ। ਧਾਰਮਿਕ ਗੁਰੂਆਂ ਨੂੰ ਰੱਬ ਜਾਂ ਪ੍ਰਮਾਤਮਾ ਦਾ ਡਰ ਨਹੀਂ ਅਤੇ ਰਾਜਨੀਤਿਕ ਆਗੂਆਂਨੂੰ ਸਰਕਾਰ ਦਾ ਅਤੇ ਕਾਨੂੰਨ ਦਾ ਡਰ ਨਹੀਂ ਹੁੰਦਾ। ਭਾਰਤੀ ਸਮਾਜ 'ਚ ਜੋ ਚਰਿੱਤਰਹੀਣਤਾ, ਬ੍ਰਾਹਮਣਵਾਦ, ਧਾਰਮਿਕ ਗੁਰੂਆਂ ਅਤੇ ਰਾਜਨੀਤਿਕ ਆਗੂਆਂ ਨੇ ਜੋ ਪੈਦਾ ਕੀਤਾ ਹੈ, ਉਸਦੀ ਮਿਸਾਲ ਸੰਸਾਰ ਦੇ ਬਾਕੀ ਮੁਲਕਾਂ 'ਚ ਨਹੀਂ ਮਿਲਦੀ ਹੈ।

ਇਹਨਾਂ ਵਿਅਕਤੀਆਂ, ਗੁਰੂਆਂ ਅਤੇ ਰਾਜਨੀਤਿਕ ਆਗੂਆਂ ਨੇ ਦੇਸ਼ ਦੀ ਤਰੱਕੀ ਲਈ ਜ਼ਿੰਮੇਵਾਰੀ ਲੈਣੀ ਹੁੰਦੀ ਹੈ। ਅੰਧ ਵਿਸ਼ਵਾਸ ਖਤਮ ਕਰਨ ਅਤੇ ਸਮਾਜ ਨੂੰ ਤਰਕਸ਼ੀਲਤਾ ਵੱਲ ਲੈ ਕੇ ਜਾਣਾ ਹੁੰਦਾ ਹੈ। ਜਦਕਿ ਹੁੰਦਾ ਹੈ ਇਸ ਦੇ ਉਲਟ। ਧਾਰਮਿਕ ਗੁਰੂਆਂ ਅਤੇ ਰਾਜਨੀਤਿਕ ਨੇਤਾਵਾਂ ਨੂੰ ਕਾਨੂੰਨ ਦਾ ਸਨਮਾਨ ਕਰਨਾ ਹੁੰਦਾ ਹੈ।

ਕਾਨੂੰਨ ਸਭ ਲਈ ਸਮਾਨ ਹੈ। ਪਰ ਜੋ ਭਾਰਤੀ ਸਮਾਜ ਦੀ ਅਟੱਲ ਸਚਾਈ ਹੈ ਕਿ ਉਚ ਵਰਗ, ਸੰਤ ਮਹਾਤਮਾ ਅਤੇ ਰਾਜਨੀਤਿਕ ਆਗੂ ਕਾਨੂੰਨ ਦੀਆਂ ਹੀ ਧੱਜੀਆਂ ਉਡਾਉਂਦੇ ਹਨ। ਬਾਬੇ ਵੱਡੇ ਨਹੀਂ, ਕਾਨੂੰਨ ਵੱਡਾ ਹੈ। ਜੇ ਭਾਰਤੀ ਸੰਵਿਧਾਨ ਅਨੁਸਾਰ ਕਾਨੂੰਨ ਦੀਆਂ ਨਜ਼ਰਾਂ 'ਚ ਸਾਰੇ ਲੋਕ ਬਰਾਬਰ ਹਨ, ਫਿਰ ਕਾਨੂੰਨ ਨੂੰ ਤੋੜਨ ਵਾਲਿਆਂ ਉਪਰ ਸਖਤ ਕਾਰਵਾਈ ਕਿਉਂ ਨਹੀਂ? ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਾਨੂੰਨ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਦੀ ਪੂਰੀ ਆਜ਼ਾਦੀ ਨਹੀਂ ਹੈ। ਕਾਰਜਪਾਲਿਕਾ ਜਾਂ ਅਫਸਰਸ਼ਾਹੀ ਤੇ ਸਰਕਾਰ ਦਾ ਪੂਰਾ ਕੰਟਰੋਲ ਹੈ। ਭਾਵੇਂ ਇਹ ਪੂਰਾ ਸੱਚ ਨਹੀਂ ਹੈ। ਭਾਰਤੀ ਸਮਾਜ 'ਚ ਜੋ ਚਰਿੱਤਰਹੀਣਤਾ ਇਕ ਸਮੇਂ ਪਾਈ ਜਾਂਦੀ ਹੈ, ਇਸਦਾ ਮੁੱਖ ਕਾਰਨ ਸਮਾਜ 'ਚ ਅਨਪੜ੍ਹਤਾ ਅਤੇ ਇਕ ਵਿਸ਼ੇਸ਼ ਵਰਗ ਦਾ ਇਸ ਅਨਪੜ੍ਹਤਾ ਤੋਂ ਪੂਰਾ ਪੂਰਾ ਲਾਭ ਉਠਾਉਣਾ। ਉਹ ਵਰਗ ਸਾਧੂਆਂ, ਸੰਤਾਂ ਅਤੇ ਡੇਰਿਆਂ ਨੂੰ ਉਤਸ਼ਾਹਿਤ ਕਰਦਾ ਹੈ। ਅਣਹੋਣੀਆਂ ਨੂੰ ਹੋਣੀਆਂ ਨੂੰ ਬਣਾਉਂਦਾ ਹੈ ਅਤੇ ਵਿਸ਼ੇਸ਼ ਕਰਕੇ ਰੱਬ ਦਾ ਡਰ ਵੀ ਪੂਰਨ ਵਿਚ ਦਿਖਾਉਂਦਾ ਹੈ।ਰੱਬ ਦੇ ਡਰ ਤੋਂ ਲੋਕ ਇਸ ਭੈੜੇ ਚੱਕਰ 'ਚ ਪੈ ਕੇ ਆਪਣਾ ਜੀਵਨ ਗਵਾ ਲੈਂਦੇ ਹਨ।

ਚਰਿੱਤਰਹੀਣਤਾ ਦੀ ਇਕ ਉਦਾਹਰਣ ਮੈਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਗੱਲ 25 ਸਾਲ ਪੁਰਾਣੀ ਹੈ। ਮੈਂ ਉਸ ਸਮੇਂ ਫਤਿਹਗੜ੍ਹ ਸਾਹਿਬ ਦੇ ਇਕ ਵੱਡੇ ਸਰਕਾਰੀ ਸਕੂਲ ਵਿਚ ਲੈਕਚਰਾਰ ਦੇ ਤੌਰ ਤੇ ਸੇਵਾ ਨਿਭਾਅ ਰਿਹਾ ਸੀ। ਬਹੁਤ ਸਾਰੇ ਟੀਚਰ ਮੁਹਾਲੀ ਅਤੇ ਚੰਡੀਗੜ੍ਹ ਤੋਂ ਆ ਰਹੇ ਸਨ। ਸਕੂਲ 'ਚ ਚਰਚਾ ਸੀ ਕਿ ਚੰਡੀਗੜ੍ਹ 'ਚ ਇਕ ਮਰੇ ਹੋਏ ਵਿਅਕਤੀ ਨੂੰ, ਇਕ ਸਾਧੂ ਨੇ ਜਿਉਂਦਾ ਕਰਨਾ ਹੈ। ਤਰੀਕ ਨਿਸਚਿਤ ਕਰ ਦਿੱਤੀ ਗਈ। ਹਰ ਪਾਸੇ ਅਤੇ ਸਕੂਲ ਵਿਚ ਵੀ ਚਰਚਾ ਸੀ। ਮਰੇ ਹੋਏ ਵਿਅਕਤੀ ਦੀ ਇਸਤਰੀ ਸੁੰਦਰ ਸੀ, ਜਵਾਨ ਸੀ, ਮਾਲਦਾਰ ਇਸਤਰੀ ਸੀ।

ਜ਼ਿਆਦਾਤਰ ਟੀਚਰ ਅਤੇ ਲੋਕਾਂ ਦੀ ਚਰਚਾ ਸੀ ਕਿ ਸਾਧੂ ਬਹੁਤ ਪਹੁੰਚਿਆ ਹੋਇਆ ਹੈ। ਵੱਡੇ ਵੱਡੇ ਲੀਡਰ, ਅਫਸਰ ਖਾਸ ਕਰਕੇ ਪੁਲਿਸ, ਕਰਮਚਾਰੀ ਉਸ ਦੀ ਚੌਂਕੀ ਭਰਦੇ ਹਨ। ਮੈਂ ਆਪਣੇ ਵਿਦਿਆਰਥੀਆਂ ਅਤੇ ਸਾਥੀਆਂ ਨੂੰ ਸਮਝਾਇਆ ਕਿ ਬਾਬਾ ਇਕ ਡਰਾਮੇ ਰਾਹੀਂ ਸੁੰਦਰ ਇਸਤਰੀ ਅਤੇ ਉਸਦੀ ਦੌਲਤ 'ਤੇ ਕਬਜਾ ਕਰਨਾ ਚਾਹੁੰਦਾ ਹੈ। ਨਿਸਚਿਤ ਸਮੇਂ ਤੇ ਉਹੀ ਗੱਲ ਸੱਚ ਹੋਈ ਜੋ ਮੈਂ ਆਪਣੇ ਵਿਦਿਆਰਥੀਆਂ ਅਤੇ ਸਹਿਯੋਗੀਆਂ ਨੂੰ ਦੱਸੀ। ਪੁਲਿਸ ਨੇ ਬਾਬੇ ਤੇ ਕੁਟਾਪਾ ਚਾੜ੍ਹਿਆ ਅਤੇ ਉਹ ਮੰਨ ਗਿਆ ਕਿ ਮੇਰੀ ਮਨਸ਼ਾ ਸੁੰਦਰ ਇਸਤਰੀ ਅਤੇ ਉਸ ਨੂੰ ਹਥਿਆਉਣਾ ਸੀ। ਉਹ ਅੱਜ ਵੀ ਜੇਲ੍ਹ ਵਿਚ ਹੈ, ਪ੍ਰਮਾਤਮਾ ਦਾ ਸੱਚਾ ਸੇਵਕ ਜੇਲ੍ਹ ਦੀ ਤਾਜ਼ਾ ਹਵਾ ਖਾ ਰਿਹਾ ਹੈ। ਚਰਿੱਤਰਸ਼ੀਲ ਹੋਣਾ ਇਕ ਬਹੁਤ ਵੱਡਾ ਨਾਗਰਿਕ ਅਤੇ ਵਿਸ਼ੇਸ਼ ਗੁਣ ਹੈ। ਇਕ ਗੁਣ ਦੀ ਜਿੰਨੀ ਬੇਇਜ਼ਤੀ ਰਾਜਨੀਤਿਕ ਆਗੂਆਂ ਅਤੇ ਧਾਰਮਿਕ ਗੁਰੂਆਂ ਨੇ ਕੀਤੀ ਹੈ, ਉਨੀ ਆਮ ਨਾਗਰਿਕਾ ਨੇ ਨਹੀਂ ਕੀਤੀ।ਇੱਥੇ ਮੈਂ ਕੇਵਲ ਧਾਰਮਿਕ ਗੁਰੂਆਂ ਦੀ ਹੋਰ ਉਦਾਹਰਣ ਦੇਣੀ ਚਾਹੁੰਦਾ ਹਾਂ।

ਸਵਾਮੀ ਭੀਮਾ ਨੰਦ ਜੀ ਮਹਾਰਾਜ, ਚੰਦਰਾ ਸੁਆਮੀ ਹੈਦਰਾਬਾਦ, ਨਿਤਿਆਨੰਦ ਸਵਾਮੀ ਜੀ ਬੰਗਲੌਰ, ਰਾਧੇ ਮਾਂ, ਸੁਆਮੀ ਸਦਾਚਾਰੀ, ਸੁਆਮੀ ਪ੍ਰੇਮਾਨੰਦ, ਸਵਾਮੀ ਓਮ, ਸਾਧਵੀ ਨਿਗਿਆ ਠਾਕਰ ਸੂਰਤ, ਸਵਾਮੀ ਰਾਮਪਾਲ, ਬਾਪੂ ਆਸਾਰਾਮ ਜੀ ਮੁਰਾਰੀ ਅਤੇ ਉਸ ਦਾ ਪੁੱਤਰ, ਧਰਮਿੰਦਰ ਬ੍ਰਹਮਚਾਰੀ ਅਤੇ ਡੇਰਾ ਸੱਚਾ ਸੌਦਾ ਦਾ ਸੰਤ ਰਾਮ ਰਹੀਮ ਆਦਿ ਧਾਰਮਿਕ ਗੁਰੂਆਂ ਤੇ ਬਲਾਤਕਾਰ, ਸਰੀਰਕ ਸ਼ੋਸ਼ਣ, ਡਕੈਤੀਆਂ ਅਤੇ ਧੋਖਾਧੜੀ ਦੇ ਕੇਸ ਚੱਲ ਰਹੇ ਹਨ, ਜੇਲ੍ਹਾਂ 'ਚ ਹਨ।

15 ਅਗਸਤ 2017 ਅਤੇ 28 ਅਗਸਤ 2017 ਦਿਨ ਸੋਮਵਾਰ ਭਾਰਤੀ ਨਿਆਂ ਪ੍ਰਣਾਲੀ ਇਤਿਹਾਸਕ ਫੈਸਲੇ ਲਈ ਹਮੇਸ਼ਾ ਜਾਣੇ ਜਾਣਗੇ। ਇਕ ਦਿਨ ਇਕ ਡੇਰਾ ਸੱਚਾ ਸੌਦਾ ਦੇ ਪਰਮ ਪਿਤਾ, ਪ੍ਰਮਾਤਮਾ, ਮਹਾਰਾਜ/ਬਾਪੂ ਨੂੰ ਲੜਕੀਆਂ ਦੇ ਸਰੀਰਕ ਸ਼ੋਸ਼ਣ ਡਰਾਉਣ-ਧਮਕਾਉਣ ਤੇ 20 ਸਾਲ ਦੀ ਕੈਦ ਅਤੇ 28 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਆਪਣੇ ਇਤਿਹਾਸਕ ਫੈਸਲੇ ਅਨੁਸਾਰ ਇਹ ਵੀ ਫੈਸਲਾ ਸੁਣਾਇਆ ਹੈ ਕਿ ਸਰਕਾਰ ਦੀ ਸਹਿਮਤ ਨਾਲ ਹੀ ਡੇਰੇ ਦੇ ਬਾਬੇ ਨੂੰ ਇੰਨੀ ਅਹਿਮੀਅਤ ਮਿਲੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ, ਗੌਤਮ ਬੁੱਧ ਅਤੇ ਡਾ. ਅੰਬੇਡਕਰ ਸਾਹਿਬ ਨੇ ਇਸਤਰੀ ਦੇ ਮਾਣ ਅਤੇ ਸਨਮਾਨ ਲਈ ਭਰਪੂਰ ਯਤਨ ਕੀਤੇ ਹਨ। ਉਹਨਾਂ ਨੇ ਹਮੇਸ਼ਾ ਇਸਤਰੀ ਜਾਤੀ ਦੀ ਉਨਤੀ ਅਤੇ ਉਹਨਾਂ ਨੂੰ ਸਤਿਕਾਰ ਦੇਣ ਦੀ ਗੱਲ ਆਪਣੀ ਹੈ।

ਪੱਤਰਕਾਰਿਤਾ ਦੇ ਖੇਤਰ ਵਿਚ ਪਾਏ ਗਏ ਅਹਿਮ ਰੋਲ ਲਈ ਸ੍ਰੀ ਛਤਰਪਤੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਲੋਕਾਂ ਨੂੰ ਵੀ ਵਿਗਿਆਨਕ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣ ਕੇ ਸਮਾਜ ਦੀ ਤਰੱਕੀ 'ਚ ਅਹਿਮ ਰੋਲ ਪਾਉਣਾ ਚਾਹੀਦਾ ਹੈ। ਆਓ ਬਾਬਿਆਂ ਨੂੰ ਤਿਆਗੀਏ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕਾਰਜ ਕਰੀਏ ਅਤੇ ਸੰਵਿਧਾਨ ਨੂੰ ਸਹੀ ਅਰਥਾਂ 'ਚ ਲਾਗੂ ਕਰਵਾਉਣ ਲਈ ਕਾਰਜਸ਼ੀਲ ਹੋਈਏ।

# ਗੁਰਬਾਣੀ ਚਾਨਣ ਵਿੱਚ ਨਾਮ-ਸਿਮਰਨ

(ਸਫਾ 6 ਦੀ ਬਾਕੀ)

ਰਾਮੁ ਨਾ ਚੇਤਈ ਇਹੁ ਜਪੁਨੀ ਕਿਆ ਹੋਇ॥(੧੩੬੮) ਮੁਲਾਂ ਮੁਨਾਰੇ ਕਿਆ ਚਢੈ ਜਉ ਸਾਂਈ ਨ ਬਹਿਰਾ ਹੋਇ॥(ਕਬੀਰ) ਸਾਂਈ ਬੋਲਾ ਨਹੀਂ ਕਿ ਬਹੁਤ ਹੀ ਉੱਚੀ-ਉੱਚੀ ਬੋਲਣ ਤੇ ਹੀ ਸੁਣਦੈ ਸਗੋਂ ਉਹ ਤਾਂ-ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥(ਗੁਰੂ ਗ੍ਰੰਥ) ਸਿੱਖ ਰਹਿਤ ਮਰਯਾਦਾ ਵਿੱਚ ਵੀ ਵਿਅਕਤੀਗਤ ਸਿਮਰਨ ਦੀ ਹਦਾਇਤ ਹੈ ਨਾ ਕਿ ਸੰਗਤ ਵਿੱਚ ਜਾ ਕੇ ਉੱਚੀ-ਉੱਚੀ ਜਾਪ ਕਰਨ ਦੀ। ਗੁਰਦੁਆਰੇ ਦੇ ਸਿਰਲੇਖ ਹੇਠ ਦਰਜ ਹੈ ਕਿ ਗੁਰਦਆਰੇ ਵਿਖੇ ਗੁਰਬਾਣੀ ਦਾ ਪਾਠ, ਕੀਰਤਨ, ਕਥਾ, ਢਾਡੀ ਵਾਰਾਂ, ਗੁਰਮਤਿ ਵਿਖਿਆਨ, ਸੇਵਾ ਅਤੇ ਲੰਗਰ ਹੋਣੇ ਚਾਹੀਦੇ ਹਨ। ਸੰਗਤ ਗੁਰਦੁਆਰੇ ਸਿੱਖਨ ਅਤੇ ਸੇਵਾ ਲਈ ਆਉਂਦੀ ਹੈ ਨਾ ਕਿ ਸਮਾ ਪਾਸ ਕਰਨ। ਸਿੱਖਾਂ ਨੂੰ ਜਗਰਾਤਿਆਂ ਵਾਲਾ ਰਾਹ ਛੱਡ, ਗੁਰਮੁਖ ਗਾਡੀ ਰਾਹ ਹੀ ਅਪਨਾਉਣਾ ਚਾਹੀਦਾ ਹੈ-ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮਿ ਬੁਝਿ ਸੁਖੁ ਪਾਈਐ ਰੇ॥(੨੦੯) ਸਾਰੇ ਗੁਰ ਇਤਿਹਾਸ ਵਿੱਚ ਗੁਰਬਾਣੀ ਦਾ ਕੀਰਤਨ-ਕਥਾ-ਵਖਿਆਨ, ਢਾਡੀ ਵਾਰਾਂ ਅਤੇ ਸੇਵਾ ਦਾ ਜਿਕਰ ਬਾਰ ਬਾਰ ਆਉਂਦੈ, ਜਿਸ ਦੀ ਮਸਾਲ ਸ੍ਰੀ ਦਰਬਾਰ ਸਾਹਿਬ ਵਿਖੇ ਨਿਰੋਲ ਗੁਰਬਾਣੀ ਦਾ ਕੀਰਤਨ, ਅਕਾਲ ਤਖਤ 'ਤੇ ਢਾਡੀ ਵਾਰਾਂ ਅਤੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਬਾਣੀ ਅਤੇ ਗੁਰ ਇਤਿਹਾਸ ਦਾ ਕਥਾ ਪ੍ਰਚਾਰ ਹੀ ਚਲਦਾ ਹੈ।

### ਸੰਖੇਪ ਵਿੱਚ ਨਾਮ-ਸਿਮਰਨ ਦੇ ਅੰਗ

ਪੂਰੇ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਸੁਣਨਾ-ਪੂਰੇ ਗੁਰ ਕਾ ਸੁਣਿ ਉਪਦੇਸੁ॥(੨੯੫) ਅਕਾਲ ਪੁਰਖ ਨੂੰ ਹਰ ਵੇਲੇ ਅੰਗ ਸੰਗ ਪ੍ਰਤੀਤ ਕਰਨਾ-ਜਹ ਜਹ ਪੇਖਉ ਤਹਿ ਹਜ਼ੂਰਿ ਦੂਰਿ ਕਤਹੁ ਨ ਜਾਈ॥(੬੭੭) ਪ੍ਰਭੂ ਦੀ ਯਾਦ ਨੂੰ ਹਰ ਵੇਲੇ ਯਾਦ ਰੱਖਣਾ-ਅਠੇ ਪਹਿਰ ਇਕਤੈ ਲਿਵੈ(੯੫੯) ਆਸ਼ਾ ਰੂਪੀ ਨਾ ਰਹਿਣ ਵਾਲੀਆਂ ਤਰੰਗਾਂ ਅਤੇ ਸੰਸਾਰਕ ਵਸਤਾਂ ਦੇ ਮੋਹ ਦਾ ਤਿਆਗ-ਤਿਆਗਨਾ ਤਿਆਗਨ ਨੀਕਾ ਕਾਮੁ ਕ੍ਰੋਧੁ ਲੋਭੁ ਮੋਹੁ ਤਿਆਗਣਾ॥(੧੦੧੮) ਗੁਰਮੁਖਾਂ ਦੀ ਸੇਵਾ ਸੰਗਤ ਕਰਨ ਦੀ ਲਾਲਸਾ ਅਤੇ ਉਤਸ਼ਾਹ-ਸੇਈ ਪਿਆਰੇ ਮੇਲਿ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤਿ ਆਵੇ॥(ਅਰਦਾਸਿ) ਆਪਾ ਭਾਵ-ਵੱਖਰੀ ਹੋਂਦ ਦਾ ਅਹਿਸਾਸ ਤਿਆਗ, ਕਰਤਾਰ ਅੱਗੇ ਬੇਨਤੀਆਂ ਕਰਨਾ-ਆਪ ਗਵਾਈਐ ਤਾਂ ਸਹੁ ਪਾਈਐ॥(੭੨੨) ਗੁਰੂ ਦਾ ਹੁਕਮ ਮੰਨਣਾ-ਹੁਕਮਿ ਮੰਨਿਐ ਹੋਵੈ ਪਰਵਾਣ ਤਾਂ ਖਸਮੈ ਕਾ ਮਹਿਲੁ ਪਾਇਸੀ॥(੪੭੧) ਥੋੜਾਂ ਸੌਣਾ ਅਤੇ ਥੋੜਾ ਖਾਣਾ-ਥੋੜਾ ਸਵੈਂ ਥੋੜਾ ਹੀ ਖਾਵੈ। (ਭਾ.. ਗੁ) ਬੇਲੋੜੀ ਚੁਗਲੀ ਨਿਦਿਆ ਅਤੇ ਤਾਤ ਪਰਾਈ ਦਾ ਤਿਆਗ ਕਰਨਾ-ਨਿੰਦਾ ਭਲੀ ਕਿਸੇ ਕੀ ਨਾਹੀ ਮਨਮੁਖ ਮੁਗਧ ਕਰੰਨ॥(੭੫੫)..ਪਰਹਰਿ ਲੋਭ ਨਿੰਦਾ ਕੂੜ ਤਿਆਗੋ॥(੫੯੮) ਨਿੰਦਿਆ ਤੋਂ ਭਾਵ ਈਰਖਾ ਵੱਸ ਦੂਜੇ ਦੀ ਵਿਰੋਧਤਾ ਕਰਨੀ, ਸੱਚ ਬੋਲਦੇ ਸਿਧਾਂਤ ਦੀ ਗੱਲ ਕਰਨੀ ਨਿ-ਦਿਆ ਨਹੀਂ-ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥(੭੨੩) ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਥੋਥੇ ਕਰਮਕਾਂਡਾਂ, ਜਾਤ ਪਾਤ, ਨਾ ਬਰਾਬਰੀ ਜੋ ਉਸ ਵੇਲੇ ਦੇ ਬ੍ਰਾਹਮਣ, ਮੁਲਾਣੇ, ਰਾਜੇ ਅਤੇ ਯੋਗੀ ਆਦਿਕ ਧਾਰਮਿਕ ਲੋਕ ਜਨਤਾ ਵਿੱਚ ਪ੍ਰਚਾਰ ਰਹੇ ਸਨ, ਦਾ ਖੁੱਲ੍ਹੇ ਸ਼ਬਦਾਂ ਵਿੱਚ ਖੰਡਨ ਕੀਤਾ। ਜੇ ਸਿੱਖ ਅੱਜ ਵੀ ਸੱਚੀ ਬਾਣੀ ਦੀ ਗੱਲ ਕਰਦੈ ਤਾਂ ਇਹ ਨਿੰਦਿਆ ਨਹੀਂ ਸਗੋਂ ਯਥਾਰਥ ਕੀ ਬਾਤ ਹੈ। ਜਿਵੇਂ ਉਪ੍ਰੋਕਤ ਆਗੂਆਂ ਨੂੰ ਉਸ ਵੇਲੇ ਸੱਚ ਕੌੜਾ ਲਗਦਾ ਸੀ ਇਵੇਂ ਹੀ ਅੱਜ ਦੇ ਸੰਪ੍ਰਦਾਈ ਸਾਧਾਂ ਜਾਂ ਉਨ੍ਹਾਂ ਦੇ ਪੈਰੋਕਾਰਾਂ ਨੂੰ ਲੱਗ ਰਿਹਾ ਹੈ।

ਧਰਮ ਦੀ ਕਿਰਤ ਕਰਦੇ, ਘਰ ਪ੍ਰਵਾਰ ਵਿੱਚ ਰਹਿੰਦਿਆਂ, ਲੋਕ-ਭਲਾਈ ਦੇ ਕੰਮ ਕਰਦਿਆਂ, ਪ੍ਰਮਾਤਮਾਂ ਦੀ ਯਾਦ ਵਿੱਚ ਸਫਲ ਜੀਵਨ ਜੀਣਾ ਹੀ ਨਾਮ-ਸਿਮਰਨ ਹੈ। ਸਿੱਖ ਧਰਮ ਦੀ ਸਾਰੀ ਟੇਕ ਹੀ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੇ ਸਿਧਾਂਤ 'ਤੇ ਖੜੀ ਹੈ। ਕਿਸੇ ਇੱਕ ਸ਼ਬਦ ਦਾ ਬਾਰ ਬਾਰ ਰਟਨ ਨਾਮ-ਸਿਮਰਨ ਨਹੀਂ ਬਲਕਿ ਸ਼ਬਦ ਗਿਆਨ ਨੂੰ ਸਮਝ ਕੇ, ਕਰਤੇ ਦੀ ਕੁਦਰਤ ਦੇ ਹੈਰਾਨੀ ਜਨਕ ਕਾਰਨਾਮੇ ਤੱਕ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰਦੇ, ਸਫਲ ਜੀਵਨ ਜੀਂਦੇ, ਉਸ ਤੋਂ ਸਦਾ ਸਦ ਬਲਿਹਾਰ ਜਾਂਦੇ ਹੋਏ ਰੱਬੀ ਗੁਣਾਂ ਨੂੰ ਧਾਰਨ ਕਰਨਾ ਹੀ ਨਾਮ-ਸਿਮਰਨ ਹੈ (ਗੁਰੂ ਗ੍ਰੰਥ ਸਾਹਿਬ) ਨਹੀਂ ਤਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ-ਚਿੰਤਾਮਨ ਚਿਤਵਤ ਚਿੰਤਾ ਚਿਤ ਤੇ ਚੁਰਾਈ, ਅਜੋਨੀ ਅਰਾਧੇ ਜੋਨਿ ਸੰਕਟ ਕਟਾਏ ਹੈਂ। ਜਪਤ ਅਕਾਲ ਕਾਲ ਕੰਟਕ ਕਲੇਸ਼ ਨਾਸੇ, ਨਿਰਭੈ ਭਜਤ ਭ੍ਰਮ ਭੈ ਦਲ ਭਜਾਏ ਹੈਂ।ਸਿਮਰਤ ਨਾਥ ਨਿਰਵੈਰ, ਵੈਰ ਭਾਉ ਤਯਾਗਯੋ, ਭਾਗਯੋ ਭੇਦ ਖੇਦ ਨਿ-ਰਭੇਦ ਗੁਣ ਗਾਏ ਹੈਂ।

ਅਕੁਲ ਅੰਚਲ ਗਹਿ ਕੁਲ ਨ ਵਿਚਾਰੈ ਕੋਊ, ਅਟਲ ਸ਼ਰਨ ਆਵਾਗਵਨ ਮਿਟਾਏ ਹੈਂ॥੪੦੮॥ਇਸ ਕਬਿਤ ਦਾ ਸਮੁੱਚਾ ਭਾਵ ਜੋ ਚਿੰਤਾਮਨ ਕਰਤਾਰ ਨੂੰ ਸਿਮਰ ਕੇ ਚਿੰਤਾ ਮੁਕਤ ਨਹੀਂ ਹੋਇਆ। ਅਕਾਲ ਅਕਾਲ ਜਪਦਾ ਹੋਇਆ ਕਾਲ(ਮੌਤ) ਤੋਂ ਡਰਦਾ ਹੈ। ਨਿਰਭੈ ਦਾ ਜਾਪ ਕਰਦਾ ਵੀ ਡਰੀ ਜਾ ਰਿਹਾ ਹੈ। ਨਿਰਵੈਰ ਦਾ ਸਿਮਰਨ ਕਰਦਾ ਵੀ ਵੈਰ ਭਾਵ ਨਹੀਂ ਤਿਆਗਦਾ। ਨਿਰਭੇਦ ਦੇ ਗੁਣ ਗਉਂਦਾ ਹੋਇਆ ਵੀ ਭੇਦ ਭਾਵ ਰੱਖਦਾ ਹੈ। ਜਾਤ, ਪਾਤ, ਕੁਲ ਰਹਿਤ ਪ੍ਰਭੂ ਨੂੰ ਧਿਆਉਂਦਾ ਹੋਇਆ ਵੀ ਜਾਤ-ਪਾਤ ਉੱਚੀ ਨੀਵੀਂ ਕੁਲ ਦਾ ਭਰਮ ਪਾਲਦਾ ਹੈ ਤਾਂ ਉਹ ਤੋਤਾ ਰਟਨੀ ਪਾਖੰਡ ਕਰ ਰਿਹਾ ਹੈ। ਭਾਵ ਜੋ ਕਹਿ-ਦੈ, ਕਰਦਾ ਉਸ ਦੇ ਉਲਟ ਏ ਤਾਂ ਉਹ ਸਿਮਰਨ ਨਹੀਂ ਸਗੋਂ ਢੌਂਗ ਤੇ ਧਰਮੀ ਹੋਣ ਦਾ ਵਿਖਾਵਾ ਹੈ।

ਗੁਰਮਤਿ ਨਾਮ-ਸਿਮਰਨ ਹੈ-ਗੁਣ ਕਹੈ ਗੁਣੀ ਸਮਾਵਣਿਆਂ॥ ਭਾਈ ਸਾਹਿਬ ਹੋਰ ਫੁਰਮਾਂਦੇ ਹਨ-ਗਾਏ ਸੁਣੇ ਆਂਖੇਂ ਮੀਚੇ ਪਾਈਐ ਨਾ ਪਰਮ ਪਦ ਗੁਰ ਉਪਦੇਸਿ ਗਹਿ ਜਉ ਲਉ ਨਾ ਕਮਾਈਐ।(ਭਾ.ਗੁ) ਭਾਈ ਕਾਨ੍ਹ ਸਿੰਘ ਨਾਭਾ ਵੀ ਗੁਰਮਤਿ ਮਾਰਤੰਡ ਦੇ ਪੰਨਾ-628 ਤੇ ਲਿਖਦੇ ਹਨ ਕਿ ਗੁਰਮਤਿ ਵਿੱਚ ਨਾਮ ਜਪ ਨਾਲੋਂ ਸਿਮਰਨ ਦੀ ਵੱਡੀ ਮਹਿਮਾਂ ਹੈ, ਕਿਉਂਕਿ ਮਨ ਦੀ ਇਕਾਗਰਤਾ ਅਤੇ ਸ਼ੁੱਧ ਪ੍ਰੇਮ ਬਿਨਾ, ਸਿਮਰਨ ਹੋ ਨਹੀਂ ਸਕਦਾ ਅਤੇ ਸਿਮਰਨ ਨਾਲ ਚਿੱਤ-ਬਿਰਤੀ ਨਾਮ ਦੇ ਭਾਵ ਵਿੱਚ ਜੁੜ ਜਾਂਦੀ ਹੈ। ਇਸੇ ਨੂੰ ਸਤਿਗੁਰੂ ਨੇ ਜਪੁ ਦੇ ਅੰਤਿਮ ਸ਼ਲੋਕ ਵਿੱਚ ਨਾਮ ਧਿਆਉਣਾ ਲਿਖਿਆ ਹੈ-ਜਿਨ੍ਹੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥(ਜਪੁਜੀ) ਨਾਮ ਧਿਆਉਣ ਦੀ ਜੁਗਤੀ-ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ॥(੬੬੯) ਨਾਮ ਧਿਆਉਣ, ਸਿਮਰਨ ਕਰਨ ਅਤੇ ਜਾਪ ਕਰਨ ਦਾ ਗੁਰਮਤਿ ਸਿਧਾਂਤ ਅਨੁਸਾਰ ਭਾਵ ਇਹ ਹੈ ਕਿ ਪ੍ਰਭੂ ਪ੍ਰਮਾਤਮਾਂ ਦੇ ਗੁਣ, ਗਾਉਣਾ, ਗੁਣ ਧਾਰਨ ਕਰਨਾ ਅਤੇ ਉਸ ਨਾਲ ਪਿਆਰ ਪਾ, ਅੰਦਰੋਂ ਹਉਮੇ ਹੰਕਾਰ ਕੱਢ, ਜੀਵਨ ਦੇ ਕਰਮ ਕਰਨੇ ਨਾ ਕਿ ਕਿਸੇ ਇੱਕ ਸ਼ਬਦ ਦਾ ਜਾਪ ਜਾਂ ਵਾਰ ਵਾਰ ਰਟਨਾ ਸਿਮਰਨ ਹੈ। ਇਸ ਲੇਖ ਵਿੱਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਗੁਰਮਤਿ ਨਾਮ-ਸਿਮਰਨ ਦਾ ਸਿਧਾਂਤ ਸਮਝਣਾ ਜਰੂਰੀ ਹੈ। ਬਾਣੀ ਦਾ ਪਾਠ, ਕੀਰਤਨ ਕਥਾ ਵਿਚਾਰ ਜੇ ਕਰਤੇ ਦੇ ਧਿਆਨ ਵਿੱਚ ਕੀਤੇ ਜਾਣ ਤਾਂ ਇਹ ਨਾਮ-ਸਿਮਰਨ ਹੀ ਹੈ। ਬਾਕੀ ਮੱਤਾਂ ਦੀ ਰੀਸ ਸਿੱਖ ਨੇ ਨਹੀਂ ਕਰਨੀ ਕਿਉਂਕਿ ਸਿੱਖ ਧਰਮ ਨਵੀਨ, ਵਿਗਿਆਨਕ ਧਰਮ ਅਤੇ ਇਸ ਦੇ ਸਿਧਾਂਤ ਵੀ ਬਾਕੀ ਧਰਮਾਂ ਨਾਲੋਂ ਵਿਲੱਖਣ ਹਨ। ਹਾਂ ਚੰਗੇ ਗੁਣਾਂ ਦੀ ਸਾਂਝ ਕੀਤੀ ਜਾ ਸਕਦੀ ਹੈ ਨਾ ਕਿ ਕਰਮਕਾਂਡੀ ਰੀਤਾਂ ਦੀ-ਸਾਂਝ ਕਰੀਜੈ ਗੁਣਹ ਕੇਰੀ ਛਾਡਿ ਅਵਗੁਣ ਚਲੀਐ॥(੭੬੬) ਸਿੱਖ ਨੇ ਸਹਿਜ ਅਵੱਸਥਾ ਵਿੱਚ ਸਿਮਰਨ ਕਰਨਾ ਹੈ ਨਾ ਕਿ ਤੋਤਾ ਰਟਨੀ ਜਾਂ ਜਗਰਾਤਾ ਜਾਪ-ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ ਸਹਿਜ ਬਿਲੋਵਹੁ ਜੈਸੇ ਤਤੁ ਨਾ ਜਾਈ॥(੪੭੮) ਧਿਆਨ ਸਹਿਜ ਵਿੱਚ ਹੀ ਧਾਰਿਆ ਜਾ ਸਕਦਾ ਹੈ ਨਾ ਕਿ ਕਾਹਲੀ ਵਿੱਚ। ਗੁਰਮਤਿ ਗਿਆਨ ਤੇ ਸ਼ਰਧਾ ਦੋਵੇਂ ਜਰੂਰੀ ਹਨ।

ਅੰਨ੍ਹੀ ਸ਼ਰਧਾ ਤੇ ਥੋਥਾ ਗਿਆਨ ਦੋਵੇਂ ਹੀ ਨੁਕਸਾਨ-ਦੇਹ ਹਨ। ਸਿੱਖ ਨੇ ਪਹਿਲ ਗਿਆਨ ਨੂੰ ਦੇਣੀ ਅਤੇ ਗੁਰਬਾਣੀ ਦੀ ਰੌਸ਼ਨੀ ਵਿੱਚ ਸਿੱਖ ਰਹਿਤ, ਫਿਲੌਸਫੀ ਅਤੇ ਇਤਿਹਾਸ ਨੂੰ ਵਾਚ ਕੇ ਚੱਲਣਾ ਹੈ।

ਕਿਸੇ ਡੇਰੇਦਾਰ ਜਾਂ ਸੰਪਰਦਾ ਜਾਂ ਟਕਸਾਲ ਦੀ ਮਰਯਾਦਾ ਗੁਰਮਤਿ ਨਹੀਂ ਹੋ ਸਕਦੀ। ਪ੍ਰਚਾਰਕਾਂ ਕਥਾਵਾਚਕਾਂ ਨੂੰ ਵੀ ਕਿਸੇ ਡੇਰੇ ਦੀ ਮਰਯਾਦਾ ਦਾ ਪ੍ਰਚਾਰ ਗੁਰਦੁਆਰੇ ਨਹੀਂ ਕਰਨਾ ਚਾਹੀਦਾ। ਸਿੱਖ ਨੇ ਨਾਮ-ਸਿਮਰਨ ਦੀ ਵੀ ਗੁਰੂ ਗ੍ਰੰਥ ਤੋਂ ਸੇਧ ਲੈਣੀ ਹੈ ਨਾ ਕਿ ਕਿਸੇ ਸਾਧ ਸੰਤ ਤੋਂ। ਸਿੱਖ ਨੇ ਮੂਲ ਮੰਤ੍ਰ ਦੇ ਸਿਧਾਂਤ ਤੋਂ ਬਾਹਰ ਨਹੀਂ ਜਾਣਾ ਕਿਉਂਕਿ ਮੂਲ-ਜੜਾਂ ਨਾਲੋਂ ਟੁੱਟਿਆ ਰੁੱਖ ਸੁੱਕ ਜਾਂਦਾ ਹੈ। ਨਾਮ-ਸਿਮਰਨ ਦਾ ਮਤਲਵ ਵੀ ਮੂਲ ਨਾਲ ਜੁੜੇ ਰਹਿਣਾ ਹੈ-ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲੁ ਪਛਾਣੁ॥(੪੪੧)

# ਸਿੱਖੀ, ਡੇਰਾਵਾਦ ਅਤੇ ਦਲਿਤ



ਕੁਲਵੰਤ ਸਿੰਘ ਟਿੱਬਾ
91-92179-71379

ਬੀਤੇ ਦਿਨੀਂ ਹਰਿਆਣਾ ਦੇ ਪ੍ਰਸਿੱਧ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਚਕੂਲਾ ਦੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵੱਲੋਂ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਜੱਜ ਜਗਦੀਪ ਸਿੰਘ ਵੱਲੋਂ ਵੀਹ ਸਾਲ ਦੀ ਕੈਦ ਅਤੇ ਤੀਹ ਲੱਖ ਰੁਪੈ ਦਾ ਜੁਰਮਾਨਾ ਕਰਨ ਦੀ ਸਜਾ ਅਤੇ ਡੇਰਾ ਪੈਰੋਕਾਰਾਂ ਵੱਲੋਂ ਸਜ਼ਾ ਦੇ ਐਲਾਨ ਉਪਰੰਤ ਹਿੰਸਕ ਹੋਣ ਕਾਰਣ ਡੇਰਾਵਾਦ ਦੇ ਵਧਦਾ ਪ੍ਰਭਾਵ ਦੇ ਕਾਰਨਾਂ ਤੇ ਵੱਡੀ ਬਹਿਸ ਛਿੜ ਗਈ ਹੈ। ਇਹ ਇੱਕ ਕੌੜਾ ਸੱਚ ਹੈ ਕਿ ਪੰਜਾਬ ਅੰਦਰ ਸਿੱਖ ਧਰਮ ਨਾਲ ਸਬੰਧਿਤ ਸਮਾਜਿਕ ਅਤੇ ਆਰਥਿਕ ਤੌਰ ਤੇ ਪਛੜੇ ਦਲਿਤ ਲੋਕਾਂ ਦਾ ਰੁਝਾਨ ਡੇਰਿਆਂ ਵੱਲ ਬੜੀ ਤੇਜ਼ੀ ਨਾਲ ਵਧਿਆ ਹੈ,ਕਿਉਂਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਗਰੀਬ ਸਿੱਖਾਂ ਵੱਲ ਧਿਆਨ ਹੀ ਨਹੀਂ ਦਿੱਤਾ ਹੈ ਅਤੇ ਜਾਤ ਪਾਤ ਅਤੇ ਛੂਆਛਾਤ ਰਹਿਤ ਸਿੱਖ ਫ਼ਲਸਫ਼ੇ ਅਤੇ ਗੁਰੂ ਸਾਹਿਬਾਨ ਦੀ ਸੋਚ ਨੂੰ ਅਮਲੀ ਤੌਰ ਤੇ ਆਪਣੇ ਜੀਵਨ ਵਿੱਚ ਲਾਗੂ ਨਹੀਂ ਕੀਤਾ। ਅਜੋਕੇ ਦੌਰ ਵਿੱਚ ਸਿੱਖਾਂ ਦੀਆਂ ਇਹ ਦੋਵੇਂ ਸਿਰਮੌਰ ਸੰਸਥਾਵਾਂ ਨੂੰ ਆਤਮ ਚਿੰਤਨ ਦੀ ਅਤਿਅੰਤ ਲੋੜ ਹੈ। ਪੰਜਾਬ ਅੰਦਰ ਡੇਰਾਵਾਦ ਦੇ ਫੈਲਾਓ ਦਾ ਮੁੱਖ ਕਾਰਣ ਗਰੀਬ ਸਿੱਖਾਂ ਨੂੰ ਮਾਣ ਸਨਮਾਨ ਦੀ ਅਣਹੋਂਦ ਮੰਨਿਆ ਜਾ ਸਕਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਬਣੇ ਜਾਤੀ ਆਧਾਰਿਤ ਗੁਰਦੁਆਰੇ ਅਤੇ ਸ਼ਮਸ਼ਾਨਘਾਟ ਇਸਦੀ ਪ੍ਰਸ਼ਟੀ ਕਰਦੇ ਹਨ ਪਰ ਹੈਰਾਨੀਜਨਕ ਪਹਿਲੂ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਕਦੇ ਵੀ ਇਹਨਾਂ ਦੇ ਨਿਰਮਾਣ ਵਿਰੁੱਧ ਜਾਂ ਗੁਰੂਘਰ,ਸ਼ਮਸ਼ਾਨਘਾਟ ਇੱਕ ਕਰਨ ਲਈ ਹੁਕਮਨਾਮਾ ਜਾਰੀ ਨਹੀ ਕੀਤਾ। ਧਰਮ ਨੂੰ ਸਿਆਸਤ ਲਈ ਵਰਤੇ ਜਾਣ ਦੀ ਬਿਰਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਪ੍ਰਕਿਰਿਆ ਨੇ ਵੀ ਸਿੱਖੀ ਨੂੰ ਵੱਡੀ ਢਾਹ ਲਾਈ ਹੈ। ਹਥਲੇ ਲੇਖ ਦਾ ਮੰਤਵ ਡੇਰਾਵਾਦ ਦੇ ਫੈਲਾਓ ਦੇ ਕਾਰਣ ਅਤੇ ਸਿੱਖ ਸੰਸਥਾਵਾਂ ਦੀ ਭੂਮਿਕਾ ਦੀ ਪੜਚੋਲ ਕਰਨਾ ਹੈ। ਸਿੱਖਾਂ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਮਾਜਿਕ ਅਤੇ ਵਿਚਾਰਧਾਰਕ ਤੌਰ ਤੇ ਠੋਸ ਹਸਤੀ, ਸਿੱਖ ਧਰਮ ਤੋਂ ਇਲਾਵਾ ਹੋਰਨਾਂ ਧਰਮਾਂ ਬਾਰੇ ਪਰਪੱਕ ਸਮਝ ਦਾ ਹੋਣਾ ਲਾਜ਼ਮੀ ਹੈ। ਜਥੇਦਾਰ ਦੀ ਵਿਅਕਤੀਗਤ ਜੀਵਨ ਦੋਸ਼ ਰਹਿਤ, ਪਰਿਵਾਰ ਅਤੇ ਰਿਸ਼ਤੇਦਾਰ ਸਿੱਖ ਪਰੰਪਰਾਵਾਂ ਵਿੱਚ ਸਾਬਤ ਸੂਰਤ ਹੋਣ ਦੇ ਨਾਲ ਨਾਲ ਉਸਦਾ ਸਮਾਜਿਕ ਵਰਤਾਰਾ ਕਿੰਨਾ ਲੋਕਾਂ ਨਾਲ ਹੈ, ਆਦਿ ਗੱਲਾਂ ਵੀ ਜਥੇਦਾਰ ਦੀ ਹਸਤੀ ਨੂੰ ਠੋਸ ਬਣਾਉਂਦੀਆਂ ਹਨ। ਗੁਰਮਤਿ ਸਿਧਾਂਤ ਅਤੇ ਸਿੱਖੀ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਜਾਣੇ ਜਾਂਦੇ ਸ੍ਰ.ਅਕਾਲੀ ਫੂਲਾ ਸਿੰਘ ਵਰਗੇ ਜਥੇਦਾਰਾਂ ਦੀ ਲੋੜ ਹੈ, ਜਿਹਨਾਂ ਨੇ ਸਿੱਖ ਹੁਕਮਰਾਨ ਮਹਾਰਾਜਾ ਰਣਜੀਤ ਸਿੰਘ ਨੂੰ ਕੁਹਾਹਿਤਾਂ ਕਾਰਣ ਕੋਹੜੇ ਮਾਰਨ ਦੀ ਸਜਾ ਦਿੱਤੀ ਸੀ। ਪਰ ਜਥੇਦਾਰ ਦੀ ਨਿਯੁਕਤੀ ਸਮੇਂ ਅਜਿਹੇ ਪਹਿਲੂ ਵਿਚਾਰਨ ਦੀ ਥਾਂ ਸਿੱਖ ਸੰਸਥਾਵਾਂ ਤੇ ਕਾਬਜ਼ ਧਿਰ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫ਼ਾਦਾਰੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ। ਪਿਛਲੇ ਦੋ ਦਹਾਕਿਆਂ ਤੋਂ ਜਥੇਦਾਰਾਂ ਪ੍ਰਤੀ ਆਮ ਲੋਕਾਂ ਦੀ ਲੋਕਾਂ ਦੀ ਸੋਚ ਅਕਾਲੀ ਦਲ ਅਤੇ ਉਸਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਦੇ ਯੈਸ ਮੈਨ ਕਰਕੇ ਹੈ। ਜਥੇਦਾਰ ਨੂੰ ਜ਼ਿੰਮੇਵਾਰੀ ਤੋਂ ਮੁਕਤ ਵੀ ਇਸ ਤਰਾਂ ਕੀਤਾ ਜਾਂਦਾ ਹੈ ਜਿਵੇਂ ਕੋਈ ਜੱਟ ਆਪਣੇ ਸੀਰੀ ਨੂੰ ਕੰਮ ਤੋਂ ਹਟਾਉਂਦਾ ਹੈ। ਸ੍ਰੀ ਆਕਲ ਤਖਤ ਤੋਂ ਬੇਲੋੜੇ ਅਤੇ ਵਿਵਾਦਪੂਰਨ ਹੁਕਮਨਾਮੇ ਬਿਨਾ ਸੋਚੇ ਸਮਝੇ ਤੋਂ ਸੁਣਾ ਦਿੱਤੇ ਜਾਂਦੇ ਹਨ , ਸਿੱਖ ਇਹਨਾਂ ਹੁਕਮਨਾਮਿਆਂ ਨੂੰ ਕਿੰਨਾ ਕੁ ਮੰਨਦੇ ਹਨ, ਇਸਦੀ ਪੜਚੋਲ ਕੋਈ ਮਹੱਤਵ ਨਹੀਂ ਰੱਖਦੀ। ਡੇਰਾ ਮੁਖੀ ਰਾਮ ਰਹੀਮ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਵੀ ਅਜਿਹਾ ਹੀ ਵਾਪਰਿਆ। ਸਿੱਖਾਂ ਨੂੰ ਵਾਰ ਵਾਰ ਇਹੀ ਦੁਹਾਈ ਦਿੱਤੀ ਜਾਂਦੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਛੇਵੇਂ ਪਾਤਿਸਾਹ ਦਾ ਬਣਾਇਆ ਹੋਇਆ ਪਰ ਇਸ ਪਹਿਲੂ ਤੇ ਕੋਈ ਗ਼ੌਰ ਨਹੀਂ ਕਿ ਇਹ ਸਭ ਉਦੋਂ ਹੀ ਅਰਥਸ਼ੀਲ ਬਣੇਗਾ, ਜਦੋਂ ਵਰਤਮਾਨ ਸਮੇਂ ਵਿੱਚ ਜਥੇਦਾਰ ਦੀ ਸ਼ਖ਼ਸੀਅਤ ਆਮ ਸਿੱਖਾਂ ਦੇ ਮਨਾਂ ਤੇ ਆਪਣਾ ਪ੍ਰਭਾਵ ਪਾਵੇਗੀ। ਕਿਉਂਕਿ ਛੇਵੇਂ ਪਾਤਿਸਾਹ ਸਮੇਂ ਉਹਨਾਂ ਦਾ ਵਿਅਕਤੀਗਤ ਜੀਵਨ ਅਤੇ ਉਹਨਾਂ ਦੀ ਸ਼ਖ਼ਸੀਅਤ ਸੀ ਕਿ ਆਮ ਸਿੱਖ ਉਹਨਾਂ ਵੱਲ ਖਿੱਚੇ ਚਲੇ ਜਾਂਦੇ ਸੀ।

ਵਿਚਾਰਨਯੋਗ ਗੱਲ ਹੈ ਕਿ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਥਾਪਨਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਕਿੰਨੀ ਵੱਡੀ ਪਰੰਪਰਾ ਅਤੇ ਸੁਨਾਰਿਹੀ ਇਤਿਹਾਸ ਹੈ, ਪਰ ਵਰਤਮਾਨ ਵਿੱਚ ਜਥੇਦਾਰ ਦੀ ਕਮਜ਼ੋਰ ਸ਼ਖ਼ਸੀਅਤ ਅਤੇ ਚੋਣ ਵਿਧੀ ਸਹੀ ਨਾ ਹੋਣ ਕਾਰਣ ਡੇਰਾਵਾਦ ਤੇਜ਼ੀ ਨਾਲ ਫੈਲ ਰਿਹਾ ਹੈ ਜਦਕਿ ਡੇਰਿਆਂ ਦਾ ਸਿਧਾਂਤ ਅਤੇ ਸੋਚ ,ਸਿੱਖ ਸਿਧਾਂਤਾਂ ਅਤੇ ਫ਼ਿਲਾਸਫ਼ੀ ਦੇ ਨੇੜੇ ਤੇੜੇ ਵੀ ਨਹੀ ਹੈ। ਡੇਰਾਵਾਦ ਦੇ ਫੈਲਾਓ ਦਾ ਮੁੱਖ ਕਾਰਣ ਇਹੀ ਹੈ ਕਿ ਅਸੀਂ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਾਰਧਾਰਾ ਨੂੰ ਵਿਹਾਰਕ ਤੌਰ ਤੇ ਆਪਣੇ ਜੀਵਨ ਦਾ ਹਿੱਸਾ ਨਹੀਂ ਬਣਾ ਸਕੇ। ਮੌਜੂਦਾ ਦੌਰ ਵਿੱਚ ਅਸੀਂ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ', ਕਿਰਤੀਆਂ ਕੰਮੀਆਂ-ਕਮੀਨੀਆਂ ਦੇ ਸਿਰ ਪਾਤਿਸਾਹੀ ਸਜਾਉਣ ਦੇ ਸੰਕਲਪ ਤੋਂ ਮੂੰਹ ਮੋੜ ਲਿਆ ਹੈ। ਬੇਸ਼ੱਕ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦਾ ਅੰਦਰਲਾ ਪੱਖ ਨਕਾਰਤਮਕ, ਨਿੰਦਣਯੋਗ ਅਤੇ ਸ਼ਰਮਨਾਕ ਹੈ ਪਰ ਉਸਦਾ ਬਾਹਰੀ ਖੱਖ ਬੇਹੱਦ ਸਕਾਰਾਤਮਿਕ ਅਤੇ ਮਜ਼ਬੂਤ ਹੈ, ਜਿਸ ਕਾਰਣ ਗਰੀਬ ਸਿੱਖ ਵੀ ਡੇਰੇ ਦੇ ਪੈਰੋਕਾਰ ਬਣ ਗਏ। ਖ਼ੂਨਦਾਨ,ਅੰਗ ਦਾਨ,ਪੌਦੇ ਲਗਾਉਣ ਵਰਗੇ ਸਮਾਜ ਭਲਾਈ ਦੇ ਕੰਮਾਂ ਵਿੱਚ ਡੇਰਾ ਸਿਰਸਾ ਦੇ ਨਾਂ ਕੁੱਲ 53 ਰਿਕਾਰਡ ਦਰਜ ਹਨ, ਜਿਹਨਾਂ ਵਿੱਚ ਗਿੰਨੀਜ ਬੁੱਕ ਵਰਲਡ ਰਿਕਾਰਡ ਵਿੱਚ 17 ਰਿਕਾਰਡ,ਏਸ਼ੀਆ ਬੁੱਕ ਰਿਕਾਰਡ ਵਿੱਚ 17,ਇੰਡੀਆ ਬੁੱਕ ਰਿਕਾਰਡ ਵਿੱਚ 7 ਅਤੇ ਲਿਮਕਾ ਬੁੱਕ ਰਿਕਾਰਡ ਵਿੱਚ 2 ਰਿਕਾਰਡ ਜ਼ਿਕਰਯੋਗ ਹੈ। ਅਜਿਹੇ ਕਿਹੜੇ ਕੰਮ ਹਨ ਜੋ ਡੇਰਾ ਸਿਰਸਾ ਦਾ ਮੁਖੀ ਰਾਮ ਰਹੀਮ ਤਾਂ ਕਰ ਸਕਦਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਕਰ ਸਕਦੀ ਹੋਵੇ। ਜੇਕਰ ਅਸੀਂ ਸਿੱਖ ਧਰਮ ਵਿੱਚ ਆ ਚੁੱਕੀਆਂ ਗਿਰਵਟਾਂ ਅਤੇ ਡੇਰਾਵਾਦ ਦੇ ਫੈਲਾਓ ਦੀ ਸੱਚੀ ਪੜਚੋਲ ਨਹੀਂ ਕਰਦੇ ਤਾਂ ਅਸੀ ਆਪਣੇ ਆਪ ਨੂੰ ਧੋਖਾ ਦੇ ਰਹੇ ਹਾਂ। ਡੇਰਾ ਮੁਖੀ ਰਾਮ ਰਹੀਮ ਨੂੰ ਸਜਾ ਹੋਣ 'ਤੇ ਖ਼ੁਸ਼ ਹੋਈ ਜਾਣ ਨਾ ਕੁੱਝ ਨਹੀਂ ਹੋਣ ਲੱਗਿਆ। ਪੰਜਾਬ ਅੰਦਰ ਹੋਰ ਵੀ ਸੈਂਕੜੇ ਡੇਰੇ ਹਨ, ਜਿਹਨਾਂ ਦੀ ਆਪਣੀ ਵੱਖਰੀ ਪਰੰਪਰਾ ਹੈ,ਇਹੀ ਲੋਕ ਕਿਸੇ ਹੋਰ ਡੇਰੇ ਦੇ ਪੈਰੋਕਾਰ ਬਣ ਜਾਣਗੇ। ਜਿਸ ਤਰਾਂ ਸਿੱਖ ਗੁਰੂ ਸਾਹਿਬਾਨ ਨੇ ਕੰਮੀਆਂ, ਕਿਰਤੀਆਂ ਨੂੰ ਆਪਣੀ ਹਿੱਕ ਨਾਲ ਲਾਇਆ, ਇੱਜ਼ਤ, ਮਾਣ-ਸਨਮਾਨ ਅਤੇ ਪਾਤਿਸਾਹੀਆ ਬਖ਼ਸ਼ੀਆਂ, ਉਸੇ ਤਰਾਂ ਹੀ ਮੌਜੂਦਾ ਦੌਰ ਵਿੱਚ ਕਾਰਜ ਵਿੱਢਣ ਦਾ ਲੋੜ ਹੈ। ਇਕੱਲੇ ਸੰਗਮਰਮਰ ਦੇ ਗੁਰੂਘਰ ਉਸਾਰਨ ਨਾਲ ਸਿੱਖੀ ਦਾ ਪ੍ਰਚਾਰ ਨਹੀ ਹੋਣ ਲੱਗਿਆ ਸਗੋਂ ਸਾਨੂੰ ਆਪਣੇ ਜੀਵਨ ਵਿੱਚ ਸਿੱਖੀ ਨੂੰ ਪ੍ਰੈਕਟੀਕਲ ਰੂਪ ਵਿੱਚ ਲਾਗੂ ਕਰਨਾ ਪਵੇਗਾ। ਸ਼੍ਰੋਮਣੀ ਕਮੇਟੀ ਨੂੰ ਧਰਮ ਪ੍ਰਚਾਰ ਦੀ ਸਿੱਖਿਆ ਦੇ ਨਾਲ ਨਾਲ ਕੁੱਲ ਸਿੱਖਿਆ, ਰਾਜਨੀਤਿਕ-ਸੱਭਿਆਚਾਰਕ ਗਿਆਨ, ਨੈਤਿਕ ਕਦਰਾਂ ਕੀਮਤਾਂ ਤੋਂ ਇਲਾਵਾ ਗਰੀਬ ਸਿੱਖਾਂ ਦੀ ਸਾਰ ਲੈਣ ਦੀ ਲੋੜ ਹੈ। ਇਹ ਸਵਾਲ ਵੀ ਮਹੱਤਵਪੂਰਨ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ 11 ਸੌ ਕਰੋੜ ਰੁਪੈ ਦਾ ਸਾਲਾਨਾ ਬਜਟ ਦਾ ਕਿੰਨਾ ਪੈਸੇ ਗਰੀਬ ਸਿੱਖਾਂ ਦੀ ਭਲਾਈ ਲਈ ਵਰਤਦੀ ਹੈ?

ਪੰਜਾਬੀ ਗੀਤ 'ਮਾੜੇ ਬੰਦੇ ਵਿੱਚ ਵੀ ਕੋਈ ਗੁਣ ਚੰਗਾ ਹੋਵੇਗਾ' ਵਾਂਗ ਸਾਨੂੰ ਡੇਰਾ ਸਿਰਸਾ ਦੇ ਚੰਗੇ ਮਾੜੇ ਕਾਰਜਾਂ ਦੀ ਪੜਚੋਲ ਕਰਨੀ ਚਾਹੀਦੀ ਹੈ। ਮਾੜਿਆਂ ਨੂੰ ਛੱਡ ਦੇਣਾ ਚਾਹੀਦਾ ਅਤੇ ਚੰਗਿਆਂ ਨੂੰ ਆਪਣੀ ਜ਼ਿੰਦਗੀ ਤੇ ਲਾਗੂ ਕਰ ਲੈਣਾ ਚਾਹੀਦਾ ਹੈ। ਦੁਖੀ ਅਤੇ ਨਿਰਾਸ ਮਨੁੱਖ ਆਸਰਾ ਭਾਲਦਾ, ਜਿੱਥੋਂ ਵੀ ਉਸਨੂੰ ਪਿਆਰ ਜਾਂ ਸਤਿਕਾਰ ਮਿਲਦਾ ਹੈ ਤਾਂ ਉਹ ਭਾਵਨਾ ਦੇ ਵਹਿਣ ਵਿੱਚ ਵਹਿ ਜਾਂਦਾ ਹੈ। ਡੇਰਾ ਸਿਰਸਾ ਦੇ ਪੈਰੋਕਾਰਾਂ ਦਾ ਡੇਰਾ ਸਿਰਸਾ ਵਿੱਚ ਆਸਥਾ ਵੀ ਇਸ ਵਰਤਾਰੇ ਦਾ ਸਿੱਟਾ ਹੈ। ਡੇਰਿਆਂ ਨੇ ਜਿਹਨਾਂ ਲੋਕਾਂ ਦੀਆਂ ਜ਼ਿੰਦਗੀਆਂ ਸਵਾਰ ਦਿੱਤੀਆਂ, ਉਹਨਾਂ ਲਈ ਉਹ ਸਦਾ ਹੀ ਆਸਥਾ ਦਾ ਕੇਂਦਰ ਰਹਿਣਗੇ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਵੱਖ ਵੱਖ ਜਾਤਾਂ ਧਰਮਾਂ ਦੇ ਲੋਕ ਖ਼ੁਦ ਮਜ਼ਦੂਰੀ ਕਰਕੇ ਘੰਟਿਆਂ ਵਿੱਚ ਹੀ ਕਿਸੇ ਬੇਘਰ ਦਾ ਘਰ ਬਣਾ ਕੇ ਚਲੇ ਜਾਂਦੇ ਹਨ। ਡੇਰਾ ਸਿਰਸਾ ਅੰਦਰ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ ਅਤੇ ਦਾਅਵਾ ਕੀਤਾ ਜਾਂਦਾ ਹੈ ਕਿ ਨਸ਼ਾ ਰਹਿਤ ਹੁੰਦੇ ਹਨ। ਪਰ ਕੀ ਪੰਜਾਬ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਸੂਬੇ ਅੰਦਰ ਦਸ ਹਜਾਰ ਲੋਕਾਂ ਦਾ ਇਕੱਠ ਕਰ ਸਕਦੀ ਜਿੰਨਾਂ ਬਾਰੇ ਦਾਅਵਾ ਕੀਤਾ ਜਾ ਸਕੇ ਕਿ ਇਹ ਸਾਰੇ ਲੋਕ ਨਸ਼ਾ ਰਹਿਤ ਹਨ। ਬਿਲਕੁਲ ਨਹੀਂ ਕਿਉਂਕਿ ਅਸੀਂ ਇਹਨਾਂ ਸਮਾਜਿਕ ਪਹਿਲੂਆਂ ਵੱਲ ਧਿਆਨ ਹੀ ਨਹੀਂ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਹੁਣ ਡੇਰਿਆਂ ਵਿੱਚ ਆਸਥਾ ਰੱਖਣ ਵਾਲੇ ਗਰੀਬ ਲੋਕਾਂ ਨੂੰ ਮੁੜ ਸਿੱਖ ਧਰਮ ਵਿੱਚ ਘਰ ਵਾਪਸੀ ਦੀ ਅਪੀਲ ਦਾ ਸਵਾਗਤ ਕਰਨਾ ਬਣਦਾ ਹੈ ਪਰ ਕੀ ਸਿੱਖ ਧਰਮ ਦੀ ਅਗਵਾਈ ਕਰਨ ਵਾਲੇ ਆਗੂਆਂ ਨੇ ਉਹ ਸਾਰੇ ਕਾਰਣ ਜਾਂ ਘਾਟਾਂ ਦੂਰ ਕਰ ਲਈਆਂ ਹਨ, ਜਿਸ ਕਰਕੇ ਗਰੀਬ ਲੋਕ ਸਿੱਖੀ ਦੀ ਥਾਂ ਡੇਰਿਆਂ ਦੇ ਪੈਰੋਕਾਰ ਬਣ ਗਏ ਸਨ? ਸਿੱਖ ਧਰਮ ਦੀ ਨੀਂਹ ਅਸਲ ਵਿੱਚ ਗਰੀਬ ਕਿਰਤੀ ਲੋਕਾਂ ਦੀ ਪੁੱਛ ਪ੍ਰਤੀਤ ਬਹਾਲ ਕਰਨ ਅਤੇ ਬਣਦਾ ਮਾਣ ਸਤਿਕਾਰ ਦੇਣ ਦੇ ਮੰਤਵ ਨਾਲ ਰੱਖੀ ਗਈ ਸੀ। ਜਾਤੀ ਮੁਕਤ ਅਤੇ ਆਰਥਿਕ ਬਰਾਬਰੀ ਵਾਲਾ ਸਮਾਜ ਸਿਰਜਣਾ ਗੁਰੂ ਸਾਹਿਬਾਨ ਦਾ ਮੁੱਖ ਟੀਚਾ ਸੀ। ਇਹੀ ਕਾਰਣ ਹੈ ਕਿ ਸਿੱਖ ਇਤਿਹਾਸ ਅੰਦਰ ਕਿਰਤੀ ਲੋਕਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਮਿਲਦਾ ਹੈ। ਪਰ ਮੌਜੂਦਾ ਦੌਰ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅੱਜ ਤੱਕ ਸਮਾਜਿਕ ਅਤੇ ਆਰਥਿਕ ਤੌਰ ਤੇ ਹਾਸੀਆਂ ਤੇ ਧੱਕੇ ਗਏ ਗਰੀਬ ਸਿੱਖਾਂ 'ਚੋਂ ਨਿਯੁਕਤ ਨਹੀਂ ਕੀਤਾ ਗਿਆ। ਕਿਸੇ ਗਰੀਬ ਸਿੱਖ ਨੂੰ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀ ਸਿਆਸੀ ਧਿਰ ਦਾ ਮੁਖੀ ਕਿਉਂ ਨਹੀਂ ਬਣਾਇਆ ਗਿਆ? ਸ਼੍ਰੋਮਣੀ ਕਮੇਟੀ ਅਧੀਨ ਕੰਮ ਕਰਨ ਵਾਲੇ ਗੁਰੂ ਘਰਾਂ ਅੰਦਰ ਕਿੰਨੇ ਮੈਨੇਜਰ ਦਲਿਤ ਵਰਗ ਨਾਲ ਸਬੰਧਿਤ ਹਨ? ਜਦੋਂ ਇਸਾਈ ਆਪਣੇ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮੁਫ਼ਤ ਪੜਾਈ ਦਾ ਪ੍ਰਬੰਧ ਕਰ ਸਕਦੇ ਹਨ ਤਾਂ ਸ਼੍ਰੋਮਣੀ ਕਮੇਟੀ ਕਿਉਂ ਨਹੀਂ? ਮੈਂ ਅਕਸਰ ਹੀ ਗੁਰੂ ਘਰਾਂ, ਬੱਸ ਜਾਂ ਟਰੇਨ ਅਤੇ ਹੋਰ ਜਨਤਕ ਥਾਵਾਂ ਤੇ 'ਸਿੱਖ ਦੀ ਕੋਈ ਜਾਤ ਨਹੀ, ਜਿਸ ਦੀ ਜਾਤ ਹੈ ਉਹ ਸਿੱਖ ਨਹੀਂ' ਦਾ ਸਲੋਗਨ ਲਿਖਿਆ ਪੜਦਾ ਹਾਂ ਪਰ ਇਸਨੂੰ ਗੰਭੀਰਤਾ ਨਾਲ ਵਿਚਾਰ ਕਰਿਉ। ਕਿਉਂਕਿ ਅਜੋਕੇ ਦੌਰ ਵਿੱਚ ਤਾਂ ਸਿੱਖਾਂ ਦੀ ਜਾਤ ਹੈ, ਗੋਤ ਹਨ। ਇੰਨਾ ਹੀ ਨਹੀਂ ਸਿੱਖਾਂ ਨੂੰ ਆਪਣੀ ਅਖੌਤੀ ਜਾਤ ਅਤੇ ਗੋਤ 'ਤੇ ਮਾਣ ਹੈ।

ਬੜੇ ਹੀ ਸਾਨੋ-ਸ਼ੌਕਤ ਨਾਲ ਆਪਣੀਆਂ ਮਹਿੰਗੀਆਂ ਗੱਡੀਆਂ ਕਾਰਾਂ 'ਤੇ ਗੋਤ ਅਤੇ ਜਾਤ ਦਾ ਦਿਖਾਵਾ ਕਰਦੇ ਹਾਂ। ਪਰ ਅਸਲ ਵਿੱਚ ਇਹ ਵਿਖਾਵਾ ਨਹੀਂ ਹੈ ਸਗੋਂ ਸਾਡਾ ਇਹ ਸਾਬਤ ਕਰਨ ਦਾ ਢੰਗ ਹੈ ਕਿ ਅਸੀਂ ਨੀਚ ਮੰਨੀਆਂ ਜਾਣ ਵਾਲੀਆਂ ਅਖੌਤੀ ਜਾਤਾਂ ਵਿੱਚ ਪੈਦਾ ਨਹੀਂ ਹੋਏ। ਸਾਡੀ ਕੁੱਲ ਉੱਚੀ ਹੈ, ਸਾਡੀ ਜਾਤ ਉੱਚੀ ਹੈ, ਅਸੀ ਇਹ ਦੱਸਣ ਲਈ ਆਪਣੀ ਜਾਤ ਅਤੇ ਗੋਤ ਦਾ ਪ੍ਰਚਾਰ ਕਰਦੇ ਹਾਂ। ਫਿਰ ਸਿੱਖੀ ਕਿੱਥੇ ਰਹਿ ਗਈ? ਜੇ ਅਜੇ ਵੀ ਮੇਰਾ ਦਾਅਵਾ ਓਪਰਾ ਲੱਗਦਾ ਹੋਵੇ ਤਾਂ ਸਨਿੱਚਰਵਾਰ ਅਤੇ ਐਤਵਾਰ ਦੇ ਪੰਜਾਬੀ ਅਖ਼ਬਾਰ ਚੁੱਕ ਕੇ ਰਿਸ਼ਤਿਆਂ ਦੀ ਲੋੜ ਵਾਲੇ ਪੰਨੇ 'ਤੇ ਨਜ਼ਰ ਮਾਰਿਓ, ਇਹਨਾਂ ਅਖ਼ਬਾਰਾਂ ਅੰਦਰ ਵਰ ਜਾਂ ਕੰਨਿਆਂ ਦੀ ਲੋੜ ਵਾਲੇ ਕਾਲਮਾਂ ਵਿੱਚ ਤੁਹਾਨੂੰ ਜੱਟ ਸਿੱਖ, ਰਮਦਾਸੀਆ ਸਿੱਖ, ਮਜ਼ਹਬੀ ਸਿੱਖ ਆਦਿ ਤਾਂ ਮਿਲ ਜਾਣਗੇ ਪਰ ਜੇਕਰ ਕੋਈ ਗੁਰੂ ਦਾ ਸਿੱਖ ਮਿਲਿਆ ਤਾਂ ਦੱਸਿਓ ਜ਼ਰੂਰ।

## ਪੁਸਤਕ ਚਰਚਾ

**ਪੁਸਤਕ : ਸੰਗਮ ਅਨੋਖਾ (ਕਾਵਿ -ਸੰਗ੍ਰਹਿ )**
**ਲੇਖਕ : ਐਸ- ਐਸ- ਸਹੋਤਾ**
**ਪੰਨੇ : 121**
**ਕੀਮਤ : 295/ਰੁਪਏ**
**ਪ੍ਰਕਾਸ਼ਕ: ਲੋਕ ਗੀਤ ਪਰਕਾਸ਼ਨ, ਮੋਹਾਲੀ/ਚੰਡੀਗੜ੍ਹ।**

ਐਸ-ਐਸ-ਸਹੋਤਾ ਇਕ ਨਾਮਵਰ ਅਤੇ ਨਿਰੰਤਰ ਲਿਖਣ ਵਾਲਾ ਸਿਰੜੀ ਅਤੇ ਅਣਥੱਕ ਲੇਖਕ ਹੈ। ਇਹਨਾਂ ਦੀ ਕਲਮ ਤੇਜ ਰਫ਼ਤਾਰ ਨਾਲ ਅੱਗੇ ਵਧਦੀ ਜਾ ਰਹੀ ਹੈ।ਇਹ ਲੇਖਕ ਦਾ 19ਵਾਂ ਕਾਵਿ ਸੰਗ੍ਰਹਿ ਹੈ। ਇਹਨਾਂ ਤੋਂ ਇਲਾਵਾ ਇਸ ਕਲਮ ਵਲੋਂ 2 ਨਾਵਲ, 3 ਕਹਾਣੀ -ਸੰਗ੍ਰਹਿ ਅਤੇ 2 ਸਾਂਝੇ ਕਾਵਿ -ਸੰਗ੍ਰਹਿ ਵੀ ਪਾਠਕਾਂ ਤੱਕ ਪੁਜਦਾ ਹੋਏ ਹਨ। ਇਹ ਪੁਸਤਕ ਔਨਕੌਲੋਜਿਸਟ ਡਾਕਟਰ ਸਚਿਨ ਗੁਪਤਾ ਜੀ ਨੂੰ ਸੁਹਿਰਦ ਸਮਰਪਿਤ ਕੀਤੀ ਗਈ ਹੈ।




ਕਵਿਤਾ ਕਵੀ ਦੇ ਦਿਲੀ ਵਲਵਲਿਆਂ ਦੀ ਹੂਕ ਹੈ ਜੋ ਕਾਗਜ ਦੀ ਕੋਰੀ ਹਿੱਕ 'ਤੇ ਅਭੁੱਲ ਯਾਦਾਂ ਅਤੇ ਅਸਹਿ ਦਰਦ ਦੇ ਉਸਲਵੱਟੇ ਲੈਂਦੀ ਕਵੀ ਦੇ ਧੁਰ ਅੰਦਰ ਦੀ ਪਰਕਰਮਾ ਕਰਦੀ ਹੈ। ਕਵੀ ਨੂੰ ਨਿਰਾਸਾ ਵਿੱਚ ਵੀ ਆਸ ਦੀ ਕਿਰਨ ਵਿਆਕੁਲਤਾ ਤੋਂ ਤਾਜਗੀ ਪ੍ਰਦਾਨ ਕਰਦੀ ਹੈ।ਭਾਵੇਂ ਕਵੀ ਬਿਮਾਰੀ ਤੋਂ' ਪੀੜਤ ਹੈ ਫਿਰ ਵੀ ਉਹ ਬੀਮਾਰੀ ਨਾਲ ਨਿਰੰਤਰ ਜੂਝ ਰਿਹਾ ਹੈ। ਜਿਵੇਂ ਕਵੀ ਲਿਖਦਾ ਹੈ:-


" ਫਿਰ ਵੀ ਮੈਂ ਅੱਜ ਤਕ,ਨਹੀਂ ਹੋਇਆ ਹਾਂ ਮਾਯੂਸ ।
ਚਾਹੇ ਮੇਰੀ ਜਿੰਦਗੀ ਹੁਣ, ਬਣ ਗਈ ਚਲਿਆ ਹੋਇਆ ਕਾਰਤੂਸ।"

ਕਵੀ ਦੀ ਇਹ ਵਿਧਾ ਜੀਉਣ ਦਾ ਸਬੱਬ ਬਣਦੀ ਹੈ। ਕਵੀ ਨੇ ਕਵਿਤਾ ਰਾਹੀਂ ਅੰਗਰੇਜ਼ੀ ਅਤੇ ਡਾਕਟਰੀ ਭਾਸ਼ਾ ਦੇ ਸ਼ਬਦਾਂ ਨੂੰ ਵੀ ਕਵਿਤਾਵਾਂ ਵਿੱਚ ਜਾਹਿਰ ਕੀਤਾ ਹੈ। ਛੰਦਬੱਧ ਇਹ ਰਚਨਾਵਾਂ ਨਦੀਆਂ ਦੀ ਰਵਾਗੀ ਵਰਗੀਆਂ ਪਾਠਕ ਦਾ ਮਨ ਮੋਹ ਲੈਂਦੀਆਂ ਹਨ। ਰਬ ਕਰੇ ਕਵੀ ਦੀ ਸਿਹਤ ਬਰਕਰਾਰ ਰਹੇ ਅਤੇ ਇਹ ਪੰਜਾਬੀ ਮਾਂ ਬੋਲੀ ਵਿੱਚ ਪੁਸਤਕਾਂ ਦਾ ਭੰਡਾਰ ਭਰਪੂਰ ਕਰਦੇ ਰਹਿਣ।

**- ਕਸ਼ਮੀਰ ਘੇਸਲ 905/43ਏ, ਚੰਡੀਗੜ੍ਹ**
**91-94 636 560 47**

# ਪ੍ਰੋ ਸੁਖਵਿੰਦਰ ਕੰਬੋਜ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ ਜੰਗ, ਜਸ਼ਨ ਤੇ ਜੁਗਨੂੰ ਰਿਲੀਜ਼ ਸਮਾਗਮ ਅਤੇ ਗੋਸ਼ਟੀ

**ਨਿਊਆਰਕ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ-ਏਰੀਆ ਵੱਲੋਂ ਪੰਜਾਬੀ ਦੇ ਪ੍ਰਸਿੱਧ ਕਵੀ ਸੁਖਵਿੰਦਰ ਕੰਬੋਜ ਦੇ ਨਵ ਪ੍ਰਕਾਸ਼ਿਤ ਕਾਵਿ-ਪੁਸਤਕ "ਜੰਗ, ਜਸ਼ਨ ਤੇ ਜੁਗਨੂੰ" ਦਾ ਰਿਲੀਜ਼ ਸਮਾਗਮ ਅਤੇ ਨਾਲ ਹੀ ਇਸ ਉਪਰ ਗੰਭੀਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਲੇਖਕ ਤੇ ਆਲੋਚਕ ਡਾਕਟਰ ਜਸਵਿੰਦਰ ਸਿੰਘ, ਪ੍ਰਸਿੱਧ ਚਿੰਤਕ ਡਾਕਟਰ ਧਨਵੰਤ ਕੌਰ, ਨਾਮਵਰ ਸ਼ਾਇਰ ਦਰਸ਼ਨ ਬੁਲੰਦਵੀ ਅਤੇ ਚਰਚਿਤ ਗ਼ਜ਼ਲਗੋ ਸੁਰਿੰਦਰ ਸੀਰਤ ਸ਼ਸ਼ੋਬਤ ਸਨ। ਸ਼ਾਇਰਾ ਨੀਲਮ ਸੈਣੀ ਨੇ ਮੋਹਨਜੀਤ ਰਚਿਤ ਸੁਖਵਿੰਦਰ ਕੰਬੋਜ ਦਾ ਰੇਖਾ ਚਿੱਤਰ "ਦਿਨ ਬੇਲੇ ਸ਼ਾਮੀ ਪੱਤਣਾ 'ਤੇ" ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਸੁਰਿੰਦਰ ਸੀਰਤ ਨੇ ਆਪਣੇ ਪੇਪਰ ਵਿਚ ਇਸ ਪੁਸਤਕ ਨੂੰ ਸਾਮਰਾਜੀ ਸਭਿਆਚਾਰ ਦੀ ਅਸਲ ਤਸਵੀਰ ਦਸਦਿਆਂ ਆਖਿਆ ਕਿ ਇਸ ਵਿਚ ਮਨੁੱਖਾਂ ਲਈ ਬੰਬ ਅਤੇ ਕੁੱਤਿਆਂ ਲਈ ਪਿਆਰ ਹੀ ਹੁੰਦਾ ਹੈ। ਉਚੇਚੇ ਤੌਰ 'ਤੇ ਇੰਗਲੈਂਡ ਤੋਂ ਪਹੁੰਚੇ ਵਿਸ਼ੇਸ਼ ਮਹਿਮਾਨ ਦਰਸ਼ਨ ਬੁਲੰਦਵੀ ਨੇ ਸੁਖਵਿੰਦਰ ਕੰਬੋਜ ਨਾਲ ਆਪਣੀਆਂ ਵਿਦਿਆਰਥੀ ਜੀਵਨ ਦੀਆਂ ਪੀਡੀਆਂ ਸਾਂਝਾ ਬਾਖੂਬੀ ਬਿਆਨੀਆਂ ਤੇ ਸੁਖਵਿੰਦਰ ਕੰਬੋਜ ਦੇ ਮੁੱਖ ਕਾਵਿ ਸਰੋਕਾਰਾਂ ਨੂੰ ਉਭਾਰਿਆ। ਡਾ ਧਨਵੰਤ ਕੌਰ ਪ੍ਰੋ ਪੰਜਾਬੀ ਯੂਨੀਵਰਿਸਟੀ ਪਟਿਆਲਾ ਨੇ ਇਸ ਪੁਸਤਕ ਦੀ ਸ਼ਾਇਰੀ ਨੂੰ ਮੌਜੂਦਾ ਅਮਰੀਕੀ ਸਿਆਸੀ ਸਮਾਜੀ ਆਰਥਿਕ ਧਿਰਬੰਦੀ ਦੀ ਖ਼ੂਬਸੂਰਤ ਪੇਸ਼ਕਾਰੀ ਦਸਦਿਆਂ ਆਖਿਆ ਕਿ ਇਸ ਕਵਿਤਾ ਦੀ ਸੰਬੋਧਨੀ ਸੁਰ ਨਿੱਗਰ ਸਨੇਹਾਂ ਤੇ ਜੀਵੰਤ ਸੰਵਾਦ ਇਸ ਕਵਿਤਾ ਦਾ ਸ਼ਾਨਦਾਰ ਹਾਸਿਲ ਹੈ। ਪ੍ਰੋ ਜਸਵਿੰਦਰ ਸਿੰਘ ਪ੍ਰੋਫੈਸਰ ਪੰਜਾਬੀ ਯੂਨੀਵਰਿਸਟੀ ਪਟਿਆਲਾ ਨੇ ਇਸ ਸ਼ਾਇਰੀ ਨੂੰ



ਅਮਰੀਕੀ ਹਕੀਕਤਾਂ ਅਤੇ ਮਾਹੋਲ ਨੂੰ ਨਿੱਗਰ ਅਤੇ ਜੀਵੰਤ ਬਿੰਬਾਂ ਵਿਚ ਢਾਲਣ ਵਾਲੀ ਕਵਿਤਾ ਆਖਿਆ। ਉਸ ਅਨੁਸਾਰ ਸੁਖਵਿੰਦਰ ਕੰਬੋਜ ਨਪੀੜੀ ਅਮਰੀਕੀ ਲੋਕਾਈ ਵਿਸ਼ੇਸ਼ ਕਰ ਪ੍ਰਵਾਸੀ ਦੀ ਪੀੜ ਵੇਦਨਾ ਅਤੇ ਚਾਹਤਾਂ ਦੇ ਭੇੜ ਨੂੰ ਨਵੇਂ ਕਾਵਿ ਚਿੰਨ੍ਹਾ-ਬਿੰਬਾਂ ਰਾਹੀਂ ਪਰਗਟ ਕਰਨ ਵਾਲਾ ਮਾਹਿਰ ਸ਼ਾਇਰ ਹੈ। ਇਸ ਕਵਿਤਾ ਵਿਚ ਭਾਰਤ-ਪੰਜਾਬ ਬਾਰੇ ਸੁਚੱਜੀ ਫ਼ਿਕਰਮੰਦੀ ਅਤੇ ਚੰਗੇਰੀ ਤਬਦੀਲੀ ਦੀ ਚਾਹਤ ਹੈ। ਇਹ ਪੁਸਤਕ ਪ੍ਰਵਾਸੀ ਕਾਵਿ ਧਾਰਾ ਵਿਚ ਹੀ ਨਹੀਂ, ਸਮੁੱਚੀ ਪੰਜਾਬੀ ਕਾਵਿ ਧਾਰਾ ਵਿਚ ਨਿੱਗਰ ਵਾਧਾ ਹੈ। ਸਟੇਜ ਦੀ ਜ਼ਿੰਮੇਵਾਰੀ ਕਮਲ ਦੇਵ ਪਾਲ ਨੇ ਬਾਖ਼ੂਬੀ ਨਿਭਾਈ। ਸੁਖਵਿੰਦਰ ਕੰਬੋਜ ਦੇ ਪ੍ਰਵਾਰਿਕ ਮੈਂਬਰਾਂ, ਪ੍ਰਸਿੱਧ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਪੂਰੇ ਚਾਅ ਨਾਲ ਇਸ ਸਮਾਗਮ ਨੂੰ ਜਸ਼ਨਾਵੀ ਮਾਹੋਲ ਪ੍ਰਦਾਨ ਕੀਤਾ। ਇਸ ਸਮਾਗਮ ਦੇ ਦੂਸਰੇ ਸੈਸ਼ਨ ਵਿਚ ਪ੍ਰਸਿੱਧ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਲੇਖਕਾ ਅਮਰਜੀਤ ਪੰਨੂੰ, ਗੁਲਸ਼ਨ ਦਿਆਲ, ਨੀਲਮ ਸੈਣੀ ਅਤੇ ਹਰਪ੍ਰੀਤ ਧੂਤ ਸ਼ਾਮਿਲ ਹੋਏ। ਉਚੇਚੇ ਪੁੱਜੇ ਸ਼ਾਇਰ ਦਰਸ਼ਨ ਬੁਲੰਦਵੀ ਨੇ ਆਪਣੀ ਪ੍ਰਸਿੱਧ ਨਜ਼ਮ "ਪਹਿਚਾਣ" ਸੁਣਾਈ।ਵਿਸ਼ੇਸ਼ ਸੱਦੇ 'ਤੇ ਸਾਲਟ ਲੇਕ ਸਿਟੀ ਤੋਂ ਆਏ ਬਲਦੇਵ ਬਾਵਾ ਨੇ ਆਪਣੀਆਂ ਦੋ ਨਜ਼ਮਾ "ਦਰਵੇਸ਼ ਕਵਿਤਾ" ਤੇ "ਸ਼ਬਦ" ਰਾਹੀਂ ਸਰੋਤਿਆਂ ਨੂੰ ਕੀਲਿਆ। ਨਾਮਵਰ ਗ਼ਜ਼ਲਗੋ ਕੁਲਵਿੰਦਰ ਨੇ ਆਪਣੀ ਤਾਜ਼ਾ ਗ਼ਜ਼ਲ ਦੇ ਦੋ ਸ਼ਿਅਰ ਸੁਣਾ ਕੇ ਭਰਵੀਂ ਦਾਦ ਲਈ। ਸੁਰਿੰਦਰ ਸੀਰਤ, ਜਗਜੀਤ ਨੌਸ਼ਹਿਰਵੀ, ਨੀਲਮ ਸੈਣੀ, ਗੁਲਸ਼ਨ ਦਿਆਲ, ਹਰਪ੍ਰੀਤ ਧੂਤ, ਤਾਰਾ ਸਾਗਰ, ਮੱਖਣ ਲੁਹਾਰ, ਹਰਭਜਨ ਢਿੱਲੋਂ, ਮਾਸਟਰ ਕੁੰਦਨ ਲਾਲਾ, ਕਮਲ ਦੇਵ ਪਾਲ ਤੇ ਬਲਵੀਰ ਸਿੰਘ ਸੰਘੇੜਾ ਨੇ ਆਪਣੀਆਂ ਤਾਜ਼ਾ ਰਚਨਾਵਾਂ ਨਾਲ ਕਾਵਿਕ ਮਾਹੌਲ ਸਿਰਜਿਆ। ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਸੁਖਵਿੰਦਰ ਕੰਬੋਜ ਦੀ ਇਕ ਨਜ਼ਮ ਦਾ ਗਾਇਨ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਪ੍ਰੋ ਕੰਬੋਜ ਨੇ ਧੰਨਵਾਦੀ ਸ਼ਬਦ ਬੋਲਦਿਆਂ ਆਪਣੇ ਜੀਵਨ ਤੇ ਕਾਵਿ ਸਫ਼ਰ ਦੇ ਵੰਨ-ਸੁਵੰਨੇ ਅਨੁਭਵਾਂ ਨੂੰ ਸਾਂਝਾ ਕੀਤਾ ਤੇ ਆਪਣੀ ਸ਼ਾਇਰੀ ਦੇ ਸਿਰਜਣਾਤਮਕਸਰੋਤਾਂ ਨਾਲ ਸਾਂਝ ਪੁਆਈ। ਅੰਤ ਵਿਚ ਉਸ ਨੇ ਆਪਣੀਆਂ ਦੋ ਚਰਚਿਤ ਨਜ਼ਮਾਂ "ਇਕ ਸੰਵਾਦ" ਤੇ "ਸਟੋਰ ਮਾਲਕ" ਆਪਣੇ ਮਖ਼ਸੂਸ ਅੰਦਾਜ਼ ਵਿਚ ਸੁਣਾਈਆਂ।

# ਇਕ ਜਗਤਾਰ ਇਹ ਵੀ ਸੀ

**ਪਰਬਿੰਦਰ ਸਿੰਘ**
**ਸੈਨ ਲੀਆਂਦਰੋ ਕੈਲੀਫੋਰਨੀਆ**
(510) 328-3316

ਡਾ. ਜਗਤਾਰ ਮਾਰਚ 2010 ਵਿਚ ਇਸ ਦੁਨੀਆਂ ਨੂੰ ਛੱਡ ਗਿਆ ਸੀ। ਅੱਜ ਵੀ ਮੈਨੂੰ ਉਹ ਪਲ ਯਾਦ ਹੈ, ਜਦੋਂ ਉਸਦੀ ਬੇਟੀ ਕੰਚਨ ਦਾ ਫੋਨ ਆਇਆ ਕਿ "ਅੰਕਲ ਪਾਪਾ ਨਹੀਂ ਰਹੇ" ਤਾਂ ਕਿਵੇਂ ਇਹ ਸ਼ਬਦ ਸੁਣ ਮੈਂ ਇੱਕਦਮ ਸੁੰਨ ਹੋ ਗਿਆ ਸਾਂ। ਅੱਜ ਵੀ ਮੈਂ ਜਦ ਜਗਤਾਰ ਬਾਰੇ ਸੋਚਦਾ ਹਾਂ ਤਾਂ ਦਿਲ ਇੱਕਦਮ ਉਦਾਸ ਹੋ ਜਾਂਦਾ ਹੈ।

ਜਗਤਾਰ ਨੂੰ ਮੈਂ ਪਹਿਲੀ ਵਾਰ ਅਗਸਤ 1976 ਵਿਚ ਮਿਲਿਆ ਸੀ, ਜਦੋਂ ਉਹ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੰਜਾਬੀ ਦਾ ਲੈਕਚਰਾਰ ਨਿਯੁਕਤ ਹੋ ਕੇ ਆਇਆ ਸੀ। ਮੈਂ ਖੁਦ ਪੰਜਾਬੀ ਅਧਿਆਪਨ ਨਾਲ ਜੁੜਿਆ ਹੋਣ ਕਰਕੇ ਡਾ. ਜਗਤਾਰ ਦੀ ਸ਼ਾਇਰੀ ਤੋਂ ਵਾਕਫ ਤਾਂ ਸਾਂ ਹੀ, ਸਗੋਂ ਇਕ ਤਰ੍ਹਾਂ ਨਾਲ ਮੈਂ ਜਗਤਾਰ ਦੀ ਦਲੇਰੀ ਦਾ ਵੀ ਕਾਇਲ ਸਾਂ। ਇਸ ਦਾ ਕਾਰਨ ਇਹ ਸੀ ਕਿ 1871/72 ਦੇ 'ਸੂਰਜਮੁਖੀ' ਮੈਗਜ਼ੀਨ ਵਿਚ ਡਾ. ਜਗਤਾਰ ਦਾ ਡਾ. ਹਰਿਭਜਨ ਸਿੰਘ ਦੇ ਨਾਂ ਇਕ ਖਤ ਛਪਿਆ ਸੀ, ਜਿਸ ਵਿਚ ਜਗਤਾਰ ਨੇ ਡਾ. ਹਰਿਭਜਨ ਸਿੰਘ ਨੂੰ ਅੰਮ੍ਰਿਤਾ ਦੇ ਕਹਿਣ 'ਤੇ ਐਫਰੋ ਏਸ਼ੀਅਨ ਕਾਨਫਰੰਸ ਵਿਚੋਂ ਵਾਕ ਆਊਟ ਕਰਨ ਬਾਰੇ ਖਰੀਆਂ-ਖਰੀਆਂ ਸੁਣਾਈਆਂ ਸਨ। ਸੋ, ਮੈਂ ਇਕ ਤਰ੍ਹਾਂ ਨਾਲ ਇਕ ਪ੍ਰਸੰਸਕ ਦੀ ਹੈਸੀਅਤ ਵਿਚ ਕੁਝ ਵਧੇਰੇ ਹੀ ਬੇਸਬਰੀ ਨਾਲ ਜਗਤਾਰ ਦੀ ਉਡੀਕ ਕਰ ਰਿਹਾ ਸਾਂ। ਪਰ ਜਿਸ ਦਿਨ ਜਗਤਾਰ ਕਾਲਜ ਡਿਊਟੀ ਜੁਆਇਨ ਕਰਨ ਆਇਆ ਤਾਂ ਮੈਂ ਉਸ ਨੂੰ ਵੇਖ ਕੇ ਬੜਾ ਹੈਰਾਨ ਹੋਇਆ ਕਿਉਂਕਿ ਜਗਤਾਰ ਮੈਨੂੰ ਇਕ ਕਵੀ ਘੱਟ ਤੇ ਗ਼ਲ ਵਿਚ ਪਿਸਤੌਲ ਪਾਈ ਇਕ ਜਗੀਰਦਾਰ ਵਧੇਰੇ ਲੱਗ ਰਿਹਾ ਸੀ। ਮੈਂ ਸੋਚ ਰਿਹਾ ਸਾਂ ਕਿ ਕੀ ਇਹ ਉਹੀ ਜਗਤਾਰ ਹੈ, ਜਿਸਨੇ 'ਲਹੂ ਦੇ ਨਕਸ਼' ਵਰਗੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ। ਕੀ ਇਹ ਉਹੀ ਸ਼ਾਇਰ ਹੈ ਜਿਸ ਦੀਆਂ ਲਿਖੀਆਂ ਸੱਤਰਾਂ :-

ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨੇਰਾ,
ਫਿਰ ਵੀ ਅਸੀਂ ਰੁਕੇ ਨਾ ਸਾਡਾ ਵੀ ਵੇਖ ਜੇਰਾ।

ਦੇ ਲੋਕ ਦੀਵਾਨੇ ਹਨ। ਕੁਝ ਮਿੰਟਾਂ ਵਿਚ ਹੀ ਜਗਤਾਰ ਮੇਰੇ ਨਾਲ ਘੁਲ-ਮਿਲ ਗਿਆ ਅਤੇ ਮੇਰੀ ਹੈਰਾਨਗੀ ਵੀ ਜਾਂਦੀ ਰਹੀ, ਜਦ ਉਸਨੇ ਦੱਸਿਆ ਕਿ ਉਸਦੇ ਛੋਟੇ ਭਰਾ ਦਾ ਕਤਲ ਹੋ ਗਿਆ ਸੀ, ਜਿਸ ਕਰਕੇ ਹਥਿਆਰ ਰੱਖਣਾ ਕਿਸੇ ਹੱਦ ਤੱਕ ਉਸਦੀ ਮਜਬੂਰੀ ਵੀ ਹੈ ਤੇ ਸ਼ਾਇਦ ਉਸ ਲਈ ਜ਼ਰੂਰੀ ਵੀ।

ਛੇਤੀ ਹੀ ਮੈਂ ਤੇ ਜਗਤਾਰ ਇਕ-ਦੂਜੇ ਦੇ ਨੇੜੇ ਹੁੰਦੇ ਗਏ। ਮੈਂ ਮਹਿਸੂਸ ਕੀਤਾ ਕਿ ਜਗਤਾਰ ਦੇ ਸੁਭਾਅ ਦਾ ਇਹ ਹਿੱਸਾ ਹੈ ਕਿ ਉਹ ਜਦ ਵੀ ਕਿਸੇ ਦੇ ਨੇੜੇ ਹੁੰਦਾ ਹੈ, ਕਿਸੇ ਨਾਲ ਸਾਂਝ ਪਾਉਂਦਾ ਹੈ ਤਾਂ ਆਪਣਾ ਆਪਾ ਉਸ ਅੱਗੇ ਫੋਲ ਕੇ ਰੱਖ ਦਿੰਦਾ ਹੈ। ਆਪਣੀ ਜ਼ਿੰਦਗੀ ਦਾ ਹਰ ਰਾਜ਼ ਉਸ ਨਾਲ ਸਾਂਝਾ ਕਰ ਲੈਂਦਾ ਹੈ। ਪਰ ਉਸਦਾ ਇਹ ਸੁਭਾਅ ਕਈ ਵਾਰ ਉਸਦਾ ਇਕ ਔਗੁਣ ਵੀ ਸਾਬਤ ਹੋਇਆ ਹੈ। ਕੁਝ ਦੋਸਤਾਂ ਦੇ ਇਸੇ ਸੁਭਾਅ ਸਦਕਾ ਉਸਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ। ਮੈਂ 1975 ਤੋਂ ਲੈ ਕੇ ਉਸਦੇ ਅੰਤਲੇ ਸਮੇਂ ਅਰਥਾਤ 2010 ਤੱਕ ਉਸ ਨਾਲ ਜੁੜਿਆ ਰਿਹਾ ਹਾਂ। ਇੰਨੇ ਲੰਮੇ ਸਮੇਂ ਦੇ ਸਾਥ ਵਿਚ ਮੈਂ ਇਕ ਗੱਲ ਮਹਿਸੂਸ ਕੀਤੀ ਕਿ ਉਹ ਆਪਣੇ ਕਿਸੇ ਦੋਸਤ ਦੀ ਨਿੰਦਾ ਨਾ ਤਾਂ ਕਰਦਾ ਸੀ ਅਤੇ ਨਾ ਹੀ ਸੁਣਦਾ ਸੀ। ਜੋ ਦੋਸਤ ਕਿਸੇ ਕਾਰਨ ਵੱਸ ਉਸ ਤੋਂ ਜੁਦਾ ਹੋ ਗਏ, ਉਹਨਾਂ ਬਾਰੇ ਵੀ ਬਹੁਤੀ ਗੱਲ ਨਹੀਂ ਸੀ ਕਰਦਾ। ਮੈਂ ਤਾਂ ਉਸਨੂੰ ਕਾਲਜ ਵਿਚ ਵਿਚਰਦਿਆਂ ਇੱਥੋਂ ਤੱਕ ਵੀ ਵੇਖਿਆ ਹੈ ਕਿ ਉਹ ਆਪਣੇ ਕਿਸੇ ਕੁਲੀਗ ਚਾਹੇ ਉਹ ਮਰਦ ਹੋਵੇ ਜਾਂ ਔਰਤ, ਉਹ ਅਪਸ਼ਬਦ ਨਹੀਂ ਸੀ ਬੋਲਦਾ। ਇਕ ਵਾਕਿਆ ਮੈਨੂੰ ਯਾਦ ਆ ਰਿਹਾ ਹੈ ਕਿ ਅਸੀਂਕੁਝ ਦੋਸਤ ਨਾਰੇ ਡਾਡੇ ਪਿਕਨਿਕ ਉਪਰ ਗਏ। ਉਥੇ ਸਾਡੇ ਇਕ ਮਿੱਤਰ ਨੇ ਇਕ ਕੁਲੀਗ (ਜੋ ਪਿਕਨਿਕ ਵਿਚ ਸ਼ਾਮਲ ਨਹੀਂ ਸੀ) ਦੀ ਬੇਟੀ ਦੀ ਸ਼ਕਲ ਸੂਰਤ ਉਪਰ ਫਿਕਰਾ ਕਸ ਦਿੱਤਾ ਤਾਂ ਜਗਤਾਰ ਨੇ ਉਸੇ ਵੇਲੇ ਉਸਨੂੰ ਗੁੱਸੇ ਨਾਲ ਝਿੜਕਦਿਆਂ ਇਹ ਕਿਹਾ ਕਿ ਅਗਾਂਹ ਤੋਂ ਇਹੋ ਜਿਹੀ ਗੱਲ ਨਹੀਂ ਕਰਨੀ। ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ ਤੇ ਮਾਂ-ਪਿਓ ਨੂੰ ਪਿਆਰੀਆਂ ਹੁੰਦੀਆਂ ਨੇ। ਇਸ ਤੋਂ ਬਾਅਦ ਮੈਂ ਵੇਖਿਆ ਕਿ ਮਿੱਤਰ ਸੱਜੇ ਖੱਬੇ ਤਾਂ ਗੱਲਾਂ ਕਰਦੇ ਸਨ ਪਰ ਜਗਤਾਰ ਦੀ ਹਾਜ਼ਰੀ ਵਿਚ ਮੁੜ ਇਹੋ ਜਿਹੀ ਗੱਲ ਕਰਨ ਦੀ ਕਿਸੇ ਨੇ ਜੁਅਰਤ ਨਹੀਂ ਕੀਤੀ।

ਜਗਤਾਰ ਦਾ ਹੁਸ਼ਿਆਰਪੁਰ ਕਾਲਜ ਆਉਣਾ ਪੰਜਾਬੀ ਵਿਭਾਗ ਲਈ ਇਕ ਸ਼ੁਭ ਸ਼ਗਨ ਸਾਬਤ ਹੋਇਆ। ਜਦ ਵੀ ਕਦੇ ਸਟਾਫ ਰੂਮ ਵਿਚ ਬੈਠਿਆ ਕਿਸੇ ਵਿਸ਼ੇ ਚਾਹੇ ਉਹ ਅੰਗਰੇਜ਼ੀ ਸਾਹਿਤ ਹੁੰਦਾ ਸੀ, ਚਾਹੇ ਹਿੰਦੀ ਸਾਹਿਤ, ਚਾਹੇ ਪੇਂਟਿੰਗ, ਫਾਈਨ ਆਰਟਸ ਅਤੇ ਚਾਹੇ ਇਤਿਹਾਸ- ਬਾਰੇ ਬਹਿਸ ਹੁੰਦੀ ਤਾਂ ਜਗਤਾਰ ਉਸ ਵਿਚ ਹਿੱਸਾ ਲੈਂਦਾ, ਆਪਣੀ ਗੱਲ ਕਹਿੰਦਾ। ਦਿਨਾਂ ਵਿਚ ਜਗਤਾਰ ਦਾ ਬਿੰਬ ਇਕ ਕਾਲਜ ਵਿਚ ਪੜ੍ਹੇ-ਲਿਖੇ ਸਕਾਲਰ ਵਾਲਾ ਬਣ ਗਿਆ। ਕਈ ਵਾਰੀ ਤਾਂ ਪੰਛੀਆਂ ਤੇ ਦਰਖਤਾਂ ਬਾਰੇ ਉਸਦੀ ਜਾਣਕਾਰੀ ਕਮਾਲ ਦੀ ਹੁੰਦੀ। ਇਹੋ ਜਿਹਾ ਸਮਾਂ ਵੀ ਮੈਂ ਵੇਖਿਆ ਜਦ ਲੋਕ ਸਿਰਫ ਜਗਤਾਰ ਦੀ ਉਡੀਕ ਇਸ ਵਾਸਤੇ ਹੀ ਕਰਦੇ ਰਹਿੰਦੇ ਕਿ ਉਸ ਕੋਲੋਂ ਵੱਖ-ਵੱਖ ਵਿਸ਼ਿਆਂ ਬਾਰੇ ਗੱਲਾਂ ਸੁਣਾਂਗੇ। ਮੈਂ ਸੱਚ ਕਹਿੰਦਾ ਹਾਂ ਕਿ ਮਹਿਫਲ (ਚਾਹੇ ਉਹ ਸਟਾਫ ਰੂਮ ਦੇ ਅੰਦਰ ਜੰਮਦੀ, ਚਾਹੇ ਬਾਹਰ ਲਾਅਨ ਵਿਚ ਤੇ ਚਾਹੇ ਕਨਟੀਨ ਵਿਚ) ਖਤਮ ਹੋਣ ਉਪਰੰਤ, ਹਰ ਕੋਈ ਇਹ ਮਹਿਸੂਸ ਕਰਦਾ ਕਿ ਉਸਦੇ ਗਿਆਨ ਵਿਚ ਵਾਧਾ ਹੋਇਆ ਹੈ। ਨਿਰਸੰਦੇਹ ਇਸ ਨਾਲ ਪੰਜਾਬੀ ਵਿਭਾਗ ਦਾ ਬਿੰਬ ਵੀ ਕਾਲਜ ਵਿਚ ਵਧੀਆ ਬਣਿਆ ਅਤੇ ਲੋਕਾਂ ਨੂੰ ਇਹ ਅਹਿਸਾਸ ਵੀ ਹੋਇਆ ਕਿ ਪੰਜਬੀ ਵਿਚ ਵੀ ਪੜ੍ਹਨ-ਲਿਖਣ ਵਾਲੇ ਬੰਦੇ ਮੌਜੂਦ ਹਨ।

ਪੰਜਾਬੀ ਵਿਭਾਗ ਦੇ ਵਿਦਿਆਰਥੀਆਂ ਨੂੰ ਜਗਤਾਰ ਦੇ ਆਉਣ ਦਾ ਇਹ ਫਾਇਦਾ ਹੋਇਆ ਕਿ ਜਿਹੜਾਵੀ ਲੇਖਕ ਚਾਹੇ ਉਹ ਸ਼ਾਇਰ ਸੀ ਜਾਂ ਕਹਾਣੀਕਾਰ ਜਾਂ ਨਾਵਲਕਾਰ ਜਗਤਾਰ ਨੂੰ ਮਿਲਣ ਆਉਂਦਾ। ਅਸੀਂ ਐਮ. ਏ. ਦੀਆਂ ਕਲਾਸਾਂ ਇਕੱਠੀਆਂ ਕਰ ਉਸਦਾ ਲੈਕਚਰ ਰੱਖ ਦਿੰਦੇ। ਦਰਜਨਾਂ ਹੀ ਵਿਦਵਾਨਾਂ/ਲੇਖਕਾਂ ਨੂੰ ਵਿਦਿਆਰਥੀ ਤੇ ਜੇ ਮੈਂ ਆਖਾਂ ਕਿ ਅਧਿਆਪਕ ਵੀ ਪਹਿਲੀ ਵਾਰ ਮਿਲੇ। ਕਾਲਜ ਦੇ ਇਹੋ ਜਿਹੇ ਲੈਕਚਰਾਂ ਉਪਰ ਇਕ ਪੈਸਾ ਵੀ ਖਰਚ ਨਹੀਂ ਆਇਆ। ਮੈਂ ਤਾਂ ਕਹਾਂਗਾ ਕਿ ਜਗਤਾਰ ਦੇ ਆਉਣ ਨਾਲ ਹੁਸ਼ਿਆਰਪੁਰ ਸ਼ਹਿਰ ਵਿਚ ਹੀ ਇਕ ਸਾਹਿਤਕ ਮਾਹੌਲ ਬਣ ਗਿਆ।

ਜਗਤਾਰ ਪੰਜਾਬੀ, ਉਰਦੂ ਤੇ ਪਰਸ਼ੀਅਨ ਦੇ ਵਿਸ਼ਿਆਂ ਦੀ ਐਮ. ਏ. ਸੀ ਤੇ ਹਰੇਕ ਵਿਚ ਹੀ ਉਸਦੀ ਯੂਨੀਵਰਸਿਟੀ ਵਿਚ ਫਸਟ ਪੁਜੀਸ਼ਨ ਸੀ। ਮੈਂ ਜਗਤਾਰ ਦੇ ਸੁਭਾਅ ਵਿਚ ਚਾਪਲੂਸੀ ਦੀ ਭੋਰਾ ਭਰ ਵੀ ਲੇਸ ਨਹੀਂ ਵੇਖੀ। ਉਹ ਜੋ ਠੀਕ ਸਮਝਦਾ ਸੀ ਉਹ ਬਿਨਾਂ ਕਿਸੇ ਲਾਗ-ਲਪੇਟ ਦੇ ਆਪਣੇ ਅਫਸਰ ਨੂੰ ਕਹਿ ਦਿੰਦਾ ਸੀ। ਪ੍ਰਿੰਸੀਪਲ ਆਰ. ਐਸ. ਬਾਵਾ ਹੁਸ਼ਿਆਰਪੁਰ ਸਰਕਾਰੀ ਕਾਲਜ ਦੇ ਸੱਤ ਅੱਠ ਸਾਲ ਪ੍ਰਿੰਸੀਪਲ ਰਹੇ। ਉਹਨਾਂ ਦਾ ਜਗਤਾਰ ਨਾਲ ਵਾਹਵਾ ਪਿਆਰ ਸੀ। ਇਕ ਵਾਰ ਇਕ ਬੰਦਾ ਅਮਰੀਕਾ ਤੋਂ ਪਰਸ਼ੀਅਨ ਦਾ ਇਕ ਖਰੜਾ ਲੈ ਕੇ ਆਇਆ। ਉਹ ਉਥੇ ਇਤਿਹਾਸ ਦੇ ਵਿਸ਼ੇ 'ਤੇ ਪੀ. ਐਚ. ਡੀ. ਕਰ ਰਿਹਾ ਸੀ ਤੇ ਉਸ ਖਰੜੇ ਦੇ ਅਨੁਵਾਦ ਦੀ ਉਸਨੂੰ ਡਾਢੀ ਲੋੜ ਸੀ। ਉਹ ਬਾਵਾ ਜੀ ਦਾ ਦੋਸਤ ਸੀ ਤੇ ਉਸਨੂੰ ਕਿਸੇ ਨੇ ਦੱਸ ਪਾਇ. ਸੀ ਕਿ ਹੁਸ਼ਿਆਰਪੁਰ ਕਾਲਜ ਵਿਚ ਜਗਤਾਰ ਨੂੰ ਪਰਸ਼ੀਅਨ ਆਉਂਦੀ ਹੈ। ਪ੍ਰਿੰਸੀਪਲ ਸਾਹਿਬ ਨੇ ਜਗਤਾਰ ਨੂੰ ਦਫਤਰ ਬੁਲਾਇਆ ਤੇ ਉਸ ਸਾਹਮਣੇ ਉਸ ਆਦਮੀ ਦੀ ਸਮੱਸਿਆ ਰੱਖੀ। ਜਗਤਾਰ ਨੇ ਖਰੜਾ ਵੇਖਿਆ- ਜੋ ਤਕਰੀਬਨ 100 ਕੁ ਸਫੇ ਦਾ ਸੀ ਤੇ ਕਿਹਾ ਕਿ ਮੈਂ ਇਹਦੇ ਅਨੁਵਾਦ ਕਰ ਦਿਆਂਗਾ। ਤੁਸੀਂ ਮਹੀਨੇ ਬਾਅਦ ਮੇਰੇ ਤੋਂ ਲੈ ਜਾਣਾ। ਬਾਵਾ ਜੀ ਤੇ ਉਹਨਾਂ ਦੇ ਦੋਸਤ ਨੇ ਕਿਹਾ ਕਿ ਜੇ 15 ਦਿਨਾਂ ਵਿਚ ਕੰਮ ਹੋ ਜਾਵੇ ਤਾਂ ਵਧੇਰੇ ਠੀਕ ਹੈ। ਜਗਤਾਰ ਨੇ ਕਿਹਾ ਕਿ ਮੈਂ ਹਰ ਰੋਜ਼ 4 ਸਫੇ ਕਰਾਂਗਾ ਤੇ ਬਾਕੀ ਮੇਰੇ ਹੋਰ ਵੀ ਕੰਮ ਹਨ। ਜੇ ਤੁਸੀਂ ਇਕ ਮਹੀਨਾ ਉਡੀਕ ਸਕਦੇ ਹੋ ਤਾਂ ਠੀਕ ਹੈ ਨਹੀਂ ਤਾਂ ਕਿਸੇ ਹੋਰ ਕੋਲੋਂ ਕਰਵਾ ਲਵੋ। ਉਹ ਬੰਦਾ ਕਹਿਣ ਲੱਗਾ ਕਿ ਪੈਸੇ ਜਿੰਨੇ ਮਰਜ਼ੀ ਲੈ ਲਵੋ ਤਾਂ ਜਗਤਾਰ ਨੇ ਕਿਹਾ ਕਿ ਇਕ ਤਾਂ ਤੁਸੀਂ ਬਾਵਾ ਜੀ ਦੇ ਦੋਸਤ ਹੋ ਤੇ ਦੂਜਾ ਇਕ ਸਕਾਲਰ ਜੋ ਕੁਝ ਕਰਨਾ ਚਾਹੁੰਦੇ ਹੋ। ਮੈਂ ਤਾਂ ਇਸ ਨਾਤੇ ਤੁਹਾਡਾ ਕੰਮ ਕਰਨ ਲਈ ਹਾਂ ਕੀਤੀ ਸੀ, ਵਰਨਾ ਮੈਨੂੰ ਤਾਂ ਆਪਣੇ ਹੀ ਕੰਮਾਂ ਤੋਂ ਵਿਹਲ ਨਹੀਂ। ਜੇ ਪੈਸੇ ਨਾਲ ਹੀ ਕੰਮ ਕਰਵਾਉਣਾ ਹੈ ਤਾਂ ਹੋਰ ਬਥੇਰੇ ਹਨ। ਜਗਤਾਰ ਨੇ ਅਨੁਵਾਦ ਕੀਤਾ, ਉਹ ਬੰਦਾ ਪੀ. ਐਚ. ਡੀ. ਕਰਕੇ ਵਿਸ਼ੇਸ਼ ਤੌਰ 'ਤੇ ਜਗਤਾਰ ਦਾ ਧੰਨਵਾਦ ਕਰਨ ਆਇਆ। ਸਾਡੇ ਹੀ ਮਿੱਤਰਾਂ ਵਿਚੋਂ ਇਕ (ਜਿਸ ਨਾਲ ਜਗਤਾਰ ਰਾਤਾਂ ਨੂੰ ਸ਼ਿਕਾਰ ਖੇਡਣ ਜਾਂਦਾ ਸੀ) ਪ੍ਰਿੰਸੀਪਲ ਬਣ ਕੇ ਸਾਡੇ ਹੀ ਕਾਲਜ ਵਿਚ ਆ ਲੱਗਾ। ਮੈਨੂੰ ਯਾਦ ਹੈ ਅਸੀਂ ਉਸਨੂੰ ਵਧਾਈ ਦੇਣ ਦਫਤਰ ਵਿਚ ਗਏ। ਉਹਨਾਂ ਜਗਤਾਰ ਨੂੰ ਕਿਹਾ ਕਿ ਹੁਣ ਤਾਂ ਤੁਸੀਂ ਦਫਤਰ ਵਿਚ ਆਇਆ ਹੀ ਕਰੋਗੇ ਤਾਂ ਜਗਤਾਰ ਬੋਲਿਆ 'ਨਹੀਂ, ਹੁਣ ਤੁਸੀਂ ਅਫਸਰ ਹੋ ਤੇ ਅਫਸਰਾਂ ਨਾਲ ਅਸਾਂ ਕੀ ਕਰਨਾ ਹੈ। ਅਸੀਂ ਦਫਤਰ ਵਿਚ ਉਦੋਂ ਹੀ ਆਵਾਂਗੇ ਜਦ ਬੁਲਾਓਗੇ'। ਇਹ ਕਹਿ ਕੇ ਉਹ ਦਫਤਰ ਵਿਚੋਂ ਬਾਹਰ ਹੋ ਗਿਆ।



ਜਗਤਾਰ ਬਾਰੇ ਇਹ ਇਕ ਆਮ ਧਾਰਨਾ ਮਸ਼ਹੂਰ ਸੀ ਕਿ ਉਹ ਹਰ ਵੇਲੇ ਆਪਣੀ ਬਿਮਾਰੀ ਦਾ ਜ਼ਿਕਰ ਕਰਦਾ ਰਹਿੰਦਾ ਹੈ। ਸ਼ਾਇਦ ਇੰਝ ਕਰਕੇ ਉਹ ਹਮਦਰਦੀ ਹਾਸਲ ਕਰਨਾ ਚਾਹੁੰਦਾ ਹੈ। ਮੈਂ ਇਹ ਦਾਅਵਾ ਤਾਂ ਨਹੀਂ ਕਰਦਾ ਕਿ ਮੈਂ ਜਗਤਾਰ ਦਾ 24 ਘੰਟੇ ਦਾ ਸਾਥੀ ਸਾਂ ਪਰ ਅਸੀਂ ਸਵੇਰੇ 9 ਵਜੇ ਤੋਂ ਲੈ ਕੇ 3 ਵਜੇ ਤੱਕ ਤਾਂ ਹਰ ਰੋਜ਼ ਹੀ ਇਕੱਠੇ ਹੁੰਦੇ ਸਾਂ। ਕਦੀ ਕਦੀ ਮੈਂ ਉਸ ਕੋਲ ਰਾਤ ਵੀ ਠਹਿਰ ਜਾਂਦਾ ਸਾਂ। ਇਕ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਤਾਂ ਕਿ ਉਸਦੀ ਬਿਮਾਰੀ ਦਾ ਅੰਦਾਜ਼ਾ ਲਾਇਆ ਜਾ ਸਕੇ। ਇਕ ਦਿਨ ਮੈਂ ਰੋਜ਼ ਵਾਂਗ ਕਾਲਜ ਜਾਣ ਤੋਂ ਪਹਿਲਾਂ ਜਗਤਾਰ ਦੇ ਘਰ ਗਿਆ ਜੋ ਕਾਲਜ ਰੋਡ ਉਤੇ ਹੀ ਸੀ ਅਤੇ ਮੇਰੇ ਕਾਲਜ ਜਾਣ ਦੇ ਰਸਤੇ ਵਿਚ ਹੀ ਪੈਂਦਾ ਸੀ। ਜਦ ਮੈਂ ਕਮਰੇ ਵਿਚ ਦਾਖਲ ਹੋਇਆ ਤਾਂ ਵੇਖਿਆ ਕਿ ਜਗਤਾਰ ਮੰਜੇ ਉਪਰ ਪਿਆ ਬਹੁਤ ਖਿੱਚ ਖਿੱਚ ਸਾਹ ਲੈ ਰਿਹਾ ਹੈ। ਇਕ ਪਲ ਤਾਂ ਮੈਨੂੰ ਇੰਝ ਲੱਗਾ ਜਿਵੇਂ ਉਹ ਕੁਝ ਪਲਾਂ ਵਿਚ ਹੀ ਸਾਹ ਲੈਣਾ ਬੰਦ ਕਰ ਦੇਵੇਗਾ। ਮੈਂ ਡਰ ਗਿਆ ਕਿਉਂਕਿ ਮੈਂ ਪਹਿਲਾਂ ਅਜਿਹੀ ਹਾਲਤ ਵਿਚ ਕਿਸੇ ਨੂੰ ਵੀ ਨਹੀਂ ਵੇਖਿਆ ਸੀ। ਮੈਨੂੰ ਵੇਖਦਿਆਂ ਸਾਰ ਕਹਿਣ ਲੱਗਾ ਕਿ ਰਾਤ ਦਾ ਦੌਰਾ ਪਿਆ ਹੋਇਆ ਹੈ (ਉਸਨੂੰ ਦਮੇ ਦੀ ਡਾਢੀ ਸ਼ਿਕਾਇਤ ਸੀ)। ਮੈਂ ਝੱਟ ਕਿਹਾ 'ਮੈਂ ਡਾਕਟਰ ਨੂੰ ਬੁਲਾ ਕੇ ਲਿਆਉਂਦਾ ਹਾਂ' ਉਸ ਹੱਥ ਦੇ ਇਸ਼ਾਰੇ ਨਾਲ ਮੈਨੂੰ ਕੋਲ ਸੱਦਿਆ ਤੇ ਹੌਲੀ ਦੇਣੀ ਕਹਿਣ ਲੱਗਾ 'ਡਰ ਨਾ, ਮੈਨੂੰ ਅਕਸਰ ਇਸ ਤਰ੍ਹਾਂ ਦੌਰਾ ਪੈ ਜਾਂਦਾ ਹੈ। ਤੂੰ ਉਹ ਅਲਮਾਰੀ ਵਿਚੋਂ ਟੀਕਾ ਤੇ ਸਹਿੰਜ ਫੜਾ ਦੇ' ਮੈਂ ਫਿਰ ਡਾਕਟਰ ਲਿਆਉਣ ਦੀ ਗੱਲ ਕੀਤੀ। ਉਸ ਸਿਰ ਨਾਲ ਹੀ ਇਨਕਾਰ ਕਰ ਦਿੱਤਾ ਤੇ ਅਲਮਾਰੀ ਵੱਲ ਇਸ਼ਾਰਾ ਕੀਤਾ। ਮੈਂ ਡਰਦੇ-ਡਰਦੇ ਉਸਨੂੰ ਟੀਕਾ ਤੇ ਸਰਿੰਜ ਫੜਾ ਦਿੱਤੇ। ਉਸ ਸਰਿੰਜ ਵਿਚ ਦਵਾਈ ਭਰੀ ਅਤੇ ਖੁਦ ਹੀ ਜਦ ਲਾਉਣ ਲੱਗਾ ਤਾਂ ਮੈਂ ਡਰਦੇ ਨੇ ਮੂੰਹ ਦੂਜੇ ਪਾਸੇ ਕਰ ਲਿਆ। 15/20 ਮਿੰਟਾਂ ਬਾਅਦ ਉਸਨੂੰ ਥੋੜ੍ਹਾ ਆਰਾਮ ਆਉਣਾ ਸ਼ੁਰੂ ਹੋ ਗਿਆ। ਅਗਲੇ ਦਿਨ ਪਹਿਲਾਂ ਨਾਲੋਂ ਠੀਕ ਤੇ ਤੀਜੇ ਦਿਨ ਜਦ ਮੈਂ ਉਸ ਕੋਲ ਪੁੱਜਾ ਤਾਂ ਉਹ ਪੂਰਾ ਨੌਂ ਬਰ ਨੌਂ, ਕੋਟ ਪੈਂਟ ਪਾਈ, ਮੈਚਿੰਗ ਟਾਈ ਲਾਈ ਕਾਲਜ ਜਾਣ ਵਾਸਤੇ ਤਿਆਰ ਖੜ੍ਹਾ ਸੀ। ਬਰਸਾਤਾਂ ਤੋਂ ਲੈ ਕੇ ਸਿਆਲ ਦੇ ਅਖੀਰ ਤੱਕ ਹਮੇਸ਼ਾ ਹੀ ਇਹ ਗੱਲ ਦਾ ਡਰ ਬਣਿਆ ਰਹਿੰਦਾ ਸੀ ਕਿ ਦੌਰਾ ਪਿਆ ਕਿ ਪਿਆ। ਸ਼ਾਇਦ ਹੀ ਕੋਈ ਸਾਲ ਖਾਲੀ ਲੰਘਦਾ ਹੋਵੇ ਜਦ ਉਸਨੂੰ ਅਟੈਕ ਨਾ ਹੋਇਆ ਹੋਵੇ। ਪਰ ਅਸ਼ਕੇ ਜਾਈਏ ਉਸਦੀ ਹਿੰਮਤ ਦੇ ਕਿ ਠੀਕ ਹੁੰਦਿਆਂ ਹੀ ਉਹ ਦੋਸਤਾਂ ਨਾਲ ਟੂਰ ਉਪਰ ਨਿਕਲ ਜਾਂਦਾ ਅਤੇ ਕਈ ਵਾਰੀ ਸਿਆਲ ਦੀਆਂ ਰਾਤਾਂ ਨੂੰ ਸ਼ਿਕਾਰ ਉਪਰ ਜਾਣ ਦਾ ਸ਼ੌਕ ਵੀ ਪੂਰਾ ਕਰਦਾ। ਕਈ ਵਾਰੀ ਟੂਰ ਤੋਂ ਉਹ ਬਿਮਾਰ ਹੋ ਕੇ ਮੁੜਿਆ ਪਰ ਮਜਾਲ ਹੈ ਕਿ ਉਸਨੇ ਘੁੰਮਣ-ਫਿਰਨ ਤੋਂ ਤੌਬਾ ਕੀਤੀ ਹੋਵੇ। ਇਕ ਵਾਰ ਤਾਂ ਅਮਰੀਕਾ ਤੋਂ ਆਉਂਦਾ ਹੋਇਆ ਸਿੰਘਾਪੁਰ ਵਿਚ ਕਾਫੀ ਬਿਮਾਰ ਹੋ ਗਿਆ ਤੇ ਹਸਪਤਾਲ ਵਿਚ ਪਿਆ ਰਿਹਾ। ਜਦ ਵਾਪਸ ਆਇਆ ਤਾਂ ਮੈਂ ਕਿਹਾ, ਬਾਬਿਓ ਹੁਣ ਘੁੰਮਣਾ-ਫਿਰਨਾ ਬੰਦ ਕਰ ਦੇਵੋ ਤਾਂ ਕਹਿਣ ਲੱਗਾ 'ਯਾਰ ਬਿਮਾਰੀ ਠਮਾਰੀ ਤਾਂ ਆਉਂਦੀ ਹੀ ਹੈ, ਇਸ ਦਾ ਮਤਲਬ ਇਹ ਤਾਂ ਨਹੀਂ ਕਿ ਬੰਦਾ ਜੀਣਾ ਹੀ ਬੰਦ ਕਰ ਦੇਵੇ।"

ਜਗਤਾਰ ਦੇ ਵਿਅਕਤੀਤਵ ਦਾ ਇਕ ਇਹ ਵੀ ਪੱਖ ਸੀ ਕਿ ਉਹ ਜਦ ਕਿਸੇ ਕੰਮ ਬਾਰੇ ਸੋਚ ਲੈਂਦਾ ਸੀ ਤਾਂ ਫਿਰ ਉਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਆਪਣੀ ਸਾਰੀ ਤਾਕਤ ਲਾ ਦਿੰਦਾ ਸੀ। ਮੈਂ ਤਾਂ ਸਗੋਂ ਇਹ ਕਹਾਂਗਾ ਕਿ ਉਸਦੀ ਇਸ ਪਾਸੇ ਲੋੜ ਤੋਂ ਵਧੇਰੇ ਸਰਗਰਮੀ ਕਝ. ਵਾਰੀ ਉਸਦੇ ਬਿਮਾਰ ਹੋਣ ਦਾ ਕਾਰਨ ਬਣੀ। ਮੇਰੇ ਵੇਖਦਿਆਂ ਵੇਖਦਿਆਂ ਉਸਨੇ ਕੰਧ ਚਿੱਤਰਾਂ ਦੀ ਫੋ-ਟੋਗ੍ਰਾਫੀ, ਕਿੱਲਿਆਂ ਤੇ ਵਿਸ਼ੇਸ਼ ਕਰਕੇ ਰਾਜਸਥਾਨ ਦੇ ਕਿਲਿਆਂ ਦੀ ਫੋਟੋਗ੍ਰਾਫੀ, ਕਿਲਿਆਂ ਦਾ ਆਕੀਟੈਕਚਰ, ਪੁਰਾਤਨ ਸਿੱਕਿਆਂ ਨੂੰ ਇਕੱਠਾ ਕਰਨ ਆਦਿ ਦੇ ਅਜਿਹੇ ਸ਼ੌਂਕ ਪਾਲੇ ਤੇ ਇਹਨਾਂ ਬਾਰੇ ਅਜਿਹੀ ਜਾਣਕਾਰੀ ਹਾਸਲ ਕੀਤੀ ਕਿ ਇਹਨਾਂ ਪੱਖਾਂ ਬਾਰੇ ਚੌਖੀ ਜਾਣਕਾਰੀ ਰੱਖਣ ਵਾਲਾ ਵੀ ਉਸਦਾ ਲੋਹਾ ਮੰਨਦਾ ਸੀ। ਰਾਜਸਥਾਨ ਦੇ ਕਿਲਿਆਂ ਬਾਰੇ ਉਸਦੀਆਂ ਖਿੱਚੀਆਂ ਤਸਵੀਰਾਂ ਸੱਚਮੁਚ ਇਕ ਅਣਮੋਲ ਖਜ਼ਾਨਾ ਸੀ। ਸਿੱਕਿਆਂ ਬਾਰੇ ਜਾਣਕਾਰੀ ਰੱਖਣ ਦੀ ਇਕ ਘਟਨਾ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਮਿਠਾਪੁਰ ਵਿਚ ਉਸ ਕੋਲ ਇਕ ਸੱਜਣ ਆਇਆ ਤੇ ਜਗਤਾਰ ਨੂੰ ਉਸਨੇ 6/7 ਸਿੱਕੇ ਵਿਖਾਏ ਜੋ ਉਸਨੂੰ ਕਿਤੋਂ ਮਿਲੇ ਸਨ। ਜਗਤਾਰ ਨੇ ਉਹਨਾਂ ਨੂੰ ਵੇਖ ਕੇ ਉਸਨੂੰ ਪੁੱਛਿਆ ਕਿ ਤੂੰ ਇਹਨਾਂ ਨੂੰ ਵੇਚਣਾ ਚਾਹੁੰਦਾ ਹੈਂ। ਉਸਨੇ 'ਹਾਂ' ਵਿਚ ਉਤਰ ਦਿੱਤਾ। ਜਦ ਜਗਤਾਰ ਨੇ ਪੈਸੇ ਪੁੱਛੇ ਤਾਂ ਕਹਿਣ ਲੱਗਾ ਕਿ ਸਾਰਿਆਂ ਦਾ 2000 ਰੁਪਿਆ ਲਵਾਂਗਾ। ਜਗਤਾਰ ਨੇ ਉਸ ਵੱਲ ਵੇਖਿਆ ਤੇ ਮੁਸਕਰਾਇਆ। ਫਿਰ ਕਹਿਣ ਲੱਗਾ ਕਿਉਂਕਿ ਤੂੰ ਮੇਰੇ ਕੋਲ ਇਹਨਾਂ ਬਾਰੇ ਪੁੱਛਣ ਆਇਆ ਸੀ ਕਿ ਇਹ ਕਿੰਨੇ ਕੁ ਮੁੱਲਵਾਨ ਹਨ। ਇਸ ਲਈ ਮੈਂ ਤੇਰੇ ਨਾਲ ਧੋਖਾ ਨਹੀਂ ਕਰਾਂਗਾ। ਇਹਨਾਂ ਵਿਚੋਂ ਇਕ ਸਿੱਕਾ ਬਹੁਤ ਦੁਰਲੱਭ ਹੈ। ਤੂੰ ਮੇਰੇ ਨਾਲ ਹਫਤੇ ਬਾਅਦ ਚੱਲੀਂ, ਮੈਂ ਤੈਨੂੰ ਇਸਦੇ ਕਾਫੀ ਪੈਸੇ ਦਿਵਾ ਦਿਆਂਗਾ। ਉਹ ਸਿੱਕਾ ਸਿੱਕੇ ਵਾਲਿਆਂ ਦੀ ਮਾਰਕੀਟ ਵਿਚ 80 ਹਜ਼ਾਰ ਰੁਪਏ ਦਾ ਵਿਕਿਆ। ਜੇ ਜਗਤਾਰ ਚਾਹੁੰਦਾ ਤਾਂ ਇਹ ਪੈਸੇ ਖੁਦ ਕਮਾ ਸਕਦਾ ਸੀ। ਇਹ ਦਰਵੇਸ਼ੀ ਵੀ ਉਸੇ ਦੇ ਹਿੱਸੇ ਆਈ ਸੀ।

ਜਗਤਾਰ ਦੀ ਯਾਦਾਸ਼ਤ ਬਹੁਤ ਕਮਾਲ ਦੀ ਸੀ। ਮੈਨੂੰ ਯਾਦ ਹੈ ਇਕ ਵਾਰ ਮੈਂ ਡਾ. ਜਗਤਾਰ ਤੇ ਪ੍ਰੋ. ਭਾਰਤੀ ਘੁੰਮਣ ਫਿਰਨ ਤੁਰੇ ਹਰੀਪੁਰ ਗੁਲੇਰ ਪੁੱਜ ਗਏ। ਸ਼ਾਮ ਉਤਰ ਆਈ ਸੀ। ਅਸੀਂ ਇਸ ਪਿੰਡ ਕਿਸੇ ਨੂੰ ਜਾਣਦੇ ਨਹੀਂ ਸਾਂ। ਲੱਗ ਰਿਹਾ ਸੀ ਕਿ ਛੇਤੀ ਹੀ ਰਾਤ ਪੈ ਜਾਵੇਗੀ, ਟਿਕਾਣਾ ਹੈ ਕੋਈ ਨਹੀਂ ਸੀ। ਜਗਤਾਰ ਕਹਿਣ ਲੱਗਾ, ਆਓ ਇੱਥੇ ਜਿਹੜਾ ਸਕੂਲ ਹੈ, ਉਥੇ ਚਲਦੇ ਹਾਂ। ਨਾਲੇ ਤਾਂ ਆਲੇ ਦੁਆਲੇ ਬਾਰੇ ਕੁਝ ਪਤਾ ਕਰ ਲਵਾਂਗੇ ਤੇ ਸ਼ਾਇਦ ਰਾਤ ਕੱਟਣ ਦਾ ਕੋਈ ਜੁਗਾੜ ਵੀ ਬਣ ਜਾਵੇ।' ਜਦ ਅਸੀਂ ਸਕੂਲ ਪੁੱਜੇ ਤਾਂ ਸਕੂਲ ਬੰਦ ਹੋ ਚੁੱਕਾ ਸੀ, ਵਿਦਿਆਰਥੀ ਤੇ ਅਧਿਆਪਕ ਸਭ ਜਾ ਚੁੱਕੇ ਸਨ। ਚਪੜਾਸੀ ਤੋਂ ਪਤਾ ਲੱਗਾ ਕਿ ਹੈਡਮਾਸਟਰ ਸਾਹਿਬ ਹਾਲੇ ਆਪਣੇ ਦਫਤਰ ਵਿਚ ਬੈਠੇ ਹਨ। ਅਸੀਂ ਉਹਨਾਂ ਦੇ ਦਫਤਰ ਪੁੱਜ ਕੇ ਦੁਆ ਸਲਾਮ ਕੀਤੀ ਤੇ ਜਗਤਾਰ ਉਹਨਾਂ ਨਾਲ ਹਰੀਪੁਰ ਗੁਲੇਰ ਤੇ ਆਲੇ-ਦੁਆਲੇ ਬਾਰੇ ਜਾਣਕਾਰੀ ਹਾਸਲ ਕਰਨ ਲਈ ਗੱਲਾਂ ਕਰਨ ਲੱਗਾ। ਮੈਂ ਤੇ ਪ੍ਰੋ. ਭਾਰਤੀ ਚੁੱਪਚਾਪ ਬੈਠੇ ਸੁਣ ਰਹੇ ਸਾਂ ਕਿ ਅਚਾਨਕ ਜਗਤਾਰ ਹੈਡਮਾਸਟਰ ਵੱਲ ਟਿਕਟਿਕੀ ਲਾ ਕੇ ਵੇਖਦਿਆਂ ਕਹਿਣ ਲੱਗਾ ਕਿ ਤੇਰਾ ਨਾਂ ਫਲਾਣਾ (ਮੈਂ ਨਾਂ ਭੁੱਲ ਗਿਆ ਹਾਂ) ਤੇ ਨਹੀਂ? ਤੂੰ ਉਸ ਸਕੂਲ ਵਿਚ ਛੇਵੀਂ ਵਿਚ ਪੜ੍ਹਦਾ ਹੁੰਦਾ ਸੀ। ਹੈਡਮਾਸਟਰ ਸਾਹਿਬ ਵੀ ਹੈਰਾਨੀ ਨਾਲ ਜਗਤਾਰ ਵੱਲ ਵੇਖਣ ਲੱਗੇ ਤੇ ਕਹਿਣ ਲੱਗੇ 'ਹਾਂ, ਮੈਂ ਉਹੀ ਹਾਂ' ਤਾਂ ਜਗਤਾਰ ਨੇ ਹੱਸ ਕੇ ਉਹਨਾਂ ਨੂੰ ਜੱਫੀ ਪਾ ਲਈ ਤੇ ਆਪਣੇ ਬਾਰੇ ਦੱਸਿਆ ਕਿ ਮੈਂ ਵੀ ਡੇਰੇ ਨਾਲ ਉਸੇ ਸਕੂਨ ਵਿਚ ਪੜ੍ਹਿਆ ਹਾਂ। ਫਿਰ ਉਹ ਦੋਵੇਂ ਪੁਰਾਣੇ ਦਿਨਾਂ ਦੀਆਂ ਯਾਦਾਂ ਵਿਚ ਗੁਆਚ ਗਏ। ਮੈਂ ਤੇ ਭਾਰਤੀ ਹੈਰਾਨੀ ਨਾਲ ਜਗਤਾਰ ਦੇ ਮੂੰਹ ਵੱਲ ਵੇਖਦੇ ਰਹੇ। ਉਥੇ ਗੱਲਾਂ ਵਿਚ ਹੀ ਪਤਾ ਲੱਗਾ ਕਿ ਪਿੰਡ ਵਿਚ ਚੰਦਰਧਰ ਸ਼ਰਮਾ ਗੁਲੇਰੀ, ਉਸਨੇ ਕਹਾ ਥਾ ਹਿੰਦੀ ਕਹਾਣੀ ਦੇ ਰਚਾਇਤਾ ਦਾ ਪੋਤਾ ਰਹਿੰਦਾ ਹੈ। ਹੁਣ ਜਗਤਾਰ ਨੂੰ ਉਸਨੂੰ ਮਿਲਣ ਦੀ ਕਾਹਲੀ ਸੀ। ਹੈਡਮਾਸਟਰ ਸਾਹਿਬ ਤੋਂ ਵਿਦਾ ਲੈ ਕੇ ਅਸੀਂ ਗੁਲੇਰੀ ਦੇ ਪੋਤੇ ਨੂੰ ਮਿਲਣ ਚੱਲ ਪਏ। ਰਾਤ ਹੁਣ ਪੂਰੀ ਤਰ੍ਹਾਂ ਉਤਰ ਆਈ ਸੀ। ਉਸਦੇ ਘਰ ਪੁੱਜੇ ਤਾਂ ਬਹੁਤ ਹੀ ਖੂਬਸੂਰਤ ਗੋਰੇ ਚਿੱਟੇ ਨੌਜਵਾਨ ਨਾਲ ਮੁਲਾਕਾਤ ਹੋਈ। ਉਸਨੇ ਜਗਤਾਰ ਦਾ ਨਾਂ ਸੁਣਿਆ ਹੋਇਆ ਸੀ। ਉਹ ਹਿਮਾਚਲ ਵਿਚ ਹਿੰਦੀ ਸਾਹਿਤ ਸਭਾਵਾਂ ਨਾਲ ਵੀ ਜੁੜਿਆ ਹੋਇਆ ਸੀ। ਸੋ ਲਿਟਰੇਚਰ ਬਾਰੇ ਤੇ ਇੱਧਰ ਉਧਰ ਵੇਖਣ ਵਾਲੀਆਂ ਥਾਵਾਂ ਬਾਰੇ ਉਸ ਨਾਲ ਗੱਲਬਾਤ ਹੁੰਦੀ ਰਹੀ। ਰਾਤ ਅਸੀਂ ਤਿੰਨੇ ਉਸ ਕੋਲ ਹੀ ਠਹਿਰੇ। ਉਸਦੀ ਪਤਨੀ ਨੇ ਬੜਾ ਵਧੀਆ ਖਾਣਾ ਬਣਾਇਆ। ਜਗਤਾਰ ਨੇ ਹੁਕਮ ਸੁਣਾ ਦਿੱਤਾ ਕਿ ਸਵੇਰੇ ਵੇਲੇ ਸਿਰ ਉਠ ਕੇ ਤਿਆਰ ਹੋ ਕੇ ਪਹਿਲਾਂ ਸਟੇਸ਼ਨ ਤੋਂ ਗੱਡੀ ਫੜਨ ਹੈ ਜੋ ਘਰ ਤੋਂ ਮੀਲ ਕੁ ਦੀ ਵਿੱਥ ਉਪਰ ਸੀ। ਫਿਰ ਅੱਗੋਂ ਬੱਸ ਫੜ ਕੇ ਮਸਰੂਰ ਪੁੱਜਣਾ ਸੀ। ਸਵੇਰੇ ਘਰ ਦੀ ਸੁਆਣੀ ਨੇ ਪਰੌਂਠੇ ਬਣਾ ਕੇ ਸਾਨੂੰ ਨਾਲ ਬੰਨ੍ਹ ਕੇ ਦਿੱਤੇ ਤੇ ਉਹ ਖੂਬਸੂਰਤ ਨੌਜਵਾਨ ਸਾਨੂੰ ਸਟੇਸ਼ਨ ਉਪਰ ਵਿਦਾ ਕਰਨ ਆਇਆ। ਜੁਦਾ ਹੋਣ ਵੇਲੇ ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਆਪਣੇ ਕਿਸੇ ਬਹੁਤ ਨੇੜਲੇ ਰਿਸ਼ਤੇਦਾਰ ਤੋਂ ਵਿੱਛੜ ਰਹੇ ਹੋਈਏ। ਉਸਨੂੰ ਵੇਖ ਕੇ ਇੰਝ ਲੱਗਾ ਕਿ ਆਪਸੀ ਭਾਈਚਾਰਾ, ਮਹਿਮਾਨ ਨਿਵਾਜ਼ੀ ਹਾਲੇ ਜ਼ਿੰਦਾ ਹੈ, ਮਰੀ ਨਹੀਂ।

ਜਦ ਅਸੀਂ ਮਸਰੂਰ ਸੜਕ ਉਪਰ ਬੱਸ ਵਿਚੋਂ ਉਤਰੇ ਤੇ ਮੰਦਰ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਕਿਲੋਮੀਟਰ ਤੁਰ ਕੇ ਜਾਣਾ ਪਵੇਗਾ। ਹਲਕੀਆਂ-ਹਲਕੀਆਂ ਕਣੀਆਂ ਸ਼ੁਰੂ ਹੋ ਗਈਆਂ ਸਨ। ਅਸੀਂ ਤਿੰਨੇ ਗੱਲਾਂ ਮਾਰਦੇ ਮੰਦਰ ਵਿਚ ਪੁੱਜ ਗਏ ਜੋ ਇਕੋ ਪੱਧਰ ਨੂੰ ਕੱਟ ਕੇ ਬਣਾਇਆ ਗਿਆ ਸੀ। ਅਸੀਂ ਉਥੇ ਦੀਆਂ ਕੁਝ ਤਸਵੀਰਾਂ ਖਿੱਚੀਆਂ। ਜਗਤਾਰ ਨਾਲ ਨਾਲ ਮੰਦਰ ਨਾਲ ਜੁੜੇ ਇਤਿਹਾਸ/ਮਿਥਿਹਾਸ ਦਾ ਚਾਨਣਾ ਪਾ ਰਿਹਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਕੋਈ ਹੰਢਿਆ ਵਰਤਿਆ ਗਾਈਡ ਹੋਵੇ। ਮੀਂਹ ਪੈਂਦੇ ਵਿਚ ਹੀ ਸਾਨੂੰ 7 ਕੁ ਮੀਲ ਪੈਦਲ ਚੱਲਣਾ ਪਿਆ ਤਾਂ ਕਿ ਉਥੋਂ ਕਾਂਗੜੇ ਨੂੰ ਜਾਣ ਵਾਲੀ ਬੱਸ ਫੜ ਸਕੀਏ। ਮੀਂਹ ਵਿਚ ਤੁਰੇ ਜਾਂਦੇ ਮੈਂ ਤੇ ਭਾਰਤੀ ਜਗਤਾਰ ਨੂੰ ਵੇਖਕੇ ਆਪਸ ਵਿਚ ਘੁਸਰ ਮੁਸਰ ਕਰ ਰਹੇ ਸਾਂ ਕਿ ਐਸ ਘੜੀ ਜਗਤਾਰ ਦੀ ਤੋਰ ਤੇ ਚਿਹਰੇ ਉਪਰਲੇ ਜੋਸ਼ ਨੂੰ ਵੇਖ ਕੇ ਕੋਈ ਕਹਿ ਸਕਦਾ ਹੈ ਕਿ ਇਹ ਬੰਦਾ ਦਮੇ ਦੀ ਬਿਮਾਰੀ ਨਾਲ ਪੀੜਤ ਹੈ ਅਤੇ ਜਿਸਨੂੰ ਸਾਹ ਚੜ੍ਹਦਾ ਹੈ। ਅਸੀਂ ਦੋਵਾਂ ਜਗਤਾਰ ਦੇ ਗੋਡੀਂ ਹੱਥ ਲਾਇਆ ਤੇ ਬੋਲੇ "ਬਾਬਿਓ ਤੁਸੀਂ ਗਰੇਟ ਹੋ' ਜਗਤਾਰ ਨਿੰਮਾ ਨਿੰਮਾ ਮੁਸਕਰਾਉਂਦਾ ਰਿਹਾ। ਕਾਂਗੜੇ ਜਦ ਅਸੀਂ ਹੋਟਲ ਵਿਚ ਪੁੱਜੇ ਤਾਂ ਇਕ ਪਾਸੇ ਰਾਤ ਉਤਰ ਰਹੀ ਸੀ ਤੇ ਦੂਜੇ ਪਾਸੇ ਮੋਹਲੇਧਾਰ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਅਸੀਂ ਇਕ ਕਮਰਾ ਲਿਆ। ਜਗਤਾਰ ਨੇਵੇਟਰ ਨੂੰ ਇਕ ਪਊਆ ਵਿਸਕੀ ਦਾ ਤੇ ਅੱਧਾ ਕਿਲੋ ਮੱਛੀ ਲਿਆਉਣ ਲਈ ਕਿਹਾ। ਮੈਂ ਜਗਤਾਰ ਨੂੰ ਉਸ ਦਿਨ ਹੀ ਸ਼ਰਾਬਰ ਚੜ੍ਹੀ ਵੇਖੀ। ਮੈਂ ਤੇ ਭਾਰਤੀ ਪੀਂਦੇ ਨਹੀਂ ਸਾਂ। ਅਸੀਂ ਸਿਰਫ ਗੱਲਾਂ ਵਿਚ ਤੇ ਮੱਛੀ ਖਾਣ ਵਿਚ ਹੀ ਉਸਦਾ ਸਾਥ ਦੇ ਰਹੇ ਸਾਂ। ਗੱਲਾਂ-ਗੱਲਾਂ ਵਿਚ ਉਸਦੀ ਸੂਈ ਹੀਰ ਰਾਂਝੇ ਦੇ ਕਿੱਸੇ 'ਤੇ ਅੜ ਗਈ। ਵਾਰ-ਵਾਰ ਇਹੀ ਆਖੇ ਕਿ ਮੈਂ ਤੁਹਾਨੂੰ ਇਸ ਬਾਰੇ ਕਿਤਾਬ ਲਿਖ ਕੇ ਵਿਖਾਵਾਂਗਾ। ਜਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸਦੀ 'ਹੀਰ ਦਮੋਦਰ' ਪੁਸਤਕ ਛਪੀ ਤਾਂ ਸਾਨੂੰ ਲੱਗਾ ਕਿ ਸ਼ਰਾਬੀ ਹਾਲਤ ਵਿਚ ਕਹੀ ਗੱਲ ਵੀ ਉਹ ਸੱਚ ਸਾਬਤ ਕਰ ਗਿਆ ਹੈ।

ਕੰਮ ਕਰਨ ਤੋਂ ਜਗਤਾਰ ਕਦੇ ਨਹੀਂ ਸੀ ਭੱਜਾ। ਜੇ ਉਸਨੇ 'ਹਾਂ' ਕਰ ਦਿੱਤੀ ਤਾਂ ਸਮਝ ਲਓ 100 ਫੀਸਦੀ ਗਰੰਟੀ ਹੈ ਕਿ ਕੰਮ ਹੋ ਜਾਵੇਗਾ। ਨਹੀਂ ਤਾਂ ਉਹ ਪਹਿਲਾਂ ਹੀ ਨਾਂਹ ਕਰ ਦਿੰਦਾ ਸੀ। ਇਕ ਵਾਰੀ ਮੈਂ ਜਗਤਾਰ ਨੂੰ ਕਿਹਾ ਕਿ ਤੁਸੀਂ ਪੰਜਾਬੀ ਦੇ ਉਹਨਾਂ ਕੁਝ ਇਕ ਚੋਣਵੇ ਵਿਅਕਤੀਆਂ ਵਿਚੋਂ ਹੋ ਜਿਹਨਾਂ ਨੂੰ ਉਰਦੂ, ਫਾਰਸੀ ਦਾ ਗਿਆਨ ਹੈ। ਤੁਸੀਂ ਕਿੱਸਾ ਕਾਵਿ ਨੂੰ ਸਮਝਣ ਲਈ ਜੇ ਕੋਈ ਸ਼ਬਦਕੋਸ਼ ਬਣਾ ਦਿਓ ਤਾਂ ਇਹ ਆਉਣ ਵਾਲੀ ਪੀੜ੍ਹੀ ਉਪਰ ਇਕ ਬਹੁਤ ਵੱਡਾ ਅਹਿਸਾਨ ਹੋਵੇਗਾ। ਸਾਡੇ ਵਰਗਿਆਂ ਨੂੰ ਉਰਦੂ ਫਾਰਸੀ ਦਾ ਗਿਆਨ ਨਹੀਂ। **(ਚਲਦਾ)**


## ਇਕ ਸ਼ਰਧਾਂਜਲੀ:

# ਗੁਰੂ ਗੋਬਿੰਦ ਸਿੰਘ




ਮੂਲ ਲੇਖਕ
ਪ੍ਰੋਫੈਸਰ ਕ੍ਰਿਸ਼ਨ ਕੁਮਾਰ
(ਬਰਮਿੰਘਮ)

ਪੰਜਾਬੀ ਅਨੁਵਾਦ
ਐੱਸ ਬਲਵੰਤ




ਪਟਨਾ ਦੀ ਧਰਤੀ 'ਤੇ ਜਿਸ ਜਨਮ ਲਿਆ ਉਹ ਗੋਬਿੰਦ ਰਾਇ ਸੀ
ਧਰਮ-ਜਾਤ ਦੀ ਰਖਿਆ ਖਾਤਿਰ ਉਸ ਨੇ ਪਿਤਾ ਗਵਾਏ ਸੀ
ਮੁਗਲੀ-ਅਤਿਆਚਾਰ ਨਾਲ ਭਾਰਤ ਦੇ ਅੱਥਰੂ ਵਹਿੰਦੇ ਸਨ
ਸਾਰੇ ਜ਼ੁਲਮ ਨੂੰ ਦੇਖਦੇ-ਸਹਿੰਦੇ, ਉਸ ਨੇ ਹੰਝੂ ਬਹਾਏ ਸੀ
ਖ਼ੁਦ ਹੀ ਪਿਤਾ ਦਾ ਸੀਸ ਕਟਾ 'ਤਾ ਧਰਮ ਦੀ ਖਾਤਿਰ ਜਿਸ ਨੇ
ਗੋਬਿੰਦ ਬਣ ਪ੍ਰੀਵਰਤਨ ਦੀ ਜੋਤ ਜਗਾਏ ਸੀ
ਬਣੇ ਗੁਰੂ ਜਦ ਉਹੋ, ਸਿੰਘਾਂ ਦੇ ਕਈ ਪਲ ਖਿਲਰੇ ਨੇ
ਸੰਤ ਸਿਪਾਹੀ, ਤੇ ਦਰਸ਼ਨ ਸੰਗ, ਬਾਵਨ ਕਵੀ ਬਿਠਾਏ ਸੀ
ਨਿਰਣਾ ਕਰਣਾ ਵੀ ਔਖਾ ਬਣਿਆ ਉਹ ਗੁਰੂ ਇਕੱਲੇ ਕਿਸ ਦੇ ਨੇ
ਉਹ ਇਕ ਸੰਤ ਸੁਧਾਰਕ ਬਣ ਕੇ ਆਏ ਸੀ
ਹੱਡ-ਮਾਸ ਦੇ ਬਣੇ ਗੁਰੂ ਨੇ ਕੀਤਾ ਉਹੀ ਹੁੰਦਾ ਜੋ ਨਿਰੰਤਰ ਸੀ
ਪੋਥੀ ਨੂੰ ਗੁਰੂ ਗਰੰਥ ਬਣਾਇਆ ਸਾਰੇ ਸਾਰ ਉਸੇ ਦੇ ਵਿਚ ਸਮਾਏ ਸੀ
ਨੀਂਹ ਖਾਲਸੇ ਦੀ ਜਦ ਰੱਖੀ, ਨਰ-ਨਾਰੀ ਦਾ ਮਿਟਿਆ ਭੇਦ
ਸੁੰਦਰ-ਉੱਤਮ ਨਿਯਮ ਬਣਾਏ ਸਾਰੇ ਧਰਮ ਇੱਕੋ ਥਾਂ ਰਲਾਏ ਸੀ
ਗੁਰੂ-ਉਪਦੇਸ਼ਾਂ ਜੱਗ ਦੇ ਉੱਤੇ ਅਨੁਪਮ ਪ੍ਰਥਾ ਚਲਾ ਕੇ ਜਦ
ਗਪ-ਛਪ-ਨਿੰਦਾ ਘੋਰ ਪਾਪ ਹੈ, ਸ਼ਾਂਤੀ ਰਾਹ ਦਿਖਾਏ ਸੀ
ਉਪਦੇਸ਼ ਇਹੀ ਕਿ ਦਸਾਂ ਨੌਹਾਂ ਨਾਲ ਕਿਰਤ ਕਰੋ ਪਰ ਦਸਵੰਧ ਦਾਨ ਕਰਾਏ ਜੀ
ਜੋ ਪੁੱਤਰੀ ਨੂੰ ਦੌਲਤ ਸਮਝੇ, ਬੂਹਿਓਂ ਬਾਹਰ ਧਕਾਏ ਸੀ
ਧਰਮ ਬਣਾ ਕੇ ਆਪਣਾ ਰੱਖਣਾ, ਨਾ ਵਿਚਾਰਾਂ ਨੂੰ ਕਦੇ ਤੱਜਣਾਂ
ਰਾਹ ਹਰ ਮਾਈ-ਭਾਈ ਨੂੰ ਉਸ ਇਹੋ ਰਾਹ ਦਿਖਾਏ ਸੀ
ਬੇਖੌਫ ਹੋ ਨਿਆਂ ਦਾ ਆਦਰ ਕਰਨਾ, ਕੇਵਲ ਭਾਵ ਇਹੀ ਸਭ ਭਰਨਾ
ਇਸੇ ਮਾਨਵਤਾ ਦੀ ਖਾਤਿਰ, ਪੂਰੇ ਸਰਬੰਸ ਦਾ ਦਾਨ ਵੀ ਕਰ 'ਤਾ
ਦਿੰਦਾ ਰਿਹਾ ਉਹ ਸਾਫ ਚੁਣੌਤੀ ਜ਼ਫਰਨਾਮੇਂ ਦੇ ਪੰਨਿਆਂ 'ਤੇ
ਸ਼ੱਤ ਪ੍ਰਣਾਮ ਹੈ ਓਸ ਗੁਰੂ ਨੂੰ ਜਿਸ ਇਹ ਰਾਹ ਦਿਖਾਏ ਸੀ
ਕੁਝ ਕਹਿੰਦੇ ਉਹ ਗੁਰੂ ਹੈ ਸਿੱਖ ਦਾ
ਪਰ ਮਾਨਵਤਾ ਓਪਦੇਸ਼ ਸੀ ਉਸ ਦਾ
ਸ਼ਾਨ ਨਾ ਜੀਣਾ ਗੁਰੁ ਗੋਬਿੰਦ ਸਿੰਘ ਦੱਸਿਆ
ਪੂਰੀ ਮਾਨਵਤਾ ਨੂੰ ਉਸ ਨੇ ਇਹੀ ਪਾਠ ਪੜ੍ਹਾਏ ਸੀ
ਉਹ ਪਟਨਾ ਵਿਚੋਂ ਆਏ ਸੀ
ਉਹ ਮਾਨਵਤਾ ਦੇ ਜਾਏ ਸੀ
ਉਹ ਮਾਨਵਤਾ ਲਈ ਆਏ ਸੀ
ਉਹ ਮਾਨਵਤਾ ਨੂੰ ਭਾਏ ਸੀ
ਪਟਨੇ ਤੋਂ ਇਕ ਗੁਰ ਗੋਬਿੰਦ ਸਿੰਘ ਆਏ ਸੀ
ਸਵਾ ਲੱਖ ਬਣ ਇਕ-ਇਕ ਸਿੰਘ ਉਹ
ਹਰ ਦੁਸ਼ਮਣ ਨਾਲ ਲੜਾਏ ਸੀ
ਪਟਨੇ ਤੋਂ ਇਕ ਗੋਬਿੰਦ ਰਾਇ ਆਏ ਸੀ
ਜੋ ਆਖਿਰ ਗੁਰੁ ਗੋਬਿੰਦ ਸਿੰਘ ਖ਼ੁਦ ਕਹਾਏ ਸੀ
ਉਹ ਪਟਨੇ ਵਿਚੋਂ ਆਏ ਸੀ
ਜੀ ਉਹ ਪਟਨੇ ਵਿਚੋਂ ਆਏ ਸੀ

# ਮਿੰਨੀ ਕਹਾਣੀਆਂ




## ਟੁੱਟੀ ਪੁਲੀ ਦੀ ਮੁਰੰਮਤ

ਸੜਕ ਤੋਂ ਮੁਹੱਲੇ ਨੂੰ ਜਾਣ ਲਈ ਗਲੀ ਉੱਪਰ ਮੁੱਢ ਹੀ ਪੁਲੀ ਲਾਈ ਹੋਈ ਸੀ ਜੋ ਤਕਰੀਬਨ ਟੁੱਟੀ ਹੀ ਰਹਿੰਦੀ ਸੀ। ਮਿਉਂਸਪਲ ਕਮੇਟੀ ਦੀਆਂ ਚੋਣਾਂ ਸਿਰ 'ਤੇ ਆ ਗਈਆਂ। ਪੁਲੀ ਉਪਰ, ਵੱਖੋ ਵੱਖਰੇ ਉਮੀਦਵਾਰਾਂ ਨੇ ਵਾਰੀ ਵਾਰੀ ਥੋੜਖ਼ੀ ਮੋਟੀ ਪੋਚਾ ਪਾਚੀ ਕਰਕੇ ਮੁਹੱਲੇ ਵਾਲਿਆਂ ਨੂੰ ਸੇਵਾ-ਭਾਵਨਾ ਦਿਖਾ ਕੇ, ਆਪਣੇ ਵੱਲ ਖਿੱਚਣ ਦਾ ਯਤਨ ਜ਼ਰੂਰ ਕੀਤਾ। ਵੋਟਾਂ ਪੈ ਗਈਆਂ। ਪ੍ਰਧਾਨ ਅਤੇ ਹੋਰ ਅਹੁਦੇਦਾਰ ਚੁਣੇ ਗਏ। ਨਵੀਂ ਬਣੀ ਮਿਉਂਸਪਲ ਕਮੇਟੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਬਚਨ ਸਿੰਘ ਪਟਵਾਰੀ ਰਿਟਾਇਰਮੈਂਟ ਦੇ ਨੇੜੇ ਸੀ। ਉਸਦਾ ਘਰ ਮੁਹੱਲੇ ਵੜਦਿਆਂ ਪੁਲੀ ਦੇ ਨਾਲ ਹੀ ਸੀ। ਪੁਲੀ ਟੁੱਟੀ ਹੋਣ ਕਾਰਨ ਅਕਸਰ ਪਾਣੀ ਗਲੀ ਵਿਚ ਖੜਖ਼ਾ ਰਹਿੰਦਾ ਸੀ। ਪਟਵਾਰੀ ਅਕਸਰ ਹੀ ਦਾਰੂ ਪੀ ਕੇ ਘਰ ਨੂੰ ਆਉਂਦਾ, ਦਾਰੂ ਨਾਲ ਜ਼ਿਆਦਾ ਟੱਲੀ ਹੋਣ ਕਰਕੇ ਪਟਵਾਰੀ ਕਈ ਵਾਰ ਗਲੀ ਵਿਚ ਤਿਲਕ ਕੇ ਡਿੱਗਿਆ ਸੀ। ਲਿਬੜੇ ਕੱਪੜਿਆਂ ਨਾਲ ਜਦੋਂ ਉਹ ਘਰ ਜਾਂਦਾ ਤਾਂ ਪਟਵਾਰਨ ਦੀਆਂ ਗਾਲਖ਼ਾਂ ਸੁਣਨ ਨੂੰ ਮਿਲਦੀਆਂ।

ਇਕ ਦਿਨ ਪਟਵਾਰੀ ਸਾਹਬ ਖੁੰਦਕ 'ਚ ਆ ਕੇ ਪੁਲੀ ਦੀ ਮੁਰੰਮਤ ਕਰ-ਾਉਣ ਸਬੰਧੀ ਮੁਹੱਲੇ ਵਾਲਿਆਂ ਦੇ ਦਸਖਤ ਕਰਵਾ ਕੇ ਦਰਖਾਸਤ ਮਿਉਂਸਪਲ ਕਮੇਟੀ ਦੇ ਦਫ਼ਤਰ ਦੇਣ ਚਲੇ ਗਏ। ਸੰਬੰਧਤ ਅਧਿਕਾਰੀ ਨੇ ਅੱਗੋਂ ਰਿਕਾਰਡ ਦੇਖ ਕੇ ਦੱਸਿਆ, ਇਸ ਪੁਲੀ ਦੀ ਤਾਂ ਅਸੀਂ ਬਾਰਾਂ ਵਾਰੀ ਇਸ ਸਾਲ ਮੁਰੰਮਤ ਕਰਾ ਦਿੱਤੀ ਹੈ। ਹੁਣ ਆਹ ਅੱਜ ਹੀ ਮਤਾ ਤੇਰਵੀਂ ਵਾਰ ਮੁਰੰਮਤ ਕਰਨ ਦਾ ਪਾ ਦਿੱਤਾ ਹੈ। ਤੁਸੀਂ ਫਿਕਰ ਨਾ ਕਰੋ, ਲਿਆਓ ਦਰਖਾਸਤ ਦੇ ਜਾਓ। ਇਹ ਹੁਣੇ ਮੁਰੰਮਤ ਹੋਜੇਗੀ।'' ਪਟਵਾਰੀ ਸਾਹਿਬ ਇਹ ਸੁਣ ਕੇ, ਆਪਣੇ ਮਹਿਕਮੇ ਦੀ ਲੋਕਾਂ ਵਿਚ ਬਦਨਾਮੀ ਨੂੰ ਨਾਮੋਸ਼ੀ ਨਾਲ ਕੋਸਦੇ ਜਾ ਰਹੇ ਸੀ ਅਤੇ ਮਨ ਹੀ ਮਨ ਵਿਚ ਕਹਿ ਰਹੇ ਸੀ ਕਿ ਅਸੀਂ ਲੋਕ ਤਾਂ ਪਿਛਾਂਹ ਹੀ ਰਹਿ ਗਏ, ਇਹ ਲੋਕ ਤਾਂ ਸਾਡੇ ਨਾਲੋਂ ਕੋਹਾਂ ਦੂਰ ਪਹੁੰਚ ਗਏ।

## ਦੋਗਲੀ ਨੀਤੀ

ਹਰੇਕ ਸਾਲ ਪ੍ਰੀਖਿਆਵਾਂ ਦੇ ਦਿਨਾਂ ਦੌਰਾਨ ਅਧਿਆਪਕ ਯੂਨੀਅਨ ਦਾ ਅਹੁਦੇਦਾਰ ਮਨਜੀਤ ਸਿੰਘ ਨਕਲ ਵਿਰੋਧੀ ਪ੍ਰੈਸ ਨੋਟ ਆਪਣੇ ਨਾਮ ਹੇਠਾਂ ਅਖਬਾਰਾਂ ਨੂੰ ਦਿੰਦਾ ਰਹਿੰਦਾ। ਉਸ ਦਾ ਯੂਨੀਅਨ ਕਰਕੇ ਉੱਚ ਅਧਿਕਾਰੀਆਂ ਤੱਕ ਚੰਗਾ ਅਸਰ-ਰਸੂਖ ਸੀ। ਅਕਸਰ ਹੀ ਹਰੇਕ ਸਾਲ ਉਹ ਪ੍ਰੀਖਿਆ ਦੌਰਾਨ 'ਫਲਾਈਂਗ ਸਕੁਏਡ' ਵਿਚ ਆਪਣੀ ਡਿਊਟੀ ਲਗਵਾ ਹੀ ਲੈਂਦਾ।

ਏਸ ਵਾਰ ਮਨਜੀਤ ਦਾ ਭਤੀਜਾ ਉਸ ਦੇ ਸਕੂਲ ਵਿਚ ਬਣੇ ਪ੍ਰੀਖਿਆ ਕੇਂਦਰ ਵਿਚ ਬੋਰਡ ਦੀ ਪ੍ਰੀਖਿਆ ਦੇ ਰਿਹਾ ਸੀ। ਮਨਜੀਤ ਨੇ ਅੱਜ ਫਲਾਈਂਗ ਡਿਊਟੀ 'ਤੇ ਜਾਣਾ ਸੀ। ਡਿਪਟੀ ਸੁਪਰਡੰਟ ਉਸਦਾ ਖਾਸ ਬੰਦਾ ਸੀ। ਆਪਣੇ ਭਤੀਜੇ ਦਾ ਰੋਲ ਨੰਬਰ ਪਹਿਲਾਂ ਹੀ ਉਸ ਨੇ ਇਕ ਹੁਸ਼ਿਆਰ ਬੱਚੇ ਦੇ ਬਾਅਦ ਲਗਵਾਇਆ ਹੋਇਆ ਸੀ। ਜਾਂਦਾ ਹੋਇਆ ਮਨਜੀਤ ਡਿਪਟੀ ਸੁਪਰਡੰਟ ਦੇ ਕੰਨ ਵਿਚ ਕੁਝ ਕਹਿ ਰਹਿਆ ਸੀ। ਮਨਜੀਤ ਦਾ ਭਤੀਜਾ ਬੇਖੌਫ਼ ਨਕਲ ਕਰ ਰਿਹਾ ਸੀ ਅਤੇ ਡਿਪਟੀ ਸੁਪਰਡੰਟ ਕਬੂਤਰ ਵਾਂਗ ਅੱਖਾਂ ਮੀਟ ਕੇ ਅਣਦੇਖੀ ਕਰੀਂ ਸਮਾਂ ਲੰਘਾ ਰਿਹਾ ਸੀ।

# ਅਠਵੰਜਾ ਸਾਲ ਹੀ ਹੋਵੇ ਸੇਵਾ ਨਵਿਰਤੀ ਦਾ ਵਰ੍ਹਾ

**ਚਮਨਦੀਪ ਸ਼ਰਮਾ (91-94633-77709)**

ਪੰਜਾਬ ਵਿੱਚ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ ਉਹ ਆਪਣੇ ਕਾਰਜ਼ਕਾਲ ਦੇ ਦੌਰਾਨ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਗੁਣਗਾਨ ਕਰਦੇ ਹੋਏ ਥੱਕਦੀ ਨਹੀਂ ਹੈ ਕਿਉਂ ਜੋ ਦੁਬਾਰਾ ਤੋਂ ਜਨਤਾ ਦੀਆਂ ਵੋਟਾਂ ਦੀ ਪ੍ਰਾਪਤੀ ਕਰਕੇ ਸੱਤਾ ਹਾਸਲ ਕਰਨ ਦਾ ਅਹਿਮ ਮਸਲਾ ਹੁੰਦਾ ਹੈ ਜਦਕਿ ਸੱਚਾਈ ਇਸ ਤੋਂ ਬਿਲਕੁਲ ਉਲਟ ਬਿਆਨ ਕਰਨ ਵਾਲੀ ਹੁੰਦੀ ਹੈ। ਸਰਕਾਰ ਦੇ ਬਹੁਤ ਸਾਰੇ ਕਦਮ ਅਜਿਹੇ ਹੁੰਦੇ ਹਨ ਜੋ ਕਿ ਸਰਕਾਰਾਂ ਦੇ ਵਿਕਾਸ ਕਾਰਜਾਂ ਦੀ ਪੋਲ ਖੋਲਕੇ ਰੱਖ ਦਿੰਦੇ ਹਨ।ਇਹਨਾਂ ਦੀ ਜਾਣਕਾਰੀ ਸਾਡੇ ਤੱਕ ਮੀਡੀਆ ਦੇ ਜਰਿਏ ਪਹੁੰਚਦੀ ਰਹਿੰਦੀ ਹੈ।ਸੂਬੇ ਦੀ ਵਿੱਤੀ ਹਾਲਤ ਪਤਲੀ ਹੋਣ ਸਦਕਾ ਹੀ ਅਕਾਲੀ ਭਾਜਪਾ ਦੀ ਸਰਕਾਰ ਦੇ ਸਮੇਂ ਮੁੱਖ ਮੰਤਰੀ ਸ ਸ਼ਗ੍ਰਕਾਸ਼ ਸਿੰਘ ਬਾਦਲ ਨੇ 58 ਸਾਲ ਦੀ ਉਮਰ ਵਿੱਚ ਰਿਟਾਇਰ ਹੋਣ ਸਮੇਂ ਨੌਕਰੀ ਵਿੱਚ ਦੋ ਸਾਲ ਦਾ ਵਾਧਾ ਲੈਣ ਦੀ ਪੇਸ਼ਕਸ ਮੁਲਾਜਮਾਂ ਨੂੰ ਕੀਤੀ ਸੀ। ਇਸਦਾ ਕਾਰਨ ਸਪੱਸ਼ਟ ਸੀ ਕਿ ਰਾਜ ਕੋਲ ਮੁਲਾਜ਼ਮਾਂ ਨੂੰ ਰਿਟਾਇਰਮੈਂਟ ਸਮੇਂ ਦਿੱਤੇ ਜਾਣ ਵਾਲੇ ਲਾਭ ਜਿਵੇਂ ਕਿ ਲੀਵ ਇਨ ਕੈਸ਼ਮੈਂਟ, ਗਰੈਚੂਟੀ, ਜੀ ਜੀ , ਪੈਨਸ਼ਨ ਆਦਿ ਦੇਣ ਦੇ ਲਈ ਫੰਡਜ਼ ਦੀ ਕਮੀ ਸੀ। ਸੇਵਾ ਨਵਿਰਤੀ ਹੋਣ ਵਾਲੇ ਮੁਲਾਜ਼ਮਾਂ ਨੇ ਸਰਕਾਰ ਦੇ ਉਕਤ ਫੈਸਲੇ ਦਾ ਖਿੜੇ ਮੱਥੇ ਸੁਆਗਤ ਕਰਦੇ ਹੋਏ ਇਹ ਦੋ ਸਾਲਾਂ ਦਾ ਵਾਧਾ ਕਬੂਲ ਲਿਆ।ਪਰ ਸਰਕਾਰ ਵੱਲੋਂ ਇਹ ਕੋਈ ਸਥਾਈ ਹੱਲ ਨਹੀਂ ਸੀ। ਇੱਕ ਮੁਲਾਜ਼ਮ ਨੂੰ ਲਗਭਗ 25 ਲੱਖ ਤੋਂ 30 ਲੱਖ ਦੀਆਂ ਅਦਾਇਗੀਆਂ ਵਿਭਾਗ ਨੇ ਕਰਨੀਆਂ ਹੁੰਦੀਆਂ ਹਨ ਪਰ ਸਰਕਾਰਾਂ ਵੱਲੋਂ ਕਰਮਚਾਰੀਆਂ ਦੇ ਫੰਡਜ਼ ਨੂੰ ਹੋਰ ਸਕੀਮਾਂ ਵਿੱਚ ਲਗਾ ਦੇਣ ਨਾਲ ਅਤੇ ਵਿੱਤੀ ਸਾਧਨ ਨਾ ਪੈਦਾ ਕਰ ਸਕਣ ਕਰਕੇ ਇਹ ਸਮੱਸਿਆ ਵੱਧਦੀ ਹੀ ਚਲੀ ਜਾਂਦੀ ਹੈ। ਆਖ਼ਿਰਕਾਰ ਕਰਮਚਾਰੀਆਂ ਦੀਆਂ ਪੇਮੈਂਟਸ ਕਰਕੇ ਹੀ ਸਰਕਾਰ ਨੂੰ ਆਪਣੀ ਜਾਨ ਛੁਡਾਉਣੀ ਪੈਂਦੀ ਹੈ।ਹੁਣ ਸਵਾਲ ਇਹ ਪੈਂਦਾ ਹੁੰਦਾ ਹੈ ਕਿ ਜਦ ਅਠਵੰਜ਼ਾ ਸਾਲ ਦੀ ਉਮਰ ਵਿੱਚ ਸਰਕਾਰ ਨੇ ਕਰਮਚਾਰੀਆਂ ਨੂੰ ਸੇਵਾ ਮੁਕਤ ਕਰਨਾ ਹੀ ਹੁੰਦਾ ਹੈ ਤਾਂ ਇਸ ਲਈ ਪਹਿਲਾਂ ਤੋਂ ਹੀ ਕੋਈ ਪ੍ਰਭਾਵਸ਼ਾਲੀ ਯੋਜਨਾਬੰਦੀ ਕਰਕੇ ਧਨ ਦਾ ਪ੍ਰਬੰਧ ਕਿਉਂ ਨਹੀਂ ਕੀਤਾ ਜਾਂਦਾ ਹੈ ?

ਸੂਬੇ ਦੀ ਵਰਤਮਾਨ ਕਾਂਗਰਸ ਸਰਕਾਰ ਨੇ ਨੌਕਰੀ ਦੇ ਵਿੱਚ ਕੀਤੇ ਜਾਣ ਵਾਲੇ ਵਾਧੇ ਨੂੰ ਖਤਮ ਕਰਨ ਦਾ ਮਨ ਤਾਂ ਬਣਾ ਲਿਆ ਹੈ ਪਰੰਤੂ ਇਸ ਸਬੰਧੀ ਲਿਖਤੀ ਦਿਸ਼ਾ ਜਾਰੀ ਨਹੀਂ ਕੀਤੇ ਗਏ ਹਨ।ਜੇਕਰ ਇਹ ਵਾਧਾ ਸਰਕਾਰ ਖਤਮ ਕਰਦੀ ਹੈ ਤਾਂ ਉਹ ਆਪਣੇ ਇਸ ਕਦਮ ਦੇ ਨਾਲ ਚੋਣਾਂ ਦੇ ਦੌਰਾਨ ਲੋਕਾਂ ਦੇ ਨਾਲ ਕੀਤੇ ਗਏ ਵਾਅਦੇ ਹਰ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਾ ਪ੍ਰਬੰਧ ਨੂੰ ਪੂਰਾ ਕਰਨ ਦੀ ਤਰਫ਼ ਵਧਾਉਂਣ ਦੀ ਸ਼ੁਰੂਆਤ ਕਰ ਲਵੇਗੀ।

ਜੇਕਰ ਧਿਆਨ ਨਾਲ ਸਾਰੇ ਪਹਿਲੂਆਂ ਉੱਪਰ ਨਜ਼ਰ ਮਾਰੀ ਜਾਵੇ ਤਾਂ ਕਰਮਚਾਰੀਆਂ ਦੇ ਸਹੀ ਸਮੇਂ ਤੇ ਸੇਵਾ ਮੁਕਤੀ ਕਰਨ ਦੇ ਸਰਕਾਰ ਨੂੰ ਵਧੇਰੇ ਲਾਭ ਹੀ ਹਨ ਕਿਉਂਕਿ ਅਜੋਕੇ ਸਮੇਂ ਵਿੱਚ ਬੇਰੁਜ਼ਗਾਰੀ ਪ੍ਰਮੁੱਖ ਸਮੱਸਿਆਂ ਹੈ।ਸੇਵਾ ਮੁਕਤੀ ਉਪਰੰਤ ਖਾਲੀ ਥਾਂਵਾਂ ਤੇ ਬੇਰੁਜ਼ਗਾਰ ਨੌਜਵਾਨਾਂ ਦੀ ਭਰਤੀ ਕਰਕੇ ਜਨਤਾ ਨੂੰ ਸਾਫ ਸੁਥਰਾ ਪ੍ਰਸ਼ਾਸਨ ਦਿੱਤਾ ਜਾ ਸਕਦਾ ਹੈ। ਬੇਰੁਜਗਾਰ ਨੋਜਵਾਨਾਂ ਵੱਲੋਂ ਕੀਤੇ ਜਾ ਰਹੇ ਵਿਦਰੋਹ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ।ਨਵੇਂ ਕਰਮਚਾਰੀਆਂ ਨੂ ਦੋ ਸਾਲ ਠੇਕੇ ਉੱਪਰ ਰੱਖ ਕੇ ਧਨ ਦੀ ਬੱਚਤ ਵੀ ਹੋ ਜਾਂਦੀ ਹੈ ਕਿਉਂਕਿ ਰੈਗੂਲਰ ਕਰਮਚਾਰੀ ਦੀ ਤਨਖਾਹ ਦੇ ਵਿੱਚ ਸਰਕਾਰ ਕਈ ਠੇਕਾ ਮੁਲਾਜ਼ਮ ਰੱਖ ਸਕਦੀ ਹੈ। ਇਹ ਵੀ ਅਸਲੀਅਤ ਹੈ ਕਿ ਉਮਰ ਦੇ ਵੱਧਣ ਦੇ ਨਾਲ-ਨਾਲ ਵਿਅਕਤੀ ਦੀ ਕਾਰਜ਼ ਕੁਸ਼ਲਤਾ ਤੇ ਬੁਰਾ ਪ੍ਰਭਾਵ ਪੈਂਦਾ ਹੈ। ਉਹ ਵਿਭਾਗ ਵੱਲੋ ਨਿਰਧਾਰਿਤ ਕੀਤੇ ਗਏ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਨਾਕਾਮ ਰਹਿੰਦਾ ਹੈ। ਸ਼ਾਇਦ ਇਸਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰ ਵੱਲੋਂ ਸਿੱਖਿਆ ਵਿਭਾਗ ਵਿੱਚ ਪੰਜਾਹ ਸਾਲ ਦੀ ਉਮਰ ਵਾਲੇ ਕਰਮਚਾਰੀ ਦੇ ਕੰਮਾਂ ਦੇ ਵੇਰਵੇ ਵਿਸਥਾਰ ਵਿੱਚ ਮੰਗੇ ਗਏ ਹਨ।

ਜਿਸਦਾ ਮਕਸਦ ਹੈ ਕਿ ਮਾੜ੍ਹੀ ਕਾਰਗੁਜ਼ਾਰੀ ਦੇਣ ਵਾਲੇ ਇਹਨਾਂ ਕਰਮਚਾਰੀਆਂ ਨੂੰ ਵਿਭਾਗ ਵਿੱਚੋਂ ਜ਼ਬਰੀ ਰਿਟਾਇਰ ਕੀਤਾ ਜਾ ਸਕੇ। ਸਾਰੇ ਦੇਸ ਅੰਦਰ ਕਰਮਚਾਰੀਆਂ ਦੇ ਲਈ ਸੇਵਾ ਨਵਿਰਤੀ ਦੀ ਉਮਰ ਇਕਸਾਰ ਹੀ ਭਾਵ ਅਠਵੰਜਾ ਸਾਲ ਹੀ ਹੋਣੀ ਚਾਹੀਦੀ ਹੈ ਤਾਂ ਜੋ ਦੇਸ ਅੰਦਰ ਅਰਾਜਕਤਾ ਅਤੇ ਬੇਰੁਜਗਾਰੀ ਨੂੰ ਫੈਲਣ ਤੋਂ ਲਗਾਮ ਲਗਾਈ ਜਾ ਸਕੇ।

ਇਹ ਇੱਕ ਦੁੱਖਦਾਇਕ ਸੱਚਾਈ ਹੈ ਕਿ ਸਭ ਕੁੱਝ ਵਾਕਫ਼ ਹੋਣ ਤੋਂ ਬਾਅਦ ਵੀ ਸਰਕਾਰਾਂ ਸੇਵਾ ਮੁਕਤੀ ਵਿੱਚ ਵਾਧਾ ਦੇ ਕੇ ਦੂਹਰੇ ਮਾਪਦੰਡ ਅਪਣਾਉਂਦੀਆਂ ਹਨ ।ਇਸ ਤਰ੍ਹਾਂ ਸਰਵਿਸ ਦੀ ਮਿਆਦ ਵਿੱਚ ਕੀਤਾ ਜਾਣ ਵਾਲਾ ਵਾਧਾ ਕਿਸੇ ਵੀ ਪੱਖ ਤੋਂ ਲਾਹੇਵੰਦ ਨਹੀਂ ਜਾਪਦਾ ਹੈ।

# ਸਾਫ- ਸੁਥਰੀ ਗਾਇਕੀ ਵਾਲਾ ਸ਼ਮਸ਼ੇਰ ਚੀਨਾ

ਪੰਜਾਬੀ ਗਾਇਕੀ ਵਿੱਚ ਸਾਫ- ਸੁਥਰੀ ਗਾਇਕੀ ਅਤੇ ਵਧੀਆ ਫਿਲਮਾਂਕਣ ਨਾਲ ਗਾਇਕ ਸ਼ਮਸ਼ੇਰ ਚੀਨਾ ਨੇ ਅਲੱਗ ਪਹਿਚਾਣ ਬਣਾਈ ਹੋਈ ਹੈ। ਆਪਣੀ ਸੁਰੀਲੀ ਅਵਾਜ਼ ਕਾਰਨ ਉਹ ਕਿਸੇ ਵੀ ਪਹਿਚਾਣ ਦਾ ਮੁਥਾਜ ਨਹੀਂ ਹੈ। ਉਸ ਦੇ ਚਰਚਤ ਗੀਤ ਜਿਵੇ



ਵਿਛੋੜਾ, ਬੁਲਟ, ਬਾਈ- ਬਈ, ਗੁੱਸੇ ਹੋਈ ਨਾ, ਟਰੈਕਟਰ, ਲਿਮੋਜਨ, ਵਾਂਗਾ, ਪਿੰਕ ਰੋਜ਼, ਬੰਬੀਹਾ ਬੋਲੇ, ਡਰਾਇਵਰ, ਗੁਲਾਬੀ ਫੁੱਲ ਅਤੇ ਆਪਣੇ ਧਾਰਮਿਕ ਗੀਤ ਤਸਵੀਰਾ ਨੂੰ ਅਪਾਰ ਸਫਲਤਾ ਮਿਲਣ ਕਾਰਨ ਉਹ ਆਪਣੀ ਜ਼ਿੰਦਗੀ ਤੋ ਬਹੁਤ ਜ਼ਿਆਦਾ ਸਤੁੰਸ਼ਟ ਹੈ। ਉਸਦੇ ਸਾਰੇ ਗੀਤ ਅਸ਼ਲੀਲਤਾ ਤੋ ਕੋਹਾ ਦੂਰ ਸਮਾਜ ਤੇ ਸੱਭਿਆਚਾਰ ਨਾਲ ਜੋੜਨ ਵਾਲੇ ਹਨ। ਅੱਜ ਕੱਲ ਸ਼ਮਸ਼ੇਰ ਚੀਨਾ ਆਪਣੇ ਸਿੰਗਲ ਟਰੈਕ ਵੈਲੀ ਰਾਹੀ ਖ਼ੂਬ ਚਰਚਾ 'ਚ ਹੈ। ਇਸ ਗੀਤ ਨੂੰ ਅਰਸ਼ ਰਿਕਾਰਡ ਯੂ.ਐਸ.ਏ ਵੱਲੋ ਪੇਸ਼ ਕੀਤਾ ਗਿਆ ਹੈ। ਗੀਤਕਾਰ ਹੈਪੀ ਪਰਗਨ ਨੇ ਆਪਣੀ ਕਲਮ ਰਾਹੀ ਸ਼ਿੰਗਾਰਿਆ ਹੈ ਅਤੇ ਸੰਗੀਤਕਾਰ ਸਚਿਨ ਅਹੂਜਾ ਨੇ ਆਪਣੀ ਮਿਹਨਤ ਨਾਲ ਇਸ ਗੀਤ ਨੂੰ ਰਸਮਈ ਬਣਾ ਦਿੱਤਾ ਹੈ। ਇਸ ਗੀਤ ਨੂੰ ਯੂ ਟਿਊਬ ਅਤੇ ਸੋਸ਼ਲ ਸਾਇਟਾ ਤੇ ਭਰਪੂਰ ਪਿਆਰ ਮਿਲ ਰਿਹਾ ਹੈ। ਸ਼ਮਸ਼ੇਰ ਚੀਨਾ ਨੂੰ ਵਿਦੇਸ਼ਾ ਵਿੱਚ ਵੱਸਦੇ ਪੰਜਾਬੀਆਂ ਵੱਲੋ ਵੀ ਵੱਡਾ ਹੁੰਗਾਰਾ ਮਿਲਦਾ ਹੈ ਜਿਸ ਕਾਰਨ ਉਹਨਾਂ ਨੂੰ ਕਈ ਦੇਸ਼ਾ ਵਿੱਚ ਸਟੇਜ- ਸ਼ੋ ਕਰਨ ਦਾ ਵੀ ਮੌਕਾ ਮਿਲਿਆ। ਗਾਇਕ ਸ਼ਮਸ਼ੇਰ ਚੀਨਾ ਨੂੰ ਆਪਣੇ ਨਵੇਂ ਗੀਤ ਵੈਲੀ ਤੋ ਵੀ ਭਰਪੂਰ ਆਸ਼ਾ ਹੈ ਕਿ ਜਿਸ ਤਰ੍ਹਾ ਉਸਨੂੰ ਆਪਣੇ ਪਹਿਲੇ ਗੀਤਾ ਤੋ ਸਰੋਤਿਆ ਦਾ ਪਿਆਰ ਮਿਲ ਰਿਹਾ ਹੈ ਉਸੇ ਤਰ੍ਹਾ ਇਸ ਗੀਤ ਨੂੰ ਵੀ ਸਰੋਤੇ ਪਹਿਲਾ ਨਾਲੋ ਵੱਧ ਪਿਆਰ ਦੇਣਗੇ।

**- ਨਵਜੋਤ ਬਜਾਜ (ਗੱਗੂ)**
**91-98721-02614**

# ਬੁਝਾਰਤਾਂ




1. ਚਾਲੀ ਚੋਰ ਇਕ ਸਿਪਾਹੀ, ਸਾਰਿਆਂ ਦੇ ਇਕ ਇਕ ਟਿਕਾਈ।
2. ਅੱਧ ਅਸਮਾਨ ਮਹਿਲ ਬਣਾਇਆ, ਹੇਠਾਂ ਵੱਲ੍ਹ ਨੂੰ ਬੂਹਾ ਲਾਇਆ।
3. ਨਿੱਕੀ ਜਿਹੀ ਲੱਕੜੀ ਵਾਸੇ ਦੀ, ਘਰ ਭੀੜਾ ਬਰੂ ਤਮਾਸੇ ਦੀ।
4. ਪਹਾੜੋਂ ਆਇਆ ਬਾਬਾ ਲਸ਼ਕਰੀ, ਜਾਂਦਾ-ਜਾਂਦਾ ਕਰ ਗਿਆ ਮਸ਼ਕਰੀ।
5. ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ।
6. ਆਲਾ ਭਰਿਆ ਕੌਡੀਆਂ ਦਾ, ਵਿਚ ਤੋਤਕੜੀ ਨੱਚੇ।
7. ਹਰ ਘਰ ਵਿਚ ਪਾਇਆ ਜਾਂਦਾ, ਸਵੇਰੇ- ਸ਼ਾਮ ਤਪਾਇਆ ਜਾਂਦਾ।
8. ਕੁੱਕੜੀ ਚਿੱਟੀ ਪੂਛ ਹਿਲਾਵੇ, ਦਮੜੀ-ਦਮੜੀ ਨੂੰ ਮਿਲ ਜਾਵੇ।
9. ਵਣ ਵਿਚ ਵੱਡਿਆਂ ਵਣ ਵਿਚ ਟੁਕਿਆ, ਨਾ ਰੱਖਿਆ ਨਰੰਗਾ,
ਭਾਂਤ-ਭਾਂਤ ਦੇ ਕੱਪੜੇ ਪਾਂਦਾ, ਫਿਰ ਵੀ ਰਹਿੰਦਾ ਨੰਗਾ।
10. ਆਪੇ ਮੈਨੂੰ ਚੀਰਿਆ, ਆਪੇ ਹੀ ਤੂੰ ਰੋਈ।

ਉੱਤਰ:- 1. ਹਲਟ ਦਾ ਕੁੱਤਾ 2. ਬਿਜੜੇ ਦਾ ਆਲ੍ਹਣਾ 3. ਊਰੀ, 4. ਬੱਦਲ 5. ਸੂਈ ਧਾਗਾ 6. ਜੀਭ 7. ਰੋਟੀ ਵਾਲਾ ਤਵਾ 8. ਮੂਲੀ 9. ਗਜ਼ 10. ਪਿਆਜ਼

******

1 ਉਹ ਕਿਹੜੀ ਬੀਨ ਹੈ, ਜਿਸ ਨੂੰ ਅਸੀਂ ਵਜਾ ਨਹੀਂ ਸਕਦੇ?
2 ਉਹ ਕਿਹੜਾ ਮਿਲਕ ਹੈ, ਜਿਸ ਨੂੰ ਅਸੀਂ ਪੀਂਦੇ ਨਹੀਂ, ਖਾਂਦੇ ਹਾਂ?
3 ਊਠ ਦਾ ਦੇਸੀ ਨਾਂਅ ਕੀ ਹੈ?
4 ਉਹ ਕਿਹੜਾ ਗੁੱਲੀ-ਡੰਡਾ ਹੈ, ਜਿਸ ਨਾਲ ਅਸੀਂ ਖੇਡ ਨਹੀਂ ਸਕਦੇ?
5 ਕਿਹੜੇ ਫਲ ਦਾ ਛਿਲਕਾ ਸਾਡੇ ਪਾਸੇ ਭੰਨ ਦਿੰਦਾ ਹੈ?
6 ਉਹ ਕਿਹੜੀ ਸਬਜ਼ੀ ਹੈ, ਜਿਸ ਦੇ ਫੋੜੇ-ਫਿਨਸੀਆਂ ਨਿਕਲੀਆਂ ਹੁੰਦੀਆਂ ਹਨ?
7 ਉਹ ਕਿਹੜਾ ਸਾਈਕਲ ਹੈ, ਜੋ ਤੇਲ ਨਾਲ ਚਲਦਾ ਹੈ?
8 ਉਹ ਕਿਹੜੀ ਗੈਸ ਹੈ, ਜੋ ਸਾਡੇ ਕੰਮ ਨਹੀਂ ਆਉਂਦੀ?
9 ਕਿਹੜੇ ਜਾਨਵਰ ਦੀ ਪੂਛ 12 ਸਾਲ ਨਲੀ 'ਚ ਪਾ ਕੇ ਰੱਖੋ, ਫਿਰ ਵੀ ਸਿੱਧੀ ਨਹੀਂ ਹੁੰਦੀ?

ਉੱਤਰ÷(1) ਦੂਰਬੀਨ, (2) ਮਿਲਕ ਕੇਕ, (3) ਬੋਤਾ, (4) ਕਣਕ ਦਾ ਨਦੀਨ ਗੁੱਲੀ-ਡੰਡਾ, (5) ਕੇਲੇ ਦਾ ਛਿਲਕਾ, (6) ਕਰੇਲੇ ਦੇ, (7) ਮੋਟਰਸਾਈਕਲ, (8) ਪੇਟ ਗੈਸ, (9) ਕੁੱਤੇ ਦੀ।

# ਸਕੂਲੀ ਬੱਚਿਆਂ ਦੀ ਸੁਰੱਖਿਆ ਸਬੰਧੀ ਪਟੀਸ਼ਨ 'ਤੇ ਹੋਵੇਗੀ ਸੁਣਵਾਈ

ਨਵੀਂ ਦਿੱਲੀ- ਸਕੂਲੀ ਬੱਚਿਆਂ ਨੂੰ ਜਿਨਸੀ ਸ਼ੋਸ਼ਣ ਤੇ ਕਤਲਾਂ ਤੋਂ ਬਚਾਉਣ ਲਈ ਦੇਸ਼ 'ਚ 'ਨਾ-ਉਲੰਘਣਯੋਗ' ਬਾਲ ਸੁਰੱਖਿਆ ਪ੍ਰਬੰਧ ਦੀ ਕਾਇਮੀ ਅਤੇ ਪਹਿਲੀਆਂ ਸੇਧਾਂ ਨੂੰ ਲਾਗੂ ਕਰਨ ਲਈ ਦੋ ਮਹਿਲਾ ਵਕੀਲਾਂ ਵੱਲੋਂ ਦਾਇਰ ਪਟੀਸ਼ਨ ਨੂੰ ਸੁਪਰੀਮ ਕੋਰਟ ਨੇ ਅੱਜ ਸੁਣਵਾਈ ਲਈ ਮਨਜ਼ੂਰ ਕਰ ਲਿਆ। ਇਸ ਉਤੇ ਸੁਣਵਾਈ 15 ਸਤੰਬਰ ਨੂੰ ਹੋਵੇਗੀ। ਪਟੀਸ਼ਨ ਵਿੱਚ ਗੜਬੜ ਕਰਨ ਵਾਲੇ ਸਕੂਲਾਂ ਦੇ ਲਾਇਸੈਂਸ ਰੱਦ ਕਰਨ ਅਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਸਰਕਾਰੀ ਗਰਾਂਟਾਂ ਰੋਕਣ ਦੀ ਵੀ ਮੰਗ ਕੀਤੀ ਗਈ ਹੈ। ਇਸ ਉਤੇ ਅਦਾਲਤ ਉਸ ਪਟੀਸ਼ਨ ਦੇ ਨਾਲ 15 ਸਤੰਬਰ ਨੂੰ ਸੁਣਵਾਈ ਕਰੇਗੀ, ਜੋ ਗੁੜਗਾਉਂ ਦੇ ਰਿਆਨ ਇੰਟਰਨੈਸ਼ਨ ਸਕੂਲ ਵਿੱਚ ਸਕੂਲੀ ਬੱਸ ਦੇ ਕੰਡਕਟਰ ਵੱਲੋਂ ਮਾਰ ਦਿੱਤੇ ਗਏ ਦੂਜੀ ਜਮਾਤ ਦੇ ਬੱਚੇ ਪ੍ਰਦਯੁਮਣ ਦੇ ਪਿਤਾ ਨੇ ਦਾਇਰ ਕੀਤੀ ਹੈ। ਪੀੜਤ ਨੇ ਮਾਮਲੇ ਦੀ ਸੀਬੀਆਈ ਜਾਂਚ ਅਤੇ ਬੱਚਿਆਂ ਦੀ ਸੁਰੱਖਿਆ ਲਈ ਸੇਧਾਂ ਤੈਅ ਕੀਤੇ ਜਾਣ ਦੀ ਮੰਗ ਕੀਤੀ ਹੈ, ਜਿਸ 'ਤੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਵਾ ਰਾਏ ਤੇ ਜਸਟਿਸ ਏ.ਐਮ. ਖਾਨਵਿਲਕਰ ਦਾ ਬੈਂਚ ਗ਼ੌਰ ਕਰ ਰਿਹਾ ਹੈ। ਤਾਜ਼ਾ ਪਟੀਸ਼ਨ ਮਹਿਲਾ ਵਕੀਲਾਂ ਆਭਾ ਆਰ. ਸ਼ਰਮਾ ਤੇ ਸੰਗੀਤਾ ਭਾਰਤੀ ਨੇ ਦਾਇਰ ਕੀਤੀ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਸਤਨਾਮ ਸਿੰਘ ਕੈਂਥ



ਸਤਨਾਮ ਸਿੰਘ ਕੈਂਥ 91-99880-47124

ਸਤਨਾਮ ਸਿੰਘ ਕੈਂਥ ਉੱਭਰਦੇ ਪੰਜਾਬੀ ਲਿਖਾਰੀਆਂ ਵਿੱਚ ਸ਼ੁਮਾਰ ਹਨ ਜੋ ਇਸ ਸਮੇਂ ਪੰਜਾਬੀ ਲੈਕਚਰਾਰ ਵਜੋਂ ਸੇਵਾ ਨਿਭਾ ਰਹੇ ਹਨ। ਇੱਕ ਅਧਿਆਪਕ ਦੇ ਨਾਲ ਨਾਲ ਉਹਨਾਂ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਦਾ ਬੀੜਾ ਵੀ ਚੁੱਕਿਆ ਹੈ ਜੋ ਉਹ ਬਾਖ਼ੂਬੀ ਨਿਭਾ ਰਹੇ ਹਨ। ਉਹਨਾਂ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਵਾਰਤਕ ਤੋਂ ਆਰੰਭੀ ਤੇ ਫਿਰ ਕਵਿਤਾ ਨੂੰ ਵੀ ਆਪਣੀ ਲੇਖਣੀ ਵਿੱਚ ਸ਼ੁਮਾਰ ਕੀਤਾ। ਕਵਿਤਾ ਤੇ ਵਾਰਤਕ ਦੇ ਇਸ ਮਿਲਾਪ ਨਾਲ ਉਹ ਸਾਹਿਤ ਨਾਲ ਸਮਾਜ ਨੂੰ ਨਿਖਾਰਨਾ ਚਾਹੁੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਸਾਹਿਤ ਹੀ ਇੱਕ ਅਜਿਹਾ ਜ਼ਰੀਆ ਹੈ ਜਿਸ ਨਾਲ ਹਰ ਇਨਸਾਨ ਆਪਣੀ ਸਖਸੀਅਤ ਅੰਦਰ ਨਿਮਰਤਾ, ਸਹਿਜਤਾ ਤੇ ਸਹਿਣਸ਼ੀਲਤਾ ਵਰਗੇ ਗੁਣਾ ਨੂੰ ਸ਼ੁਮਾਰ ਕਰ ਸਕਦਾ ਹੈ।

– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)

## ਕੋਈ ਮੋੜ ਲਿਆਵੋ...

ਉਹ ਬਚਪਨ ਦੀਆਂ ਖੇਡਾਂ
ਨਿੱਤ ਖਾਂਦੇ ਸੀ ਠੇਡਾਂ
ਕੋਈ ਮੋੜ ਲਿਆਵੋ
ਜੋ ਕਰਦੇ ਸੀ ਝੇਡਾਂ

ਉਹ ਦਾਦੀ ਦੀਆਂ ਬਾਤਾਂ
ਨਿੱਤ ਸੁਣਦੇ ਸੀ ਰਾਤਾਂ
ਕੋਈ ਮੋੜ ਲਿਆਵੋ
ਮੋਹ ਭਿੱਜੀਆਂ ਸੌਗਾਤਾਂ

ਉਹ ਗਾਮੇ ਤੇ ਦਾਰੇ
ਛਿੰਝ ਪਾਉਂਦੇ ਸੀ ਸਾਰੇ
ਕੋਈ ਮੋੜ ਲਿਆਵੋ
ਜੋ ਮੁੱਕ ਗਏ ਅਖਾੜੇ

ਸਾਡਾ ਮਜ਼੍ਹਬ ਸੀ ਰੋਇਆ
ਦੁੱਖ ਸੰਨਤਾਲੀਆਂ 'ਚ ਹੋਇਆ
ਕੋਈ ਮੋੜ ਲਿਆਵੋ
ਜੋ ਚੁਰਾਸੀਆਂ 'ਚ ਖੋਇਆ

ਉਹ ਸੱਭਿਅਤਾ ਦੀ ਟੋਲੀ
ਜੋ ਬੇਗਾਨਿਆਂ ਨੇ ਰੋਲੀ
ਕੋਈ ਮੋੜ ਲਿਆਵੋ
ਸਾਡੀ ਪੰਜਾਬੀ ਮਾਂ-ਬੋਲੀ

ਉਹ ਭਗਤ ਤੇ ਸ਼ਰਾਭੇ
ਊਧਮ ਸਿੰਘ ਦੇ ਦਾਬੇ
ਕੋਈ ਮੋੜ ਲਿਆਵੋ
ਸਾਡੇ ਭਕਨੇ ਜਿਹੇ ਬਾਬੇ

ਉਹ ਗੀਤ ਸੀ ਪੁਰਾਣੇ
ਜਿਹੜੇ ਯਮਲੇ ਨੇ ਗਾਉਣੇ
ਕੋਈ ਮੋੜ ਲਿਆਵੋ
ਸਾਡੀ ਕੋਇਲ ਦੇ ਗਾਣੇ

ਉਹ ਨੱਕ ਵਾਲਾ ਕੋਕਾ
ਜੋ ਲਿਸ਼ਕਦਾ ਸੀ ਚੋਖਾ
ਕੋਈ ਮੋੜ ਲਿਆਵੋ
ਅੱਜ ਦਿੰਦਾ ਏ ਹੋਕਾ

'ਕੈਂਥ' ਵਾਰਸ ਜਿਹੇ ਲਿਖਾਰੀ
ਗੱਲ ਲਿਖਦੇ ਨੇ ਸਾਰੀ
ਕੋਈ ਮੋੜ ਲਿਆਵੋ
ਹੀਰ ਰਾਂਝੇ ਵਰਗੀ ਯਾਰੀ।

## ਜਜ਼ਬਿਆਂ ਦੀ ਝੀਲ...

ਮੇਰੇ ਜਜ਼ਬਿਆਂ ਦੀ ਝੀਲ
ਨਿੱਤ ਵਹਿੰਦੀ ਰਹਿੰਦੀ ਹੈ
ਸ਼ਾਂਤ ਮਈ, ਵੈਰਾਗ ਜਿਹੀ
ਸੁਫ਼ਨਿਆਂ 'ਚ ਵਿਲਕਦੀ ਹੋਈ
ਮੱਠੀ-ਮੱਠੀ ਤਾਲ ਜਿਹੀ
ਮੇਰੇ ਜਜ਼ਬਿਆਂ ਦੀ ਝੀਲ
ਕੁਝ ਕਹਿਣਾ ਲੋਚਦੀ ਹੈ।

ਸਿਸਕਦੀ, ਲੇਟਦੀ ਤੇ ਉੱਠਦੀ
ਇਕਲਾਪੇ ਵਿੱਚ ਸੰਵਾਦ ਕਰਦੀ
ਦਿੰਦੀ ਸੂਫ਼ੀਆਨਾ ਪੈਗਾਮ ਕੋਈ
ਉਪਜਦੀ ਜਿਵੇਂ ਇਲਾਹੀ ਰਾਗ
ਸਰਸਰਾਹਟ ਦੀ ਆਵਾਜ਼ ਜਿਹੀ
ਮੇਰੇ ਜਜ਼ਬਿਆਂ ਦੀ ਝੀਲ
ਨਿੱਤ ਵਹਿੰਦੀ ਰਹਿੰਦੀ ਹੈ।

ਬੇਚੈਨੀ ਵਿੱਚ ਸਕੂਨ ਭਾਲਦੀ
ਬਿਖੜੇ ਪੈਂਡਿਆਂ ਤੋਂ ਉਪਰਾਮ
ਪੁੰਗਰਨ ਦੀ ਆਸ ਲਗਾਈ
ਕਿਸੇ ਅਚੇਤ ਨੂੰ ਉਡੀਕਦੀ
ਅਡੋਲ ਵਜੂਦ ਨੂੰ ਤਲਾਸ਼ਦੀ
ਮੇਰੇ ਜਜ਼ਬਿਆਂ ਦੀ ਝੀਲ
ਤਾਰੀਆਂ ਲਾਉਂਦੀ ਰਹਿੰਦੀ ਹੈ।

ਕਾਲੇ ਬੱਦਲਾਂ ਦੇ ਓਹਲੇ
ਅਲੌਕਿਕ ਰੋਸ਼ਨੀ ਦੇ ਲਈ
ਸੂਰਜ ਦੀ ਲਾਟ ਭਾਲਦੀ
ਤਪਦੀ ਤੇ ਕਦੇ ਸੁਲਘਦੀ
ਜੀਵਨ ਦੀ ਆਸ ਜਗਾਈ
ਮੇਰੇ ਜਜ਼ਬਿਆਂ ਦੀ ਝੀਲ
ਜਗਮਗ ਕਰਦੀ ਰਹਿੰਦੀ ਹੈ।

ਸ਼ਾਮ ਸਵੇਰੇ ਅੱਠੇ ਪਹਿਰ
ਕੁਝ ਕਰਨ ਦੀ ਉਮੰਗ
ਦੂਰ-ਅੰਦੇਸ਼ੀ ਸੋਚ ਲਈ
ਅਪ੍ਰਤੱਖ ਨੂੰ ਪ੍ਰਤੱਖ ਕਰਦੀ
ਕੁਦਰਤੀ ਨਿਯਮਾਂ ਵਿੱਚ ਬੱਝੀ
ਮੇਰੇ ਜਜ਼ਬਿਆਂ ਦੀ ਝੀਲ
ਨਿੱਤ ਵਹਿੰਦੀ ਰਹਿੰਦੀ ਹੈ।

## ਭਰਮ ਭੁਲੇਖੇ...

ਚਾਰੇ ਪਾਸੇ ਵਗ ਰਹੀ
ਹਵਾ ਦਾ ਜ਼ੋਰ ਸੀ
ਜਿਸਨੂੰ ਸੀ ਲੱਭ ਰਿਹਾ
ਉਹ ਕੋਈ ਹੋਰ ਸੀ।

ਮਨ ਨੂੰ ਪਰਚਾਉਣ ਲਈ
ਜਦ ਮਹਿਫ਼ਲਾਂ 'ਚ ਪਹੁੰਚਿਆ
ਸਕੂਨ ਦੀ ਨਾ ਗੱਲ ਕੋਈ
ਉੱਥੇ ਨਿਰਾ ਸ਼ੋਰ ਸੀ।

ਸ਼ਰਧਾ ਦੇ ਨਾਮ ਉੱਤੇ
ਮੂਰਤਾਂ ਨੂੰ ਪੂਜਿਆ
ਗੋਲਕਾਂ ਦੇ ਨਾਮ ਉੱਤੇ
ਬੱਸ ਚੋਰ-ਮੋਰ ਸੀ।

ਸਮਝ ਨਈਂਓ ਪਾਇਆ 'ਕੈਂਥ'
ਰਿਸ਼ਤਿਆਂ ਦੀ ਤੰਦ ਨੂੰ
ਗੈਰਾਂ ਸੰਗ ਤੁਰ ਬੈਠਾ
ਜਿੱਥੇ ਮਿਲੀ ਖੋਰ ਸੀ।

ਪਿੱਛੇ ਦਾ ਮੁਕਾ ਪੈਂਡਾ
ਅਗਾਂਹ ਨੂੰ ਹੋ ਪਿਆ
ਨਾ ਮੁੱਕਣ ਵਾਲਾ ਇਹ
ਸਦੀਆਂ ਦਾ ਦੌਰ ਸੀ।

ਖੁੱਲ੍ਹੇ ਅਸਮਾਨਾਂ ਦੇ ਥੱਲੇ
ਟੋਲਦਾ ਫਿਰਾਂ ਜਵਾਨੀ ਨੂੰ
ਨਸ਼ਿਆਂ ਦੇ ਵਿੱਚ ਜਿਹੜੀ
ਗਈ ਕਿਧਰੇ ਹੋਰ ਸੀ।

ਖ਼ੁਦ ਨੂੰ ਸਮਝਾਇਆ ਬਹੁਤ
ਨਾ ਲਿਖ ਦਿਲਾ ਹੋਰ
ਪਤਾ ਨਈਓਂ ਅੱਜ ਜਿਵੇਂ
ਚੜ੍ਹੀ ਕੋਈ ਲੋਰ ਸੀ।

ਚਾਰੇ ਪਾਸੇ ਵਗ ਰਹੀ
ਹਵਾ ਦਾ ਜ਼ੋਰ ਸੀ
ਜਿਸਨੂੰ ਸੀ ਲੱਭ ਰਿਹਾ
ਉਹ ਕੋਈ ਹੋਰ ਸੀ।

## ਜ਼ਿੰਦਗੀ ਦੇ ਪਲ..

ਨਹੀਓ ਇਤਬਾਰ ਆਉਣਾ
ਜ਼ਿੰਦਗੀ ਦੇ ਪਲਾਂ ਤੇ
ਇੱਕ ਥਮ ਜਾਣਾ
ਦੂਜਾ ਛਮ ਛਮ ਆਉਣਾ
ਆਕੇ ਫਿਰ ਘੁੱਟ
ਗਲਵੱਕੜੀ ਜਹੀ ਪਾਉਣਾ
ਅੰਗ ਸੰਗ ਲੱਗ
ਕਦੇ ਹੱਸਣਾ ਰਵਾਉਣਾ
ਨਹੀਓ ਇਤਬਾਰ ਆਉਣਾ
ਜ਼ਿੰਦਗੀ ਦੇ ਪਲਾਂ ਤੇ

ਖੇਡਣਾ ਖਿਡਾਉਣਾ
ਕੋਈ ਲੰਮੀ ਬਾਤ ਪਾਉਣਾ
ਤਾਰਿਆਂ ਦੇ ਵਾਂਗ
ਨਿੰਮਾ ਨਿੰਮਾ ਰੁਸ਼ਨਾਉਣਾ
ਵਾਂਗ ਕਾਲੀ ਬਦਲੀ ਦੇ
ਲਾਂਭੇ ਹੋ ਜਾਣਾ
ਨਹੀਓ ਇਤਬਾਰ ਆਉਣਾ
ਜ਼ਿੰਦਗੀ ਦੇ ਪਲਾਂ ਤੇ

ਕੋਸੀ ਕੋਸੀ ਧੁੱਪ ਵਿੱਚ
ਰੇਤ ਵਾਂਗ ਲਿਸ਼ਕਾਉਣਾ
ਬੁੱਲ੍ਹਾ ਕੋਈ ਆਉਣਾ
ਖੋਰੇ ਕਿੱਥੇ ਕਿਰ ਜਾਣਾ
ਹੰਭਲਾ ਜਿਹਾ ਮਾਰ
ਇੱਕ ਮੁੱਠ 'ਚ ਸਮਾਉਣਾ
ਨਹੀਓ ਇਤਬਾਰ ਆਉਣਾ
ਜ਼ਿੰਦਗੀ ਦੇ ਪਲਾਂ ਤੇ।

## ਸੋਚਾਂ ਦੀ ਪਰਵਾਜ਼.

ਜਦ ਬਾਹਰ ਨੌਕਰੀ ਕਰਦਾ ਸੀ
ਫ਼ਿਕਰ ਹੁੰਦਾ ਮੈਨੂੰ ਘਰ ਦਾ ਸੀ
ਵਿੱਚ ਪਰਿਵਾਰਕ ਮੋਹ ਦੇ ਬੱਝਾ
ਪਰਵਾਜ਼ ਸੋਚਾਂ ਦੀ ਭਰਦਾ ਸੀ

ਨਾ ਕੋਈ ਸੰਗੀ, ਨਾ ਕੋਈ ਸਾਥੀ
ਮਨ ਨਾਲ ਗੱਲਾਂ ਕਰਦਾ ਸੀ
ਬੈਠ ਇਕੱਲਿਆਂ ਸ਼ਹਿਰ ਬੇਗਾਨੇ
ਸੰਗ ਹੰਝੂਆਂ ਦਾ ਭਰਦਾ ਸੀ

ਵੇਖ ਉਡਾਰੀ ਪੰਛੀਆਂ ਦੀ
ਦਿਲ ਉੱਡਣ ਨੂੰ ਕਰਦਾ ਸੀ
ਮੇਰਾ ਵੀ ਹੈ ਇੱਕ ਆਲ੍ਹਣਾ
ਚਿੱਤ ਉੱਥੇ ਜਾਣ ਨੂੰ ਕਰਦਾ ਸੀ

ਰਾਹਾਂ ਦੇ ਵਿੱਚ ਜਦ ਮੈਂ ਤੁਰਦਾ
ਕਹਿਰ ਹਵਾ ਦਾ ਵਗਦਾ ਸੀ
ਹਿੱਕ ਮੇਰੀ ਨੂੰ ਠਾਰ ਦੇਵੇ ਕੋਈ
ਨਿੱਤ ਅਹਿਸਾਸ ਮੈਂ ਘੜਦਾ ਸੀ

ਵੇਖ ਹਰਿਆਲੀ ਪੱਤਿਆਂ ਦੀ
ਥੁੜ ਚਿਰ ਲਈ ਖੇੜਾ ਚੜਦਾ ਸੀ
ਪਤਝੜ ਦੇ ਮੌਸਮ ਦੇ ਵਿੱਚ
ਆਖ਼ਰ ਸੁੱਕ ਕੇ ਝੜਦਾ ਸੀ

ਵਿੱਚ ਸੀਨੇ ਜਦ ਚੀਸ ਟਸਕਦੀ
ਲੇਪ ਵਹਿਮ ਦਾ ਮਲਦਾ ਸੀ
ਘੋਰ ਕਾਲੀਆਂ ਰਾਤਾਂ ਦੇ ਵਿੱਚ
ਜੇਰਾ ਡਗਮਗ ਕਰਦਾ ਸੀ।

ਅੱਖੀਆਂ ਦੇ ਵਿੱਚ ਨੀਂਦ ਰੜਕਦੀ
ਸੁਫ਼ਨਿਆਂ ਦੀ ਚਾਦਰ ਮੜ੍ਹਦਾ ਸੀ
ਯਾਦਾਂ ਦੇ ਪਰਵਾਹਾਂ ਵਿੱਚੋਂ
ਪਲ ਪਲ ਚੇਤੇ ਕਰਦਾ ਸੀ

ਖਾਰੇ ਹੋਏ ਸਾਗਰ ਦੇ ਵਿੱਚ
ਡੁੱਬਦਾ ਸੀ ਕਦੇ ਤਰਦਾ ਸੀ
ਵਿੱਚ ਪਰਿਵਾਰਕ ਮੋਹ ਦੇ ਬੱਝਾ
ਪਰਵਾਜ਼ ਸੋਚਾਂ ਦੀ ਭਰਦਾ ਸੀ ।

## ਅਕਸ...

ਗੱਲ ਅਕਸ ਦੀ ਕਰਦਾਂ ਹਾਂ
ਨਕਸ਼ ਵਿਗਾੜਨ ਦੀ ਨਹੀਂ
ਇਸ ਜ਼ਾਲਮ ਖਲਕਤ ਵਿੱਚ
ਕਿਸੇ ਨੂੰ ਉਜਾੜਨ ਦੀ ਨਹੀਂ

ਭਾਵੇਂ ਬੋਲ ਕੁਝ ਡਾਢੇ ਨੇ
ਪਰ ਚੁਭਾਵਣ ਲਈ ਨਹੀਂ
ਦੁੱਖ ਸੀਨੇ ਲੱਗੇ ਨੇ
ਝੁਰ ਜਾਵਣ ਲਈ ਨਹੀਂ

ਅੱਖੀਂ ਹੰਝੂ ਸ਼ਰਬਤ ਨੇ
ਪੀ ਜਾਵਣ ਲਈ ਨਹੀਂ
ਵਾਂਗ ਮੋਤੀਆਂ ਦੇ
ਕਿਰ ਜਾਵਣ ਲਈ ਨਹੀਂ

ਭੇਤ ਕੋਈ ਦਿਲ ਦਾ ਹਾਂ
ਖੁੱਲ ਜਾਵਣ ਲਈ ਨਹੀਂ
ਪਿਆਰ ਕੋਈ ਗੂੜ੍ਹਾ ਹਾਂ
ਰੰਗ ਵਟਾਵਣ ਲਈ ਨਹੀਂ

ਚਿੱਕੜ ਵਿੱਚ ਖਿੜਿਆ ਹਾਂ
ਮੁਰਝਾਵਣ ਲਈ ਨਹੀਂ
ਡਾਲੀ ਤੋਂ ਟੁੱਟਿਆਂ ਹਾਂ
ਮਿੱਧੇ ਜਾਵਣ ਲਈ ਨਹੀਂ

ਗੱਲ ਅਕਸ ਦੀ ਕਰਦਾਂ ਹਾਂ
ਨਕਸ਼ ਵਿਗਾੜਨ ਦੀ ਨਹੀਂ
ਇਸ ਜ਼ਾਲਮ ਖਲਕਤ ਵਿੱਚ
ਕਿਸੇ ਨੂੰ ਉਜਾੜਨ ਦੀ ਨਹੀਂ

## ਕੁਦਰਤ ਦੀ ਕਾਦਰ..

ਗਰਜਣ ਬੱਦਲ ਵਗਣ ਹਵਾਵਾਂ
ਅਸਮਾਨੀਂ ਘਣਘੋਰ ਘਟਾਵਾਂ
ਵੇਖ ਮੌਸਮ ਬਦਾਮੀ ਰੰਗਾਂ
ਵਾਂਗ ਮਿਰਗੜੇ ਲਹਿਰਾਵਾਂ

ਜੇਠ ਮਗਰੋਂ ਹਾੜ ਬੀਤਿਆ
ਸਾਵਣ ਬਣਕੇ ਆਵਾਂ
ਵਿੱਚ ਤੀਆਂ ਦੇ ਮਾਰ ਛੜੱਪਾ
ਸਖੀਆਂ ਦੇ ਸੰਗ ਗਾਵਾਂ

ਕੇਸਾਂ ਨੂੰ ਲਿਸ਼ਕਾਵਣ ਖ਼ਾਤਰ
ਤ੍ਰੇਲ ਦੇ ਸੀਨੇ ਲੱਗ ਜਾਵਾਂ
ਪਾ ਡੋਰੀਆ ਕਾਲੇ ਰੰਗ ਦਾ
ਵਾਂਗ ਸੱਪਣੀ ਵਲ ਖਾਵਾਂ

ਕੰਨਾਂ ਦੇ ਵਿੱਚ ਲੋਟਣ, ਬੂੰਦੇ
ਬਾਹੀਂ ਗ਼ਜ਼ਰੇ ਪਾਵਾਂ
ਉਂਗਲਾਂ ਦੇ ਵਿੱਚ ਪਹਿਨ ਆਰਸੀ
ਪਿੱਪਲੀ ਬੀਨ ਵਜਾਵਾਂ

ਲੈ ਬਾਗ਼ਾਂ ਚੋਂ ਸੂਹੀ ਮਹਿੰਦੀ
ਹੱਥੀਂ ਵੇਲ ਕੋਈ ਪਾਵਾਂ
ਕੁਦਰਤ ਦੀ ਕਾਦਰ ਨੂੰ ਵੇਖ
ਮੈਂ ਬਲਿਹਾਰੇ ਜਾਵਾਂ।

## ਸੱਜਰੀ ਸਵੇਰ..

ਤੇਰਾ ਰੰਗ ਸੂਹਾ ਜਾਪਦਾ
ਜੀਕਣ ਉੱਬਲਦਾ ਸ਼ੱਕ ਕੋਈ
ਤੂੰ ਖਿੜਦੀ ਮੌਲਦੀ ਰਹਿੰਦੀ ਏ
ਲੈ ਸਿਰ ਤੇ ਚੰਦੋਆ ਰੱਖ ਕੋਈ

ਤੈਨੂੰ ਵੇਖ ਵਲੇਵੇਂ ਖਾਂਦਾ ਏ
ਬਾਰੀਆਂ ਵਿਚੋਂ ਤੱਕ ਕੋਈ
ਤੂੰ ਸੰਗਦੀ ਸੰਗਾਉਂਦੀ ਰਹਿੰਦੀ ਏ
ਜਿਉਂ ਨਾਰ ਨਵੇਲੀ ਅੱਖ ਕੋਈ

ਫੁੱਟਦੀ ਏ ਵਾਂਗ ਕਰੂੰਬਲਾਂ ਦੇ
ਜਿਉਂ ਮਰੂਏ ਦਾ ਟੱਕ ਕੋਈ
ਤੂੰ ਨਿੱਤ ਫੁਦਕਦੀ ਰਹਿੰਦੀ ਏ
ਜਿਉਂ ਨੇਵਰ ਕਰੇ ਛਨਕ ਕੋਈ

ਹਰ ਰੁੱਤ ਝੂਮਦੀ ਫਿਰਦੀ ਏ
ਜਿਉਂ ਫ਼ਸਲ ਗਈ ਏ ਪੱਕ ਕੋਈ
ਤੇਰੇ ਖੱਟ-ਮਿੱਠ ਜਿਹੇ ਅਹਿਸਾਸ ਨੇ
ਜੀਕਣ ਅੰਬੀਆਂ ਦਾ ਰਸ ਕੋਈ।

## ਮੈਂ ਤੇ ਮੇਰੀਆਂ ਸਤਰਾਂ...

ਹਰਫ਼ ਜੋੜ ਜੋੜ
ਸ਼ਬਦਾਂ ਦੀ ਘਾੜਤ ਕਰਦਾ ਹਾਂ
ਘੜ ਸ਼ਬਦਾਂ ਨੂੰ
ਜਦ ਸਤਰਾਂ ਵਿੱਚ ਮੜ੍ਹਦਾ ਹਾਂ
ਸਤਰਾਂ ਨੇ ਉੱਤੋਂ ਪੁੱਛਦੀਆਂ
ਤੂੰ ਇਹ ਕੀ ਯਾਰਾ
ਕਰਦਾ ਵਾਂ
ਆਖਦਾ ਹਾਂ ਜ਼ਿੰਦ ਆਪਣੀ ਨੂੰ
ਸ਼ਬਦਾਂ ਨਾਲ
ਗੁਜ਼ਾਰਾ ਕਰਦਾ ਹਾਂ।

ਹੱਸ ਕੇ ਸਤਰਾਂ ਬੋਲਦੀਆਂ
ਜੇ ਬਿਨ ਮੇਰੇ
ਤੈਨੂੰ ਸਰਦਾ ਨਾ
ਫਿਰ ਕਿਉਂ ਮੇਰੇ ਨਾਲ
ਲੜਦਾ ਵਾਂ
ਕਲਮ ਦੇ ਤੋਪੇ ਪੜ੍ਹਕੇ
ਕਾਗਜ਼ ਨੂੰ ਕੋਰਾ ਕਰਦਾ ਵਾਂ
ਤੂੰ ਕਿਉਂ ਮੇਰੇ ਨਾਲ
ਖੜਦਾ ਵਾਂ

ਸੰਗੀਆਂ
ਕਿਉਂ ਮੇਰੇ ਨਾਲ
ਲੜਦਾ ਵਾਂ

ਸੁਣਕੇ ਗੱਲ ਇਹ ਸਤਰਾਂ ਦੀ
ਹਿਜ਼ਰ ਦੀ ਸੂਲੀ
ਚੜਦਾ ਹਾਂ
ਸੋਚਦਾ ਵਿਚਾਰਦਾ
ਖ਼ੁਦ ਨਾਲ
ਇਕਰਾਰ ਕਰਦਾ ਹਾਂ

ਧੁਖਧੁਖੀ ਜੋ ਬਲ ਰਹੀ
ਸੀਨੇ ਚੋਂ ਹੁਣ
ਕੱਢਦਾ ਹਾਂ
ਇਸ਼ਕੜੇ ਦੀ ਪਾਨ ਜਹੀ
ਕੋਈ ਵੇਲ
ਖੜੀ ਮੈਂ ਕਰਦਾ ਹਾਂ

ਮੇਹਰਮਾਂ ਓ ਦਿਲਬਰਾ
ਹਠਕੋਲੀਆਂ ਤੂੰ ਕਰਦਾ ਵਾਂ
ਇਸ਼ਕੇ ਦੀ ਗੱਲ ਕਰ

ਉਂਗਲਾਂ ਚ ਕਲਮ
ਜਦ ਫੜਦਾ ਵਾਂ
ਸੰਦਲੀ ਸ਼ਰਾਬ ਵਾਂਗ
ਨਸ਼ਾ ਮੈਨੂੰ ਵੀ
ਕੁਝ ਚੜਦਾ ਵਾ
ਹਰਫ਼ ਜੋੜ ਜੋੜ
ਸ਼ਬਦਾਂ ਦੀ ਘਾੜਤ ਕਰਦਾ ਵਾਂ
ਘੜ ਸ਼ਬਦਾਂ ਨੂੰ
ਜਦ ਸਤਰਾਂ ਵਿੱਚ ਮੜ੍ਹਦਾ ਵਾਂ।



# ਇਕ ਫਿਲਮ ਦੇ 300 ਤੋਂ 500 ਕਰੋੜ ਲੈਂਦੇ ਹਨ ਇਹ ਸਟਾਰ

## ਕਈ ਤਾਂ ਹਾਈ ਸਕੂਲ ਵੀ ਨਹੀਂ ਕਰ ਸਕੇ ਪਾਸ

**ਅੱਜ ਦੇ ਦੌਰ ਵਿਚ ਜਿੱਥੇ ਵੱਡੀ ਤੋਂ ਵੱਡੀ ਡਿਗਰੀ ਧਾਰਕ ਨੌਕਰੀ ਦੇ ਲਈ ਇੱਧਰ-ਉਧਰ ਭਟਕਦੇ ਫਿਰਦੇ ਹਨ। ਉਥੇ ਹੀ ਐਂਟਰਟੇਨਮੈਂਟ ਉਦਯੋਗ ਇਕ ਅਜਿਹਾ ਫੀਲਡ ਹੈ, ਜਿੱਥੇ ਕਿਸੇ ਖਾਸ ਡਿਗਰੀ ਦੀ ਜ਼ਰੂਰਤ ਨਹੀਂ। ਗੱਲ ਹਾਲੀਵੁੱਡ ਦੀ ਕਰੀਏ ਤਾਂ ਕਈ ਅਜਿਹੇ ਐਕਟਰ ਅਤੇ ਐਕਟਰੈਸ ਹਨ, ਜਿਹਨਾਂ ਨੇ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ। ਪਰ ਅੱਜ ਉਹ ਹਰ ਫਿਲਮ ਦੇ ਲਈ 100 ਤੋਂ 500 ਕਰੋੜ ਰੁਪਏ ਤੱਕ ਦੀ ਕਮਾਈ ਕਰ ਰਹੇ ਹਨ। ਇਸ ਪੈਕਜ ਵਿਚ ਅਸੀਂ ਅਜਿਹੇ ਹੀ ਕੁਝ ਹਾਲੀਵੁੱਡ ਸੈਲੀਬ੍ਰਿਟੀਜ਼ ਦੀ ਗੱਲ ਕਰ ਰਹੇ ਹਾਂ, ਜਿਹਨਾਂ ਨੇ ਜਾਂ ਤਾਂ ਹਾਈ ਸਕੂਲ ਵਿਚ ਹੀ ਪੜ੍ਹਾਈ ਛੱਡ ਦਿੱਤੀ ਜਾਂ ਫਿਰ ਉਹਨਾਂ ਦੇ ਕੋਲ ਕੋਈ ਕਾਲਜ ਡਿਗਰੀ ਨਹੀਂ।**



**ਜੈਨੀਫਰ ਲਾਰੇਂਸ (ਪਹਿਲੀ ਫਿਲਮ ਦਾ ਗਾਰਡਨ ਪਾਰਟੀ (2008)**
**ਕੋਈ ਕਾਲਜ ਡਿਗਰੀ ਨਹੀਂ।**
**ਫੀਸ ਪ੍ਰਤੀ ਫਿਲਮ 354 ਕਰੋੜ ਰੁਪਏ**

ਕਦੀ ਕਾਲਜ ਨਹੀਂ ਗਈ ਜੈਨੀਫਰ ਖੁਦ ਨੂੰ ਬੇਹੱਦ ਅਨਪੜ੍ਹ ਮੰਨਦੀ ਹੈ। 14 ਸਾਲ ਦੀ ਉਮਰ ਵਿਚ ਐਕਟਿੰਗ ਵਿਚ ਕੈਰੀਅਰ ਬਣਾਉਣ ਮੈਨਹਟਨ ਪਹੁੰਚ ਗਈ। ਇੱਥੇ ਕਈ ਏਜੰਟਾਂ ਨੇ ਉਹਨਾਂ ਦੀ ਮਾਂ ਨੂੰ ਕਵਿੰਸ ਕੀਤਾ ਕਿ ਲਾਰੇਂਸ ਵਿਚ ਕਾਫੀ ਪੋਟੈਂਸ਼ੀਅਲ ਹੈ। 2016 ਵਿਚ ਉਹ ਦੁਨੀਆਂ ਦੀ ਹਾਈਐਸਟ ਪੇਡ ਅਭਿਨੇਤਰੀਆਂ ਦੀ ਲਿਸਟ ਵਿਚ ਟੌਪ ਤੇ ਰਹੀ।



**ਰਾਬਰਟ ਡਾਊਨੀ**
**ਐਕਟਿੰਗ ਦੇ ਲਈ ਛੱਡੀ ਹਾਈ ਸਕੂਲ ਦੀ ਪੜ੍ਹਾਈ**
**ਫੀਸ ਪ੍ਰਤੀ ਫਿਲਮ 545 ਕਰੋੜ**
**ਪਹਿਲੀ ਫਿਲਮ : ਪਾਊਂਡ (1970 ਵਿਚ ਬਤੌਰ ਚਾਈਲਡ ਆਰਟਿਸਟ)**

ਪ੍ਰਸਿੱਧ ਫਿਲਮਾਂ: ਦਾ ਅਵੇਜਰਸ: ਏਜ ਆਫ ਅਲਟ੍ਰਾਨ, ਆਇਰਨ ਮੈਨ 3, ਕੈਪਟਨ ਅਮੈਰਕਾ, ਸਿਵਲ ਵਾਰ।

1982 ਵਿਚ ਐਕਟਿੰਗ ਦੇ ਲਈ ਹਾਈ ਸਕੂਲ ਦੀ ਪੜ੍ਹਾਈ ਛੱਡ ਦਿੱਤੀ। ਰਾਬਰਟ ਬਹੁਤ ਹੀ ਛੋਟੀ ਉਮਰ ਵਿਚ ਡ੍ਰਗਸ ਵੀ ਲੈਣ ਲੱਗੇ ਸਨ। 2008 ਵਿਚ ਆਇਰਨ ਮੈਨ ਨੇ ਉਹਨਾਂ ਨੂੰ ਰਾਤੋ ਰਾਤ ਸੁਪਰ ਸਟਾਰਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। ਵਰਣਲਯੋਗ ਹੈ ਕਿ ਰਾਬਰਟ ਨੂੰ ਬਹੁਤ ਹੀ ਛੋਟੀ ਉਮਰ ਵਿਚ ਡ੍ਰਗਸ ਲੈਣ ਦੀ ਆਦਤ ਪੈ ਗਏ. ਸੀ, ਪਰ ਉਹਨਾਂ ਨੇ ਫਿਰ ਇਸ ਤੋਂ ਖਹਿੜਾ ਛੁਡਾ ਲਿਆ।



**ਜਾਨੀ ਡੇਪ**
**15 ਦੀ ਉਮਰ ਵਿਚ ਛੱਡੀ ਹਾਈ ਸਕੂਲ ਪੜ੍ਹਾਈ**
**ਫੀਸ 340 ਕਰੋੜ ਰੁਪਏ ਪ੍ਰਤੀ ਫਿਲਮ**
**ਪ੍ਰਸਿੱਧ ਫਿਲਮਾਂ:**
**ਪਾਈਰੇਟਸ ਆਫ ਦਾ ਕੈਰੇਬੀਅਨ**


15 ਸਾਲ ਦੀ ਉਮਰ ਵਿਚ ਹਾਈ ਸਕੂਲ ਦੀ ਪੜ੍ਹਾਈ ਛੱਡ ਦਿੱਤੀ। ਪਹਿਲਾਂ ਉਹ ਇਕ ਮਿਊਜ਼ੀਸ਼ੀਅਨ ਸਨ ਅਤੇ ਦਾ ਕਿਡਸ ਨਾਂ ਦਾ ਬੈਂਡ ਚਲਾਉਂਦੇ ਸਨ। ਬਾਅਦ ਵਿਚ ਲੋਰੀ ਐਨ ਐਲਿਸਨ ਨਾਲ ਵਿਆਹ ਕੀਤਾ, ਜਿਹਨਾਂ ਨੇ ਨਿਕੋਲਸ ਕੈਗ ਨਾਲ ਉਹਨਾਂ ਦੀ ਮੁਲਾਕਾਤ ਕਰਵਾਈ। ਨਿਕੋਲਸ ਨੇ ਉਹਨਾਂ ਨੂੰ ਐਕਟਿੰਗ ਵਿਚ ਕੈਰੀਅਰ ਬਣ-ਾਉਣ ਲਈ ਦਬਾਅ ਪਾਇਟਾ ਅਤੇ ਆਪਣੀ ਫਿਲਮ 'ਅ ਨਾਈਟਮੇਅਰ ਆਨ ਐਲਮ ਸਟ੍ਰੀਟ' ਤੋਂ ਪਲੇਟਫਾਰਮ ਦਿੱਤਾ।



**ਲਿਓਨਾਰਡੋ ਡਿਕੈਪ੍ਰਿਯੋ**
**ਤਿੰਨ ਸਾਲ ਅਟੈਂਡ ਕਰਨ ਤੋਂ ਬਾਅਦ ਛੱਡੀ ਹਾਈ ਸਕੂਲ ਦੀ ਪੜ੍ਹਾਈ**
**ਫੀਸ 524 ਕਰੋੜ ਰੁਪਏ**
**ਪਹਿਲੀ ਫਿਲਮ (ਹੌਰਰ ਮੂਵੀ, 1991)**

ਪ੍ਰਸਿੱਧ ਫਿਲਮ : ਟਾਈਟੈਨਿਕ, ਦਾ ਵੂਲਫ ਆਫ ਵਾਲ ਸਟ੍ਰੀਟ ਅਤੇ ਦਾ ਰੇਵੇਨੈਂਟ।

ਐਡਮਿਸ਼ਨ ਲੈਣ ਤੋਂ ਤਿੰਨ ਸਾਲ ਤੱਕ ਹਾਈ ਸਕੂਲ ਦੀ ਪੜ੍ਹਾਈ ਕੀਤੀ। ਉਹ ਕਦੀ ਕਾਲਜ ਨਹੀਂ ਗਏ। 1990 ਦੀ ਸ਼ੁਰੂਆਤ ਵਿਚ ਕਮਰਸ਼ੀਅਲਸ ਦੇ ਜ਼ਰੀਏ ਐਕਟਿੰਗ ਵਿਚ ਆਏ। ਪੰਜ ਵਾਰ ਐਕਟਿੰਗ ਅਤੇ ਇਕ ਵਾਰ ਪ੍ਰੋਡਕਸ਼ਨ ਦੇ ਲਈ ਨਾਮੀਨੇਟ ਹੋਏ ਲਿਓਨਾਰਡੋ ਨੇ 2016 ਵਿਚ ਫਾਈਨਲੀ ਆਸਕਰ ਐਵਾਰਡ (ਦਾ ਰੇਵੇਨੈਂਟ ਦੇ ਲਈ) ਆਪਣੇ ਨਾਂ ਕਰ ਲਿਆ।



**ਟਾਮ ਕਰੂਜ਼**
**ਐਕਟਿੰਗ ਦੇ ਲਈ ਕੀਤਾ ਕਾਲਜ ਨਾ ਜਾਣ ਦਾ ਫੈਸਲਾ**
**ਫੀਸ 272 ਕਰੋੜ ਔਸਤਨ**
**ਪਹਿਲੀ ਫਿਲਮ -ਐਂਡਲੈਸ ਲਵ (1981)**

ਪਾਪੂਲਰ ਫਿਲਮਾਂ: ਦਾ ਕਲਰ ਆਫ ਮੰਕੀ, ਕਾਕਟੇਲ, ਰੇਨ ਮੈਨ, ਇੰਟਰਵਿਊ ਵਿਦ ਦਾ ਵੈਂਪਾਇਰ, ਵਨੀਲਾ ਸਕਾਈ, ਓਬਲੀਵਿਅਨ, ਜੈਕ ਰੀਚਰ, ਐਚ. ਆਫ ਟੂਮਾਰੋ

ਟਾਮ ਹਮੇਸ਼ਾ ਤੋਂ ਐਕਟਰ ਬਣਨਾ ਚਾਹੁੰਦੇ ਹਨ। ਹਾਲਾਂਕਿ ਬਚਪਨ ਵਿਚ ਉਹਨਾਂ ਨੇ ਪਾਦਰੀ ਬਣਨ ਦਾ ਸੁਪਨਾ ਵੀ ਦੇਖਿਆ ਸੀ। ਪਰ ਹਾਈ ਸਕੂਲ ਤੱਕ ਆਉਂਦੇ-ਆਉਂਦੇ ਉਹਨਾਂ ਨੇ ਕਾਲਜ ਨਾ ਜਾਣ ਅਤੇ ਐਕਟਿੰਗ ਵਿਚ ਜਾਣ ਦਾ ਫੈਸਲਾ ਕੀਤਾ।



**ਮਾਰਕ ਵਹਲਬਰਗ**
**14 ਸਾਲ ਦੀ ਉਮਰ ਵਿਚ ਹਾਈ ਸਕੂਲ ਛੱਡਿਆ**
**ਫੀਸ 191 ਕਰੋੜ ਰੁਪਏ**
**ਪਹਿਲੀ ਫਿਲਮ : ਦਾ ਸਬਸਟਯੂਟ (1993)**

ਪਾਪੂਲਰ ਫਿਲਮਾਂ: ਪਲੇਨੇਟ ਆਫ ਐਪਸ, ਦਾ ਡਿਪਾਰਟੈਂਡ, ਇਨਵਿਜ਼ੀਬਲ ਅਤੇ ਲਾਨ ਸਰਵਾਈਵਰ

14 ਸਾਲ ਦੀ ਉਮਰ ਵਿਚ ਹਾਈ ਸਕੂਲ ਦੀ ਪੜ੍ਹਾਈ ਛੱਡ ਦਿੱਤੀ। 9 ਭਰਾਵਾਂ-ਭੈਣਾਂ ਵਿਚੋਂ ਸਭ ਤੋਂ ਛੋਟੇ ਮਾਰਕ ਗਰੀਬ ਪਰਿਵਾਰ ਨਾਲ ਸਬੰਧਤ ਸਨ। ਉਹ ਬਚਪਨ ਵਿਚ ਡ੍ਰਗਸ ਐਬਿਊਜ਼ ਅਤੇ ਵਾਇਲੈਂਸ ਦੇ ਸ਼ਿਕਾਰ ਵੀ ਹੋਏ। 1997 ਵਿਚ ਬੂਗੀ ਨਾਈਟ ਵਿਚ ਐਡਲਟ ਸਟਾਰ ਡਰਕ ਡਿਗਲਰ ਦਾ ਰੋਲ ਕਰਕੇ ਉਹ ਲਾਈਮ ਲਾਈਅ ਵਿਚ ਆ ਗਏ।



**ਮੈਟ ਡੇਮਨ**
**ਐਕਟਿੰਗ ਦੇ ਲਈ ਕਾਲਜ ਮਿਸ ਕਰਦੇ ਰਹੇ**
**ਫੀਸ 123 ਕਰੋੜ ਰੁਪਏ ਪ੍ਰਤੀ ਫਿਲਮ**
**ਪਹਿਲੀ ਫਿਲਮ : ਮਿਸਟਿਕ ਪਿਜ਼ਾ (1988)**

ਪਾਪੂਲਰ ਫਿਲਮਾਂ: ਸੇਵਿੰਗ ਪ੍ਰਾਈਵੇਟ ਰਿਆਨ, ਦਾ ਟੇਲੈਂਟਡ ਮਿਸਟਰ ਰਿਪਲੇ ਅਤੇ ਦਾ ਡਿਪਾਰਟੈਂਡ

ਮੈਟ ਨੇ ਹਾਵਰਡ ਯੂਨੀਵਰਸਿਟੀ ਵਿਚ ਐਡਮਿਸ਼ਨ ਲਈ ਸੀ। ਪਰ ਐਕਟਿੰਗ ਸਕਿਲਜ਼ ਨੂੰ ਸਮਝਣ ਦੇ ਲਈ ਉਹ ਅਕਸਰ ਕਲਾਸ ਤੋਂ ਗਾਇਬ ਰਹਿੰਦੇ ਸਨ। ਪਰ ਬਾਅਦ ਵਿਚ ਉਹਨਾਂ ਨੇ ਕਾਲਜ ਪੂਰੀ ਤਰ੍ਹਾਂ ਛੱਡ ਦਿੱਤਾ। ਉਹਨਾਂ ਦੇ ਨਾਂ ਇਕ ਆਸਕਰ ਅਤੇ ਦੋ ਗੋਲਡਨ ਗਲੋਬ ਐਵਾਰਡ ਹਨ। ਇੰਨਾ ਹੀ ਨਹੀਂ ਉਹ 6 ਵਾਰ ਅਮੇ ਐਵਾਰਡਸ ਵੀ ਜਿੱਤ ਚੁੱਕੇ ਹਨ।

**ਜੈਨੀਫਰ ਐਨਸਟਿਨ**
**ਹਾਈ ਸਕੂਲ ਤੋਂ ਬਾਅਦ ਐਕਟਿੰਗ ਵਿਚ ਆ ਗਈ**
**ਫੀਸ 112 ਕਰੋੜ ਰੁਪਏ**
**ਪਹਿਲੀ ਫਿਲਮ : 1990 ਵਿਚ ਇਕ ਟੀ. ਵੀ. ਸ਼ੋਅ ਤੋਂ**

ਪ੍ਰਸਿੱਧ ਫਿਲਮ : ਬਰੂਸ ਆਲਮਾਈਟੀ, ਦਾ ਬ੍ਰੇਕਅਪ, ਮਾਰਲੀ ਐਂਡ ਮੀ, ਹਾਰੇਬਲ ਬਾਸੇਸ

ਹਾਈ ਸਕੂਲ ਤੋਂ ਬਾਅਦ ਉਹ ਬਤੌਰ ਵੇਟ੍ਰੈਸ ਕੰਮ ਕਰਦੀ ਸੀ। ਇਸੇ ਦੌਰਾਨ ਫਿਲਮਾਂ ਅਤੇ ਟੀ. ਵੀ. ਸੀਰੀਅਲਜ਼ ਵਿਚ ਰੋਲ ਦੇ ਲਈ ਆਡੀਸ਼ਨ ਦੇਣ ਲੱਗੀ। 1994 ਵਿਚ ਟੀ. ਵੀ. ਤੇ ਉਹਨਾਂ ਨੂੰ ਵੱਡਾ ਬ੍ਰੇਕ ਮਿਲਿਆ। ਉਹਨਾਂ ਦਾ ਸ਼ੋਅ 10 ਸਾਲ ਤੱਕ ਲਗਾਤਰ ਚੱਲਿਆ ਅਤੇ ਐਨਿਸਟਨ ਵੱਡੇ ਸਟਾਰਾਂ ਦੀ ਲਿਸਟ ਵਿਚ ਸ਼ਾਮਲ ਹੋ ਗਈ। 2016 ਵਿਚ ਉਹਨਾਂ ਦੀ ਗਿਣਤੀ ਟੌਪ 30 ਹਾਈਐਸਟ ਪੇਡ ਅਭਿਨੇਤਰੀਆਂ ਵਿਚ ਹੋਈ।





**ਐਮੀ ਐਡਮਸ**
**ਹਾਈ ਸਕੂਲ ਕੀਤਾ ਪਰ ਨਹੀਂ ਗਈ ਕਾਲਜ**
**ਫੀਸ 100 ਕਰੋੜ ਰੁਪਏ ਪ੍ਰਤੀ ਫਿਲਮ**
**ਪਹਿਲੀ ਫਿਲਮ : ਡ੍ਰਾਪ ਡੈਡ ਗਾਰਜੀਅਸ (1999)**

ਪ੍ਰਸਿੱਧ ਫਿਲਮਾਂ: ਕੈਚ ਮੀ ਇਫ ਯੂ ਕੈਨ, ਜੂਨਬਗ ਆਫ ਬੈਟਮੈਨ ਵਰਸਿਜ਼ ਸੁਪਰਮੈਨ : ਡਾਨ ਆਫ ਜਸਟਿਸ

ਐਮੀ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸਟੇਜ ਸ਼ੋਅ ਤੋਂ ਕੀਤੀ ਸੀ। ਪਰ ਡੈਬਿਊ ਫਿਲਮ ਦੇ ਉਹ ਲਾਸ ਏਂਜਲਸ ਗਈ ਅਤੇ ਵੱਡੇ ਪਰਦੇ ਤੇ ਆਪਣੀ ਪਛਾਣ ਦੇ ਲਈ ਸੰਘਰਸ਼ ਕਰਨ ਲੱਗੀ।

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS


ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# UNITED SPORTS CLUB CALIFORNIA, AMERICA



Amolak Singh Gakhal
Patron
United Sports Club

## 13th World Kabaddi Cup

**17 Sep 2017, Sunday**
(9:00am-6:00pm)

James Logan High School 1800 H Street,
Union City, California 94587






Makhan Singh Bains, Chairman | Iqbal Singh Gakhal, V. Chairman | Balvir Singh Bhatia, President | Palwinder Singh Gakhal, Director | Jugraj Singh Sahota, v. President | Gurdawar Singh Maheru, G. Secratary | S. Ashok Bhaura, G. Secratary, Media Incharge | Pinki Atwal, Director | Sadhu Singh, Advisor | Narinder Singh Sahota, Treasurer



Dalvinder Singh Padda, Director | Natha Singh Gakha, Advisor | Debi Sohal Sidhwa Dona, Director | Bakhtawar Singh Gakhal, Director | Jasvir Singh Gakhal, Director | Gurpreet Singh Gakhal, Director | Giani Ravinder Singh, Director | Baljinder Singh Gakhal, Director | Gulvinder Singh Gakhal, Director | Karamjit Singh Talwandi, Director | Harjinder Ladhar, Advisor



Late. Paramjit Singh Pammi
(Kabaddi Coach)
United Sports Club
Offers flowers of devotion

### Chief Guest



Makhan Singh Dhaliwal

### Opening



Surjit Singh Tutt | Sewa Singh Randhawa

### Sponsor of 1st Prize




From Gulvinder Gakhal, Neki Atwal and Pinki Atwal of Diamond Trucking

### Sponsor of 2nd Prize

Sahota family's
Jugraj Singh Sahota &
Narinder Singh Sahota



Dedicated to Loving Memory of Father Late. S. Kashmir Singh Sahota

### Sponsor of Under-25 First Prize



sponsored byTakhar faimly in memory of late santokh s TakharApna punjab&

## Special Guest of World Kabaddi Cup



Raj Grewal, MP Canada | Pamma Deol, Sarbjit Deol | Jagir Singh, New York | Kashmir Singh Dhoot | Harjinder Khehra | Nick Gakhal | Happy Heer | Jaspreet Singh, Attorney | Malkiat Singh (Mike Boparai) | Dr. Baljinder Singh Grewal | Rana Dhillon

### Special Support Form

IKKI International Entertainment Inc. GB Entertainment, Central Velly Sports Club, Shaheed Udham Singh Sports Club Fresno, Shaheed Bhagat Singh Sports Club Fresno, Bay Area Sports Club, Santa Clara Sports Club, Miri Piri Sports Club, Golden State Sports Club, Sher E Punjab Sports Club Los Banos, Guru Gobind Singh Sports Club, Shaheed Baba Deep Singh Sports Club Sacramento, Baba Sewa Das Kabddi Club North Caroline, King Sports Club Sacramento, Punjab Sports Club Seattle, Fateh Sports Club Turlock, Gurwara San Jose Sports Club, Dashmesh Sports Club Tracy, Bhagat Singh Cricket Club.

Our Proud →

TUTT BROTHERS, JOHAN SINGH GILL, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, CHICAGO PIZZA, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR, MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON.

MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.

RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.

## Star Kabaddi Players of World Kabaddi Cup



Mangi Bagga Pind | Pala Jalalpur | Sandip Ludhar | Sukha Bhandal | Dulla Bagga Pind | Khushi Duggan | Kamal Nawan Pind | Yaad Kotli | Gurpreet



Rubi Harkhowal | Jairo | Arsh Chohla | Arshi Preetam | Gurlal Ghanaur | Sultan | Sandeep Surkhpur | Deesha Aalowal | Kevin Sandhu Rurka Kalan



Gagan Jogewal | Bana Dhaliwal | Sattu Khadoor Sahib | Hasoos | Sandeep Nangal Ambian | Mani Sandhu | Gurpreet Burj Hari | Johny Gill

**International Kabaddi Rules will be apply.**
**United Sports Club has right of last Decision**
Spectators have to reach on the time in James Logan High School

Charda Punjab Club Sacramento will Special honor to Best Stoper and Best Raider

## Kabaddi Clubs

* United Sports Club USA
* Bay area Sports Club
* Punjab Sports Club Seattle
* Baba Sewa Dass Kabaddi Club North Carolina

### SPECIAL HONOUR



Pritam Singh Samaspur
Former
kabaddi Player and
IndianTeam Captain
Will Honor with Gold Medal

### Under-25 Teams

2. Chardi Kala Sports Club Yuba City
2. Sacramento Sports Club
3. Fateh Sports Club Turluk
4. Sanjose Gurdwara Sports Club
5. Dashmesh Sports Club Tracy

Sports event is organize with support of sponsors and supports

All are invited to join this sports event

Media In charge of World Kabaddi Cup
**S. Ashok Bhaura**
Phone: 510 415 3315,
Email: ashokbhaura@gmail.com

Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont

**Commentators**
Asha Sharma, Rajwinder Randiala, Iqbal Galib, Makhan Ali, Surjit Kakrali, Jodhvir Singh